Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



Vol 20*Issue 16 | Friday, January 22, 2021 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ


# ਗਵਰਨਰ ਜਨਰਲ ਜੂਲੀ ਪੇਯੈਟ ਨੇ ਦਿੱਤਾ ਅਸਤੀਫਾ



ਟੋਰਾਂਟੋ, 21 ਜਨਵਰੀ (ਪੋਸਟ ਬਿਊਰੋ) : ਕੰਮਵਾਲੀ ਥਾਂ ਉੱਤੇ ਹਰਾਸਮੈਂਟ ਸਬੰਧੀ ਕੀਤੀ ਗਈ ਜਾਂਚ ਦੀ ਨਕਾਰਾਤਮਕ ਰਿਪੋਰਟ ਆਉਣ ਤੋਂ ਬਾਅਦ ਗਵਰਨਰ ਜਨਰਲ ਜੂਲੀ ਪੇਯੈਟ ਵੱਲੋਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਗਿਆ ਹੈ।

ਪੇਯੈਟ ਨੇ ਇੱਕ ਬਿਆਨ ਵਿੱਚ ਆਖਿਆ ਕਿ ਹਰ ਤਰ੍ਹਾਂ ਦੇ ਹਾਲਾਤ ਵਿੱਚ ਹਰ ਕਿਸੇ ਲਈ ਕੰਮ ਵਾਲੀ ਥਾਂ ਉੱਤੇ ਸਿਹਤਮੰਦ ਤੇ ਸੇਫ ਮਾਹੌਲ ਦਾ ਹੋਣਾ ਬੇਹੱਦ ਜ਼ਰੂਰੀ ਹੈ। ਇੰਜ ਲੱਗਦਾ ਹੈ ਕਿ ਗਵਰਨਰ ਜਨਰਲ ਦੇ ਸੈਕਟਰੀ ਦੇ ਆਫਿਸ ਵਿੱਚ ਅਜਿਹਾ ਨਹੀਂ ਰਿਹਾ। ਉਨ੍ਹਾਂ ਆਖਿਆ ਕਿ ਪਿਛਲੇ ਕੁੱਝ ਮਹੀਨਿਆਂ ਵਿੱਚ ਰੀਡੋ ਹਾਲ ਵਿੱਚ ਕਾਫੀ ਤਣਾਅ ਵਾਲਾ ਮਾਹੌਲ ਰਿਹਾ, ਜਿਸ ਲਈ ਉਨ੍ਹਾਂ ਮੁਆਫੀ ਵੀ ਮੰਗੀ। ਜ਼ਿਕਰਯੋਗ ਹੈ ਕਿ ਪੇਯੈਟ ਦੇ ਅਸਿਸਟੈਂਟ ਅਸੋਂਤਾ ਡੀ ਲੋਰੈਂਜ਼ੋ ਵੀ ਅਸਤੀਫਾ ਦੇਣਗੇ।

ਪੇਯੈਟ ਦਾ ਅਸਤੀਫਾ ਉਸ ਸਮੇਂ ਆਇਆ ਜਦੋਂ ਉਨ੍ਹਾਂ ਖਿਲਾਫ ਕੰਮ ਵਾਲੀ ਥਾਂ ਉੱਤੇ ਤੰਗ ਪਰੇਸ਼ਾਨ ਕੀਤੇ ਜਾਣ ਦੇ ਲੱਗੇ ਦੋਸ਼ਾਂ ਦੀ ਆਜ਼ਾਦਾਨਾ ਜਾਂਚ ਮੁਕੰਮਲ ਹੋ ਗਈ ਤੇ ਉਸ ਦੇ ਨਤੀਜੇ ਨਕਾਰਾਤਮਕ ਰਹੇ। ਪੇਯੈਟ ਨੇ ਆਪਣੇ ਬਿਆਨ ਵਿੱਚ ਆਖਿਆ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਕਿਸੇ ਵੀ ਕਿਸਮ ਦੀ ਰਸਮੀ ਸ਼ਿਕਾਇਤ ਨਹੀਂ ਕੀਤੀ ਗਈ, ਜਿਸ ਤੋਂ ਬਾਅਦ ਵਿਸਥਾਰਪੂਰਬਕ ਜਾਂਚ ਸ਼ੁਰੂ ਹੋ ਗਈ। ਉਨ੍ਹਾਂ ਆਖਿਆ ਕਿ ਇਨ੍ਹਾਂ ਦੋਸ਼ਾਂ ਨੂੰ ਉਨ੍ਹਾਂ ਵੱਲੋਂ ਅਜੇ ਵੀ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ।

ਉਨ੍ਹਾਂ ਆਖਿਆ ਕਿ ਨਾ ਸਿਰਫ ਉਨ੍ਹਾਂ ਵੱਲੋਂ ਕੰਮ ਵਾਲੀ ਥਾਂ ਦੇ ਮੁਲਾਂਕਣ ਦਾ ਸਵਾਗਤ ਕੀਤਾ ਗਿਆ ਸਗੋਂ ਵੱਡੀ ਗਿਣਤੀ ਵਿੱਚ ਆਪਦੇ ਮੁਲਾਜ਼ਮਾਂ ਨੂੰ ਉਸ ਵਿੱਚ ਹਿੱਸਾ ਲੈਣ ਲਈ ਹੱਲਾਸ਼ੇਰੀ ਵੀ ਦਿੱਤੀ ਗਈ। ਸਾਨੂੰ ਸਾਰਿਆਂ ਨੂੰ ਹਰ ਚੀਜ਼ ਦਾ ਤਜ਼ਰਬਾ ਵੱਖਰੀ ਤਰ੍ਹਾਂ ਹੁੰਦਾ ਹੈ ਪਰ ਸਾਨੂੰ ਹਮੇਸ਼ਾਂ ਬਿਹਤਰ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ ਤੇ ਇੱਕ ਦੂਜੇ ਦੀ ਸਮਝ ਵੱਲ ਤਵੱਜੋ ਦੇਣੀ ਚਾਹੀਦੀ ਹੈ। ਪੇਯੈਟ ਨੇ ਆਖਿਆ ਕਿ ਉਨ੍ਹਾਂ ਦਾ ਅਸਤੀਫਾ ਅਜਿਹੇ ਸਮੇਂ ਆਇਆ ਹੈ ਜਦੋਂ ਉਨ੍ਹਾਂ ਦੇ ਪਿਤਾ ਦੀ ਤਬੀਅਤ ਖਰਾਬ ਚੱਲ ਰਹੀ ਹੈ।

ਇੱਕ ਬਿਆਨ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਉਨ੍ਹਾਂ ਨੂੰ ਪੇਯੈਟ ਦਾ ਅਸਤੀਫਾ ਹਾਸਲ ਹੋ ਗਿਆ ਹੈ। ਟਰੂਡੋ ਨੇ ਆਪਣੇ ਬਿਆਨ ਵਿੱਚ ਆਖਿਆ ਕਿ ਕੈਨੇਡਾ ਸਰਕਾਰ ਦੇ ਹਰ ਮੁਲਾਜ਼ਮ ਨੂੰ ਸੇਫ ਤੇ ਹੈਲਦੀ ਮਾਹੌਲ ਵਿੱਚ ਕੰਮ ਕਰਨ ਦਾ ਪੂਰਾ ਹੱਕ ਹੈ ਤੇ ਅਸੀਂ ਇਸ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ। ਅੱਜ ਦੇ ਐਲਾਨ ਨਾਲ ਰੀਡੋ ਹਾਲ ਵਿੱਚ ਨਵੀਂ ਲੀਡਰਸ਼ਿਪ ਨੂੰ ਇੱਥੋਂ ਦੇ ਮੁਲਾਜ਼ਮਾਂ ਵੱਲੋਂ ਮੁਲਾਂਕਣ ਦੌਰਾਨ ਪ੍ਰਗਟਾਈਆਂ ਚਿੰਤਾਵਾਂ ਵੱਲ ਧਿਆਨ ਦੇਣ ਦਾ ਮੌਕਾ ਮਿਲੇਗਾ।

ਟਰੂਡੋ ਨੇ ਆਖਿਆ ਕਿ ਚੀਫ ਜਸਟਿਸ ਆਫ ਕੈਨੇਡਾ ਰਿਚਰਡ ਵੈਗਨਰ ਅੰਤਰਿਮ ਗਵਰਨਰ ਜਨਰਲ ਵਜੋਂ ਸੇਵਾ ਨਿਭਾਉਣਗੇ। ਉਨ੍ਹਾਂ ਆਖਿਆ ਕਿ ਨਵੇਂ ਗਵਰਨਰ ਜਨਰਲ ਲਈ ਸਿਫਾਰਿਸ਼ਾਂ ਜਲਦ ਹੀ ਕੁਈਨ ਨੂੰ ਭੇਜ ਦਿੱਤੀਆਂ ਜਾਣਗੀਆਂ। ਇਸ ਦੌਰਾਨ ਇੰਟਰਗਵਰਮੈਂਟਲ ਮਾਮਲਿਆਂ ਬਾਰੇ ਮੰਤਰੀ ਡੌਮੀਨਿਕ ਲੀਬਲਾਂਕ ਨੇ ਆਖਿਆ ਕਿ ਇਸ ਰਿਪੋਰਟ ਵਿੱਚ ਕਈ ਗੰਭੀਰ ਤੇ ਚਿੰਤਾਜਨਕ ਗੱਲਾਂ ਸਾਹਮਣੇ ਆਈਆਂ। ਜਿਸ ਤੋਂ ਬਾਅਦ ਬੀਤੀ ਸ਼ਾਮ ਗਵਰਨਰ ਜਨਰਲ ਨੇ ਅਸਤੀਫੇ ਦੀ ਪੇਸ਼ਕਸ਼ ਕੀਤੀ ਤੇ ਅੱਜ ਦੁਪਹਿਰੇ ਅਸਤੀਫਾ ਆ ਵੀ ਗਿਆ। ਉਨ੍ਹਾਂ ਆਖਿਆ ਕਿ ਰਿਪੋਰਟ ਨੂੰ ਆਉਣ ਵਾਲੇ ਕੁੱਝ ਦਿਨਾਂ ਵਿੱਚ ਜਨਤਕ ਕੀਤੇ ਜਾਣ ਦੀ ਸੰਭਾਵਨਾ ਹੈ।

ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਟਰੂਡੋ ਤੋਂ ਮੰਗ ਕੀਤੀ ਕਿ ਅਗਲਾ ਗਵਰਨਰ ਜਨਰਲ ਚੁਣੇ ਜਾਣ ਸਮੇਂ ਵਿਰੋਧੀ ਪਾਰਟੀਆਂ ਨਾਲ ਵੀ ਸਲਾਹ ਮਸ਼ਵਰਾ ਕੀਤਾ ਜਾਵੇਗਾ।

# ਫਾਈਜ਼ਰ ਵੈਕਸੀਨ ਦੀਆਂ 79 ਹਜ਼ਾਰ ਡੋਜ਼ਾਂ ਫਰਵਰੀ ਦੇ ਪਹਿਲੇ ਹਫਤੇ ਤੱਕ ਪਹੁੰਚਣ ਦੀ ਸੰਭਾਵਨਾ : ਫੋਰਟਿਨ

ਓਟਵਾ, 21 ਜਨਵਰੀ (ਪੋਸਟ ਬਿਊਰੋ) : ਫਾਈਜ਼ਰ ਵੱਲੋਂ ਕੈਨੇਡਾ ਤੇ ਹੋਰਨਾਂ ਦੇਸ਼ਾਂ ਨੂੰ ਕੋਵਿਡ-19 ਵੈਕਸੀਨ ਦੀ ਡਲਿਵਰੀ ਵਿੱਚ ਕੀਤੀ ਜਾਣ ਵਾਲੀ ਕਟੌਤੀ ਤੋਂ ਬਾਅਦ ਹੁਣ ਫਰਵਰੀ ਦੇ ਪਹਿਲੇ ਹਫਤੇ 79 ਹਜ਼ਾਰ ਡੋਜ਼ਾਂ ਮੁਹੱਈਆ ਕਰਵਾਏ ਜਾਣ ਦੀ ਉਮੀਦ ਬੰਨ੍ਹਾਈ ਗਈ ਹੈ। ਇਸ ਬਾਰੇ ਫੈਡਰਲ ਸਰਕਾਰ ਵੱਲੋਂ ਅਪਡੇਟ ਮੁਹੱਈਆ ਕਰਵਾਈ ਜਾ ਰਹੀ ਹੈ।

ਦੇਸ਼ ਦੀ ਵੈਕਸੀਨ ਵੰਡ ਦੇ ਇੰਚਾਰਜ ਮੇਜਰ ਜਨਰਲ ਡੈਨੀ ਫੋਰਟਿਨ ਦਾ ਕਹਿਣਾ ਹੈ ਕਿ ਇਸ ਹਫਤੇ ਸਾਡੀ ਖੇਪ ਵਿੱਚ ਸਿਰਫ 20 ਫੀ ਸਦੀ ਕਟੌਤੀ ਹੀ ਕੀਤੀ ਗਈ ਪਰ ਆਉਣ ਵਾਲੇ ਦਿਨਾਂ ਵਿੱਚ ਇਸ ਵਿੱਚ ਹੋਰ ਕਟੌਤੀ ਹੋਣ ਦੀ ਸੰਭਾਵਨਾ ਹੈ। ਫੋਰਟਿਨ ਨੇ ਆਖਿਆ ਕਿ ਇੱਥੇ ਸਪਸ਼ਟ ਕਰਨਾ ਬਣਦਾ ਹੈ ਕਿ ਅਗਲੇ ਹਫਤੇ ਵੈਕਸੀਨ ਦੀ ਕੋਈ ਸਪਲਾਈ ਨਹੀਂ ਆਵੇਗੀ। ਉਨ੍ਹਾਂ ਆਖਿਆ ਕਿ ਫਾਈਜ਼ਰ ਵੱਲੋਂ ਅੱਜ ਸਵੇਰੇ ਹੀ ਸਾਨੂੰ ਇਹ ਜਾਣਕਾਰੀ ਦਿੱਤੀ ਗਈ ਹੈ ਕਿ ਫਰਵਰੀ ਦੇ ਪਹਿਲੇ ਹਫਤੇ 79,000 ਡੋਜ਼ਾਂ ਸਾਨੂੰ ਮਿਲ ਜਾਣਗੀਆਂ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਦੇ ਅੜਿੱਕਿਆਂ ਦੇ ਬਾਵਜੂਦ ਫਾਈਜ਼ਰ ਸਾਨੂੰ ਇਹ ਯਕੀਨ ਦਿਵਾਉਣਾ ਚਾਹੁੰਦੀ ਹੈ ਕਿ ਉਹ ਮਾਰਚ ਦੇ ਅੰਤ ਤੱਕ ਕੈਨੇਡਾ ਨੂੰ ਚਾਰ ਮਿਲੀਅਨ ਡੋਜ਼ਾਂ ਦਾ ਕੀਤਾ ਆਪਣਾ ਵਾਅਦਾ ਪੂਰਾ ਕਰੇਗੀ।

ਫਾਈਜ਼ਰ ਦੀ ਸਪਲਾਈ ਵਿੱਚ ਅੜਿੱਕਾ ਕੰਪਨੀ ਦੀ ਯੂਰਪੀਅਨ ਫੈਸਿਲਿਟੀ ਨੂੰ ਅਪਗ੍ਰੇਡ ਕੀਤੇ ਜਾਣ ਦੀ ਕਵਾਇਦ ਕਾਰਨ ਆਇਆ ਹੈ। ਵੀਰਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਫਾਈਜ਼ਰ ਦੇ ਸੀਈਓ ਐਲਬਰਟ ਬੋਰਲਾ ਨਾਲ ਫੋਨ ਉੱਤੇ ਗੱਲ ਕੀਤੀ। ਟਰੂਡੋ ਨੂੰ ਬੋਰਲਾ ਨਾਲ ਦਬਾਅ ਵਿੱਚ ਵੀ ਗੱਲ ਕਰਨੀ ਪਈ ਕਿਉਂਕਿ ਡੋਜ਼ਾਂ ਵਿੱਚ ਹੋ ਰਹੀ ਦੇਰ ਕਾਰਨ ਪ੍ਰੋਵਿੰਸਾਂ ਨੂੰ ਵੈਕਸੀਨੇਸ਼ਨ ਅਪੁਆਇੰਟਮੈਂਟਸ ਨੂੰ ਰੱਦ ਕਰਨ ਤੇ ਸੈਕਿੰਡ ਡੋਜ਼ ਲਈ ਸਮਾਂ ਸੀਮਾਂ ਦੁਬਾਰਾ ਤੈਅ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਵੀਰਵਾਰ ਨੂੰ ਦਿਨ ਵੇਲੇ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਵੀ ਵੈਕਸੀਨ ਸਪਲਾਈ ਦੀ ਘਾਟ ਕਾਰਨ ਫਾਈਜ਼ਰ ਦੇ ਸੀਈਓ ਨਾਲ ਸਿੱਧੀ ਗੱਲ ਕੀਤੀ ਸੀ। ਇਸ ਤੋਂ ਇਲਾਵਾ ਫੋਰਡ ਨੇ ਇੱਕ ਜਨਤਕ ਪਲੀਅ ਰਾਹੀਂ ਅਮਰੀਕਾ ਦੇ ਨਵ-ਨਿਯੁਕਤ ਰਾਸ਼ਟਰਪਤੀ ਜੋਅ ਬਾਇਡਨ ਨੂੰ ਅਪੀਲ ਕੀਤੀ ਕਿ ਉਹ ਮਿਸ਼ੀਗਨ ਸਥਿਤ ਫਾਈਜ਼ਰ ਦੇ ਪਲਾਂਟ ਤੋਂ ਥੋੜ੍ਹੀ ਵੈਕਸੀਨ ਕੈਨੇਡਾ ਨਾਲ ਸਾਂਝੀ ਕਰ ਲੈਣ।

# ਆਤਮਘਾਤੀ ਧਮਾਕਿਆਂ ਨਾਲ ਕੰਬਿਆ ਬਗਦਾਦ, 6 ਹਲਾਕ



ਬਗਦਾਦ, 21 ਜਨਵਰੀ (ਪੋਸਟ ਬਿਊਰੋ) : ਵੀਰਵਾਰ ਨੂੰ ਇਰਾਕ ਦੀ ਰਾਜਧਾਨੀ ਬਗਦਾਦ ਵਿੱਚ ਦੋ ਆਤਮਘਾਤੀ ਬੰਬ ਧਮਾਕਿਆਂ ਵਿੱਚ ਘੱਟੋ ਘੱਟ ਛੇ ਵਿਅਕਤੀ ਮਾਰੇ ਗਏ ਤੇ 25 ਹੋਰ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਪੁਲਿਸ ਤੇ ਸਰਕਾਰੀ ਟੀਵੀ ਵੱਲੋਂ ਦਿੱਤੀ ਗਈ।

ਤਿੰਨ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਦੋ ਧਮਾਕਿਆਂ ਨਾਲ ਕੇਂਦਰੀ ਬਗਦਾਦ ਪੂਰੀ ਤਰ੍ਹਾਂ ਦਹਿਲ ਗਿਆ।

...ਬਾਕੀ ਪੰਨਾ 6 'ਤੇ

# ਖਾਲਸਾ ਏਡ ਨੂੰ ਨੋਬਲ ਪੀਸ ਪ੍ਰਾਈਜ਼ ਦੇਣ ਦੀ ਟਿੰਮ ਉੱਪਲ ਨੇ ਕੀਤੀ ਸਿਫਾਰਿਸ਼

ਐਡਮੰਟਨ, 21 ਜਨਵਰੀ (ਪੋਸਟ ਬਿਊਰੋ) : ਐਡਮੰਟਨ ਮਿੱਲ ਵੁੱਡਜ਼ ਤੋਂ ਮੈਂਬਰ ਪਾਰਲੀਆਮੈਂਟ ਟਿੰਮ ਉੱਪਲ ਵੱਲੋਂ ਬਰੈਂਪਟਨ ਸਾਊਥ ਤੋਂ ਐਮਪੀਪੀ ਪ੍ਰਭਮੀਤ ਸਰਕਾਰੀਆ ਤੇ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਦੇ ਸਹਿਯੋਗ ਨਾਲ ਖਾਲਸਾ ਏਡ ਨੂੰ ਨੋਬਲ ਪੀਸ ਪ੍ਰਾਈਜ਼ ਲਈ ਨੌਮੀਨੇਟ ਕੀਤਾ ਗਿਆ ਹੈ।



ਖਾਲਸਾ ਏਡ ਕੌਮਾਂਤਰੀ ਪੱਧਰ ਦੀ ਐਨਜੀਓ ਹੈ ਜਿਹੜੀ ਦੁਨੀਆਂ ਭਰ ਵਿੱਚ ਆਉਣ ਵਾਲੀਆਂ ਕੁਦਰਤੀ ਆਫਤਾਂ, ਕਿਸੇ ਵੀ ਤਰ੍ਹਾਂ ਦੇ ਸੰਘਰਸ਼ ਵਾਲੇ ਇਲਾਕਿਆਂ, ਜੰਗ ਵਾਲੀਆਂ ਥਾਂਵਾਂ ਉੱਤੇ ਮਨੁੱਖਤਾਵਾਦੀ ਮਦਦ ਪਹੁੰਚਾਉਣ ਦਾ ਕੰਮ ਕਰਦੀ ਹੈ। ਖਾਲਸਾ ਏਡ ਅਜਿਹੀ ਪਹਿਲੀ ਕੌਮਾਂਤਰੀ ਮਨੁੱਖਤਾਵਾਦੀ ਸੰਸਥਾ ਹੈ ਜਿਸ ਨੂੰ ਸਰਹੱਦਾਂ ਵੀ ਨਹੀਂ ਬੰਨ੍ਹ ਪਾਈਆਂ ਤੇ ਇਹ ਸਿੱਖੀ ਸਿਧਾਂਤ "ਮਨੁੱਖ ਦੀ ਇੱਕੋ ਜਾਤ ਹੈ," ਦੇ ਆਧਾਰ ਉੱਤੇ ਕੰਮ ਕਰਦੀ ਹੈ।

ਇਸ ਦੇ ਬਾਨੀ ਰਵਿੰਦਰ (ਰਵੀ) ਸਿੰਘ ਹਨ। ਇਹ ਚੈਰਿਟੀ ਦੁਨੀਆਂ ਭਰ ਵਿੱਚ ਕਿਤੇ ਮਰਜ਼ੀ ਕੁਦਰਤੀ ਤੇ ਮਨੁੱਖਾਂ ਵੱਲੋਂ ਸਹੇੜੀ ਤਬਾਹੀ ਜਿਵੇਂ ਕਿ ਹੜ੍ਹ, ਭੂਚਾਲ, ਸੋਕਾ ਤੇ 20-20 ਸਾਲਾਂ ਤੋਂ ਜਾਰੀ ਜੰਗ ਦੇ ਮਾਹੌਲ ਵਿੱਚ ਵੀ ਲੋਕਾਂ ਦੀ ਮਦਦ ਕਰਨ ਤੋਂ ਪਿੱਛੇ ਨਹੀਂ ਹਟਦੀ। ਇਸ ਸੰਸਥਾਂ ਵੱਲੋਂ ਕੀਤੇ ਗਏ ਕੁੱਝ ਕੰਮ ਹੇਠ ਲਿਖੇ ਅਨੁਸਾਰ ਹਨ :

- 1999 ਵਿੱਚ ਤੁਰਕੀ ਵਿੱਚ ਆਏ ਭੂਚਾਲ ਦੌਰਾਨ ਅਹਿਮ ਸਪਲਾਈ ਲੋਕਾਂ ਤੱਕ ਪਹੁੰਚਾਈ
- ਉੜੀਸਾ ਵਿੱਚ 2000 ਵਿੱਚ ਆਏ ਚੱਕ੍ਰਵਾਤ ਦੌਰਾਨ ਵਾਲੰਟੀਅਰ ਭੇਜਣ ਦੇ ਨਾਲ ਨਾਲ ਮਨੁੱਖਤਾਵਾਦੀ ਸਹਾਇਤਾ ਤੇ ਐਜੂਕੇਸ਼ਨ ਇਕਿਊਪਮੈਂਟ ਵੀ ਭੇਜੇ
- 2001 ਵਿੱਚ ਗੁਜਰਾਤ ਵਿੱਚ ਆਏ ਭੂਚਾਲ ਮੌਕੇ ਲੋਕਾਂ ਦੀ ਮਦਦ ਲਈ ਵਾਲੰਟੀਅਰਜ਼ ਦੀਆਂ ਦੋ ਟੀਮਾਂ ਭੇਜੀਆਂ
- 2002 ਵਿੱਚ ਜਵਾਲਾਮੁਖੀ ਫਟਣ ਤੇ ਹਥਿਆਰਬੰਦ ਝੜਪ ਦੌਰਾਨ ਕੌਂਗੋ ਤੇ ਰਵਾਂਡਾ ਵਿੱਚ ਰਾਤ ਪ੍ਰੋਗਰਾਮ ਲਾਂਚ ਕੀਤਾ ਤੇ 1000 ਤੋਂ ਵੀ ਵੱਧ ਲੋਕਾਂ ਤੱਕ ਮੈਡੀਕਲ ਸਪਲਾਈਜ਼ ਪਹੁੰਚਾਈਆਂ
- 2003 ਵਿੱਚ ਅਫਗਾਨਿਸਤਾਨ ਵਿੱਚ ਘੱਟ ਗਿਣਤੀਆਂ ਦੀ ਮਦਦ ਲਈ ਲੋਕਲ ਪ੍ਰਾਈਮਰੀ ਸਕੂਲ ਵਿੱਚ ਐਜੁਕੇਸ਼ਨਲ ਇਕਿਊਪਮੈਂਟ, ਪਰਸਨਲ ਕੰਪਿਊਟਰ ਤੇ ਵਿੱਤੀ ਮਦਦ ਮੁਹੱਈਆ ਕਰਵਾਈ
- 2003 ਵਿੱਚ ਸੋਮਾਲੀਆ ਵਿੱਚ ਪਿੰਡ ਦੇ ਬਜ਼ੁਰਗਾਂ ਵੱਲੋਂ ਚਿੰਤਾ ਪ੍ਰਗਟਾਏ ਜਾਣ ਤੋਂ ਬਾਅਦ ਪਾਣੀ ਦੇ ਸਰੋਤ ਦੇ ਬਦਲਵੇਂ ਪ੍ਰਬੰਧ ਕਰਵਾਏ
- 2004 ਵਿੱਚ ਆਈ ਸੁਨਾਮੀ ਤੋਂ ਬਾਅਦ ਅੰਡਮਾਨ ਟਾਪੂ ਉੱਤੇ ਲੋਕਾਂ ਲਈ ਖਾਣਾ, ਮੱਛਰਦਾਨੀਆਂ, ਮੌਸਕਿਟੋ ਰੈਪੇਲੈਂਟ ਮੁਹੱਈਆ ਕਰਵਾਉਣ ਲਈ ਵਿਸ਼ੇਸ਼ ਰਾਹਤ ਮਿਸ਼ਨ ਲਾਂਚ ਕੀਤਾ
- 2005 ਵਿੱਚ ਪਾਕਿਸਤਾਨ ਵਿੱਚ ਆਏ ਭੂਚਾਲ ਤੋਂ ਬਾਅਦ ਆਜ਼ਾਦ ਕਸ਼ਮੀਰ ਵਿੱਚ ਫਸੇ ਲੋਕਾਂ ਦੀ ਮਦਦ ਲਈ ਖਾਣਾ ਮੁਹੱਈਆ ਕਰਵਾਉਣ ਦੇ ਨਾਲ ਨਾਲ ਉਨ੍ਹਾਂ ਦੇ ਰਹਿਣ ਲਈ ਦੁਬਾਰਾ ਪ੍ਰਬੰਧ ਕਰਨ ਤੇ ਪਰਿਵਾਰਾਂ ਦੀ ਰੋਟੀ ਰੋਜ਼ੀ ਦਾ ਜੁਗਾੜ ਕਰਕੇ ਦਿੱਤਾ



...ਬਾਕੀ ਪੰਨਾ 6 'ਤੇ


Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axxel InsuranceBrokers Ltd.
1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
- Student Visa / Study Permit
- LMIA / Work permit
- Permanent Residency
- Family Sponsorship
- Nanny
- Visitor Visa
- Business Immigration
Call us for Professional, Reliable & High Quality Services
Rahul Sagar
647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH DIRECTOR Member of ICCRC Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਿਨਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
- Custom Kitchen Cabinets
- Legal Basement
- Completly Furnished
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
- Real Estate Law
- Wills & Estates
- Power of Attorney
- Affidavits Notarization & Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

# ਨਿਯਮਾਂ ਦੀ ਉਲੰਘਣ ਕਰਨ ਵਾਲੇ ਅਦਾਰਿਆਂ ਤੇ ਵਿਅਕਤੀਆਂ ਨੂੰ ਹੋ ਸਕਦਾ ਹੈ ਜੁਰਮਾਨਾ ਤੇ ਸਜ਼ਾ

ਓਨਟਾਰੀਓ, 21 ਜਨਵਰੀ (ਪੋਸਟ ਬਿਊਰੋ) : ਪ੍ਰੋਵਿੰਸ ਵੱਲੋਂ ਕੰਮ ਵਾਲੀਆਂ ਥਾਂਵਾਂ ਦੀ ਜਾਂਚ ਵਿੱਚ ਤੇਜ਼ੀ ਲਿਆਉਣ ਦਾ ਫੈਸਲਾ ਕੀਤਾ ਜਾ ਰਿਹਾ ਹੈ ਤਾਂ ਕਿ ਇਹ ਪਤਾ ਲਾਇਆ ਜਾ ਸਕੇ ਕਿ ਕੀ ਕਾਰੋਬਾਰੀ ਅਦਾਰੇ ਕੋਵਿਡ-19 ਸਬੰਧੀ ਪ੍ਰੋਟੋਕਾਲ ਦੀ ਪਾਲਣਾ ਕਰ ਰਹੇ ਹਨ ਜਾਂ ਨਹੀਂ।

ਵੀਕੈਂਡ ਉੱਤੇ ਇਸ ਸਬੰਧ ਵਿੱਚ ਮੁਹਿੰਮ ਲਾਂਚ ਕੀਤੀ ਗਈ ਤੇ ਕੋਵਿਡ-19 ਨਿਯਮਾਂ ਦੀ ਉਲੰਘਣਾਂ ਦੇ ਸਬੰਧ ਵਿੱਚ ਕੁੱਝ ਕਾਰੋਬਾਰੀ ਅਦਾਰਿਆਂ ਨੂੰ ਜੁਰਮਾਨੇ ਕੀਤੇ ਗਏ, ਇਨ੍ਹਾਂ ਵਿੱਚ ਵਾਲਮਾਰਟ ਦੀਆਂ ਪੰਜ ਤੇ ਯੌਰਕ ਰੀਜਨ ਵਿੱਚ ਸਥਿਤ ਕੌਸਕੋ ਵੀ ਸ਼ਾਮਲ ਹੈ।ਹੁਣ ਬੁੱਧਵਾਰ ਤੋਂ ਪ੍ਰੋਵਿੰਸ਼ੀਅਲ ਓਫੈਂਸਿਜ਼ ਆਫੀਸਰਜ਼ ਹੋਰਨਾਂ ਕੰਮ ਵਾਲੀਆਂ ਥਾਂਵਾਂ ਉੱਤੇ ਜਾ ਕੇ ਇਨ੍ਹਾਂ



ਨਿਯਮਾਂ ਦੀ ਜਾਂਚ ਕਰਨਗੇ।ਫੋਰਡ ਸਰਕਾਰ ਦਾ ਕਹਿਣਾ ਹੈ ਕਿ 300 ਤੋਂ ਵੀ ਵੱਧ ਅਧਿਕਾਰੀ ਪ੍ਰੋਵਿੰਸ ਭਰ ਵਿੱਚ ਅਜਿਹੀ ਜਾਂਚ ਦੇ ਕੰਮ ਨੂੰ ਨੇਪਰੇ ਚੜ੍ਹਾਉਣਗੇ। ਇਸ ਦੌਰਾਨ ਉਨ੍ਹਾਂ ਕੰਮ ਵਾਲੀਆਂ ਥਾਂਵਾਂ ਦੀ ਜਾਂਚ ਕੀਤੀ ਜਾਵੇਗੀ ਜਿਨ੍ਹਾਂ ਨੂੰ ਸ਼ਟਡਾਊਨ ਦੌਰਾਨ ਖੁੱਲ੍ਹਾ ਰੱਖਣ ਦੀ ਇਜਾਜ਼ਤ ਦਿੱਤੀ ਗਈ ਹੈ। ਇਨ੍ਹਾਂ ਵਿੱਚ ਰੀਟੇਲ ਸ਼ਾਪਜ਼, ਰੈਸਟੋਰੈਂਟਸ ਤੇ ਫਾਰਮਿੰਗ ਆਪਰੇਸ਼ਨਜ਼ ਸ਼ਾਮਲ ਹਨ।

ਫਾਰਮ ਦੀ ਕੀਤੀ ਜਾਣ ਵਾਲੀ ਜਾਂਚ ਦੌਰਾਨ ਉਨ੍ਹਾਂ ਲੋਕੇਸ਼ਨਾਂ ਉੱਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ ਜਿਹੜੇ ਟੈਂਪਰੇਰੀ ਫੌਰਨ ਵਰਕਰਜ਼ ਨੂੰ ਨੌਕਰੀ ਦਿੰਦੇ ਹਨ। ਇਹ ਜਾਂਚ ਕੀਤੀ ਜਾਵੇਗੀ ਕਿ ਉਨ੍ਹਾਂ ਵਰਕਰਜ਼ ਦੀ ਸਿਹਤ ਤੇ ਸੇਫਟੀ ਨਾਲ ਕਿਸੇ ਕਿਸਮ ਦਾ ਸਮਝੌਤਾ ਤਾਂ ਨਹੀਂ ਕੀਤਾ ਜਾ ਰਿਹਾ ਸਾਰੇ ਨਿਯਮਾਂ ਦੀ ਸਹੀ ਢੰਗ ਨਾਲ ਪਾਲਣਾ ਕੀਤੀ ਜਾ ਰਹੀ ਹੈ ਜਾਂ ਨਹੀਂ। ਜੇ ਇਨ੍ਹਾਂ ਕਾਰਪੋਰੇਸ਼ਨਾਂ ਨੂੰ ਹੁਕਮਾਂ ਦੀ ਪਾਲਣਾਂ ਨਾ ਕਰਦਾ ਪਾਇਆ ਗਿਆ ਤਾਂ ਇਨ੍ਹਾਂ ਨੂੰ 500,000 ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਇਨ੍ਹਾਂ ਤੋਂ ਇਲਾਵਾ ਨਿਯਮਾਂ ਦੀ ਉਲੰਘਣਾਂ ਕਰਨ ਵਾਲੇ ਵਿਅਕਤੀਆਂ, ਕਰਮਚਾਰੀਆਂ ਤੇ ਸਰਪ੍ਰਸਤਾਂ ਨੂੰ 100,000 ਡਾਲਰ ਤੱਕ ਦਾ ਜੁਰਮਾਨਾ ਤੇ ਇੱਕ ਸਾਲ ਦੀ ਜੇਲ੍ਹ ਜਾਂ ਦੋਵੇਂ ਹੋ ਸਕਦੇ ਹਨ।

# ਬੈਰੀ ਐਲਟੀਸੀ ਹੋਮ ਵਿੱਚ ਐਲਾਨੀ ਗਈ ਆਊਟਬ੍ਰੇਕ ਕੋਵਿਡ-19 ਵੇਰੀਐਂਟ ਮਿਲਣ ਦਾ ਖਦਸ਼ਾ

ਓਨਟਾਰੀਓ, 21 ਜਨਵਰੀ (ਪੋਸਟ ਬਿਊਰੋ) : ਬੈਰੀ ਦੇ ਲਾਂਗ ਟਰਮ ਕੇਅਰ ਹੋਮ ਵਿੱਚ ਕੋਵਿਡ-19 ਵੇਰੀਐਂਟ ਪਾਇਆ ਗਿਆ ਹੈ।

ਇਹ ਸਟਰੇਨ ਛੇ ਟੈਸਟ ਵਿੱਚ ਪਾਇਆ ਗਿਆ ਤੇ ਰੌਬਰਟਾ ਪਲੇਸ ਲੌਂਗ ਟਰਮ ਕੇਅਰ ਵਿੱਚ ਆਊਟਬ੍ਰੇਕ ਐਲਾਨ ਦਿੱਤੀ ਗਈ। ਅਜੇ ਵੀ ਸਟਰੇਨ ਦਾ ਸਹੀ ਪਤਾ ਲਾਉਣ ਲਈ ਦੂਜਾ ਟੈਸਟ ਕੀਤੇ ਜਾਣ ਦੀ ਲੋੜ ਹੈ ਪਰ ਸਿਮਕੋਅ ਮਸਕੋਕਾ ਡਿਸਟ੍ਰਿਕਟ ਹੈਲਥ ਯੂਨਿਟ ਦਾ ਕਹਿਣਾ ਹੈ ਕਿ ਮੁੱਢਲੇ ਟੈਸਟਾਂ ਤੋਂ ਪਤਾ ਲੱਗਿਆ ਹੈ ਕਿ ਇਹ ਸਟਰੇਨ ਚਿੰਤਾ ਵਾਲੀ ਗੱਲ ਹੈ।

ਇਸ ਸਬੰਧੀ ਸੈਕਿੰਡ ਟੈਸਟ ਦੇ ਨਤੀਜੇ ਅਗਲੇ ਤਿੰਨ ਜਾਂ ਚਾਰ ਦਿਨਾਂ ਵਿੱਚ ਆਉਣ ਦੀ ਉਮੀਦ ਹੈ। ਸਿਮਕੋਅ ਮਸਕੋਕਾ ਡਿਸਟ੍ਰਿਕਟ ਹੈਲਥ ਯੂਨਿਟ ਦੇ ਮੈਡੀਕਲ ਆਫੀਸਰ ਆਫ ਹੈਲਥ ਡਾ• ਚਾਰਲਸ ਗਾਰਡਨਰ ਨੇ ਆਖਿਆ ਕਿ ਇਸ



ਆਊਟਬ੍ਰੇਕ ਦਾ ਅਸਰ ਕਾਫੀ ਤ੍ਰਾਸਦਿਕ ਹੈ ਤੇ ਇਸ ਵੇਰੀਐਂਟ ਦੇ ਨਤੀਜੇ ਸਾਰਿਆਂ ਲਈ ਹੀ ਚਿੰਤਾ ਦਾ ਕਾਰਨ ਹਨ। ਸੱਭ ਤੋਂ ਪਹਿਲਾਂ 8 ਜਨਵਰੀ ਨੂੰ ਰੌਬਰਟਾ ਪਲੇਸ ਵਿੱਚ ਆਊਟਬ੍ਰੇਕ ਐਲਾਨੀ ਗਈ ਫਿਰ 16 ਜਨਵਰੀ ਨੂੰ ਗਾਰਡਨਰ ਨੇ ਹਾਲਾਤ ਉੱਤੇ ਕਾਬੂ ਪਾਉਣ ਲਈ ਫੈਸਿਲਿਟੀ ਦੀ ਲੀਡਰਸ਼ਿਪ ਓਰਿਲਾ ਸੋਲਜਰਜ਼ ਮੈਮੋਰੀਅਲ ਹੌਸਪਿਟਲ (ਓਐਸਐਮਐਚ) ਨੂੰ ਸੌਂਪ ਦਿੱਤੀ।

ਓਐਸਐਮਐਚ ਦੇ ਪ੍ਰੈਜ਼ੀਡੈਂਟ ਤੇ ਸੀਈਓ ਕੈਰਮਾਈਨ ਸਟੰਪੋ ਨੇ ਆਖਿਆ ਕਿ ਅੱਜ ਵਾਲੀ ਖਬਰ ਤੋਂ ਅਸੀਂ ਕਾਫੀ ਉਦਾਸ ਤੇ ਪਰੇਸ਼ਾਨ ਹਾਂ ਤੇ ਉਨ੍ਹਾਂ ਸਾਰੇ ਪੀੜਤਾਂ ਨੂੰ ਦਿਲਾਸਾ ਵੀ ਦਿੱਤਾ। ਇੱਕ ਮੋਬਾਈਲ ਵੈਕਸੀਨੇਸ਼ਨ ਕਲੀਨਿਕ ਨੂੰ ਵੀਕੈਂਡ ਉੱਤੇ ਹੋਮ ਸੱਦ ਕੇ 71 ਰੈਜ਼ੀਡੈਂਟਸ ਨੂੰ ਕੋਵਿਡ-19 ਵੈਕਸੀਨ ਦੀ ਪਹਿਲੀ ਡੋਜ਼ ਦਿੱਤੀ ਜਾ ਚੁੱਕੀ ਹੈ।ਇਸ ਸਮੇਂ ਚੱਲ ਰਹੀ ਆਊਟਬ੍ਰੇਕ ਨੂੰ ਰੋਕਣ ਲਈ ਕੈਨੇਡੀਅਨ ਰੈੱਡ ਕਰੌਸ ਨੂੰ ਹੋਮ ਵਿੱਚ ਤਾਇਨਾਤ ਕੀਤਾ ਗਿਆ ਹੈ।

ਇਸ ਫੈਸਿਲਿਟੀ ਵਿੱਚ 122 ਰੈਜ਼ੀਡੈਂਟਸ ਹਨ ਤੇ ਐਤਵਾਰ ਤੱਕ 62 ਰੈਜ਼ੀਡੈਂਟਸ ਤੇ 43 ਸਟਾਫ ਮੈਂਬਰ ਕੋਵਿਡ-19 ਪਾਜ਼ੀਟਿਵ ਪਾਏ ਜਾ ਚੁੱਕੇ ਹਨ। ਵਾਇਰਸ ਕਾਰਨ ਹੋਮ ਦੇ ਨੌਂ ਰੈਜ਼ੀਡੈਂਟਸ ਦੀ ਮੌਤ ਵੀ ਹੋ ਚੁੱਕੀ ਹੈ।

# ਨੌਰਥ ਯੌਰਕ ਵਿੱਚ ਚੱਲੀ ਗੋਲੀ, ਦੋ ਘਰਾਂ ਤੇ ਗੱਡੀਆਂ ਨੂੰ ਹੋਇਆ ਨੁਕਸਾਨ



ਟੋਰਾਂਟੋ, 21 ਜਨਵਰੀ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਚੱਲੀ ਗੋਲੀ ਦੇ ਮਾਮਲੇ ਦੀ ਟੋਰਾਂਟੋ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਬੁੱਧਵਾਰ ਸ਼ਾਮ ਨੂੰ ਰਾਤੀਂ 8:00 ਵਜੇ ਜੇਨ ਸਟਰੀਟ ਤੇ ਗ੍ਰੈਂਡਰਾਵੀਨ ਡਰਾਈਵ ਇਲਾਕੇ ਵਿੱਚ ਕਈ ਗੋਲੀਆਂ ਚੱਲਣ ਦੀ ਆਵਾਜ਼ ਸੁਣਨ ਬਾਰੇ ਲੋਕਾਂ ਨੇ ਰਿਪੋਰਟ ਕੀਤੀ ਸੀ। ਮੌਕੇ ਉੱਤੇ ਪਹੁੰਚਣ ਉੱਤੇ ਪੁਲਿਸ ਅਧਿਕਾਰੀਆਂ ਨੇ ਦੋ ਗੱਡੀਆਂ ਤੇ ਇੱਕ ਘਰ ਨੂੰ ਇਨ੍ਹਾਂ ਗੋਲੀਆਂ ਕਾਰਨ ਨੁਕਸਾਨ ਪਹੁੰਚਣ ਦੀ ਪੁਸ਼ਟੀ ਕੀਤੀ। ਕਿਸੇ ਦੇ ਵੀ ਇਸ ਮਾਮਲੇ ਵਿੱਚ ਜ਼ਖ਼ਮੀ ਹੋਣ ਦੀ ਰਿਪੋਰਟ ਨਹੀਂ ਹੈ।

ਪੁਲਿਸ ਦਾ ਮੰਨਣਾ ਹੈ ਕਿ ਇਸ ਮਾਮਲੇ ਵਿੱਚ ਕਈ ਸ਼ੂਟਰ ਸ਼ਾਮਲ ਹਨ ਪਰ ਅਜੇ ਤੱਕ ਕਿਸੇ ਵੀ ਮਸ਼ਕੂਕ ਦਾ ਵੇਰਵਾ ਪੁਲਿਸ ਵੱਲੋਂ ਜਾਰੀ ਨਹੀਂ ਕੀਤਾ ਗਿਆ।

# ਮਹਿਲਾ ਉੱਤੇ ਚਾਕੂ ਨਾਲ ਕੀਤਾ ਗਿਆ ਹਮਲਾ

## 2 ਮਸ਼ਕੂਕਾਂ ਦੀ ਪੁਲਿਸ ਕਰ ਰਹੀ ਹੈ ਭਾਲ



ਟੋਰਾਂਟੋ, 21 ਜਨਵਰੀ (ਪੋਸਟ ਬਿਊਰੋ) : ਸੋਮਵਾਰ ਰਾਤ ਨੂੰ ਇਟੋਬੀਕੋ ਵਿੱਚ ਇੱਕ ਮਹਿਲਾ ਉੱਤੇ ਚਾਕੂ ਨਾਲ ਵਾਰ ਕਰਨ ਵਾਲੇ ਦੋ ਮਸ਼ਕੂਕਾਂ ਦੀ ਪੁਲਿਸ ਭਾਲ ਕਰ ਰਹੀ ਹੈ। ਟੋਰਾਂਟੋ ਪੁਲਿਸ ਵੱਲੋਂ ਇਨ੍ਹਾਂ ਮਸ਼ਕੂਕਾਂ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਗਈਆਂ ਹਨ।

ਪੁਲਿਸ ਨੇ ਦੱਸਿਆ ਕਿ ਰਾਤੀਂ 10:15 ਵਜੇ ਇੱਕ ਮਹਿਲਾ ਆਪਣੀ ਗੱਡੀ ਦੇ ਪਿਛਲੇ ਪਾਸੇ ਵੱਲ ਖੜ੍ਹੀ ਸੀ ਜਦੋਂ ਉਸ ਨੂੰ ਪੈਰਾਂ ਦੀ ਆਵਾਜ਼ ਆਪਣੇ ਨੇੜੇ ਆਉਂਦੀ ਮਹਿਸੂਸ ਹੋਈ।ਜਦੋਂ ਉਸ ਨੇ ਪਿੱਛੇ ਵੱਲ ਮੁੜ ਕੇ ਵੇਖਿਆ ਤਾਂ ਉੱਥੇ ਦੋ ਅਣਪਛਾਤੇ ਵਿਅਕਤੀ ਖੜ੍ਹੇ ਸਨ ਜਿਨ੍ਹਾਂ ਨੇ ਉਸ ਉੱਤੇ ਚਾਕੂ ਨਾਲ ਹਮਲਾ ਕਰ ਦਿੱਤਾ। ਇਨ੍ਹਾਂ ਵਿਅਕਤੀਆਂ ਵੱਲੋਂ ਇਸ ਮਹਿਲਾ ਉੱਤੇ ਹਮਲਾ ਕਿਉਂ ਕੀਤਾ ਗਿਆ ਇਸ ਦਾ ਮੰਤਵ ਅਜੇ ਤੱਕ ਪਤਾ ਨਹੀਂ ਲੱਗ ਸਕਿਆ। ਨਾ ਹੀ ਮਹਿਲਾ ਦੇ ਜ਼ਖ਼ਮਾਂ ਦੀ ਗਹਿਰਾਈ ਦਾ ਹੀ ਪਤਾ ਲੱਗ ਸਕਿਆ ਹੈ।

ਮਸ਼ਕੂਕ ਪੰਜ ਫੁੱਟ ਨੌਂ ਇੰਚ ਦੇ ਨੇੜੇ ਤੇੜੇ ਲੰਮੇਂ, ਗੂੜ੍ਹੇ ਕੰਪਲੈਕਸ਼ਨ ਵਾਲੇ ਦੱਸੇ ਜਾ ਰਹੇ ਹਨ। ਉਨ੍ਹਾਂ ਨੇ ਹੁਡੀਜ਼ ਤੇ ਫੇਸ ਮਾਸਕ ਪਾਏ ਹੋਏ ਸਨ।

# ਇੰਡਸਟਰੀਅਲ ਹਾਦਸੇ ਵਿੱਚ ਇੱਕ ਵਿਅਕਤੀ ਦੀ ਹੋਈ ਮੌਤ

ਮਿਸੀਸਾਗਾ, 21 ਜਨਵਰੀ (ਪੋਸਟ ਬਿਊਰੋ) : ਪੀਲ ਪੁਲਿਸ ਦਾ ਕਹਿਣਾ ਹੈ ਕਿ ਮਿਸੀਸਾਗਾ ਵਿੱਚ ਹੋਏ ਇੱਕ ਇੰਡਸਟਰੀਅਲ ਹਾਦਸੇ ਵਿੱਚ ਇੱਕ ਵਿਅਕਤੀ, ਜੋ ਕਿ ਆਪਣੇ 30ਵਿਆਂ ਵਿੱਚ ਸੀ, ਦੀ ਮੌਤ ਹੋ ਗਈ।

ਇਹ ਹਾਦਸਾ ਬਲੂਅਰ ਸਟਰੀਟ ਦੇ ਉੱਤਰ ਵੱਲ ਕਵਾਰਥਾ ਵਿੱਚ ਸ਼ਾਮੀਂ 6:00 ਵਜੇ ਵਾਪਰਿਆ।ਪੁਲਿਸ ਨੇ ਦੱਸਿਆ ਕਿ ਹਾਦਸਾ ਉਸਾਰੀ ਅਧੀਨ ਸਾਈਟ ਵਿਖੇ ਅੰਡਰਗ੍ਰਾਊਂਡ ਟਨਲ ਵਿੱਚ ਵਾਪਰਿਆ। ਇਸ ਵਿਅਕਤੀ ਨੂੰ ਸਾਈਟ ਤੋਂ ਤਾਂ ਬਾਹਰ ਕੱਢ ਲਿਆ ਗਿਆ ਪਰ ਮੌਕੇ ਉੱਤੇ ਪਹੁੰਚੇ ਪੈਰਾਮੈਡਿਕਸ ਵੱਲੋਂ ਉਸ ਨੂੰ ਮੌਕੇ ਉੱਤੇ




ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਤਿੰਨ ਹੋਰ ਵਿਅਕਤੀ ਹਾਦਸੇ ਤੋਂ ਬਾਅਦ ਟਨਲ ਤੋਂ ਬਾਹਰ ਨਿਕਲੇ ਪਰ ਉਨ੍ਹਾਂ ਵਿੱਚੋਂ ਕੋਈ ਵੀ ਜ਼ਖ਼ਮੀ ਨਹੀਂ ਹੋਇਆ। ਲੇਬਰ ਮੰਤਰਾਲੇ ਤੋਂ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਗਈ ਹੈ।

# ਜਿਸ ਟਰੇਨ ਤੋਂ 'ਨੇਤਾ ਜੀ' ਸੁਭਾਸ਼ ਗੁੰਮ ਹੋਏ, ਉਸ ਦਾ ਨਾਂਅ 'ਨੇਤਾ ਜੀ ਐਕਸਪ੍ਰੈਸ' ਰੱਖਿਆ ਗਿਆ

ਕਾਲਕਾ, 21 ਜਨਵਰੀ (ਪੋਸਟ ਬਿਊਰੋ)- ਭਾਰਤੀ ਰੇਲਵੇ ਨੇ ਨੇਤਾਜੀ ਸੁਭਾਸ਼ ਚੰਦਰ ਬੋਸ ਦੀ 125ਵੀਂ ਜਯੰਤੀ ਮੌਕੇ ਐਲਾਨ ਕੀਤਾ ਹੈ ਕਿਅੱਗੇ ਤੋਂ ਹਾਵੜਾ-ਕਾਲਕਾ ਮੇਲ ਦਾ ਨਾਂਅ 'ਨੇਤਾਜੀ ਐਕਸਪ੍ਰੈਸ' ਹੋਵੇਗਾ।

ਡਿਪਟੀ ਡਾਇਰੈਕਟਰ ਕੋਚਿੰਗ ਰਾਜੇਸ਼ ਕੁਮਾਰ ਨੇ ਇਸ ਟਰੇਨ ਦਾ ਨਾਂਅ ਬਦਲਣ ਸਬੰਧੀ ਹੁਕਮ ਸਾਰੇ ਸਟੇਸ਼ਨਾਂ ਨੂੰ ਜਾਰੀ ਕਰ ਦਿੱਤਾ ਹੈ। ਭਾਰਤੀ ਰੇਲ ਦੀਆਂ ਸਭ ਤੋਂ ਪੁਰਾਣੀਆਂ ਟਰੇਨਾਂ ਵਿੱਚੋਂਹਾਵੜਾ-ਕਾਲਕਾ ਮੇਲ ਜਨਵਰੀ 1866 ਨੂੰ ਪਹਿਲੀ ਵਾਰ ਚੱਲੀ ਸੀ।ਓਦੋਂ ਇਸ ਦਾ ਨਾਂਅ 63 ਅਪ ਹਾਵੜਾ ਪੇਸ਼ਾਵਰ ਐਕਸਪ੍ਰੈਸ ਹੁੰਦਾ ਸੀ। 18 ਜਨਵਰੀ 1941 ਨੂੰ ਅੰਗਰੇਜ਼ ਦੀ ਪੁਲਸ ਨੂੰ ਚਕਮਾ ਦੇ ਕੇ ਨੇਤਾ ਜੀ ਸੁਭਾਸ਼ ਚੰਦਰ ਬੋਸ ਇਸੇ ਟਰੇਨ 'ਤੇ ਧਨਬਾਦ ਜ਼ਿਲ੍ਹੇ ਦੇ ਗੋਮੋ ਜੰਕਸ਼ਨ ਤੋਂ ਸਵਾਰ ਹੋਏ ਸਨ। ਨੇਤਾਜੀ ਦੀਆਂ ਯਾਦਾਂ ਨਾਲ ਜੁੜੀ ਹੋਣ ਦੇ ਕਾਰਨ ਹੀ ਰੇਲਵੇ ਨੇ ਕਾਲਕਾ ਮੇਲ ਦਾ ਨਾਮਕਰਣ ਨੇਤਾਜੀ ਐਕਸਪ੍ਰੈਸ ਕਰ ਦਿੱਤਾ ਹੈ। 02311 ਅਪ ਅਤੇ 02312 ਡਾਊਨ ਨੰਬਰ 'ਤੇ ਚੱਲ ਰਹੀਇਹ ਟਰੇਨ ਆਪਣੇ ਪੁਰਾਣੇ ਨੰਬਰ 12311 ਅਪ ਅਤੇ 12312 ਡਾਊਨ ਮੁਤਾਬਕ ਨੇਤਾਜੀ ਐਕਸਪ੍ਰੈਸ ਬਣ ਕੇ ਚੱਲੇਗੀ। ਇਸ ਤੋਂ ਪਹਿਲਾਂ ਤਤਕਾਲੀ ਰੇਲ ਮੰਤਰੀ ਲਾਲੂ ਪ੍ਰਸਾਦ ਯਾਦਵ ਨੇ ਵੀ 23 ਜਨਵਰੀ 2009 ਨੂੰ ਧਨਬਾਦ ਜ਼ਿਲ੍ਹੇ ਦੇ ਗੋਮੋ ਜੰਕਸ਼ਨ ਦਾ ਨਾਮਕਰਣ ਨੇਤਾਜੀ ਸੁਭਾਸ਼ ਚੰਦਰ ਬੋਸ ਜੰਕਸ਼ਨ ਗੋਮੋ ਕੀਤਾ ਸੀ।



# ਜੋਅ ਬਾਇਡਨ ਨੇ ਅਮਰੀਕਾ ਦੇ 46ਵੇਂ ਰਾਸ਼ਟਰਪਤੀ ਵਜੋਂ ਸੰਹੁ ਚੁੱਕੀ





ਵਾਸ਼ਿੰਗਟਨ, 21 ਜਨਵਰੀ (ਪੋਸਟ ਬਿਊਰੋ) : ਜੋਅ ਬਾਇਡਨ ਨੇ ਅੱਜ ਅਮਰੀਕਾ ਦੇ 46ਵੇਂ ਰਾਸ਼ਟਰਪਤੀ ਵਜੋਂ ਸੰਹੁ ਚੁੱਕੀ। ਬਾਇਡਨ ਅਜਿਹੇ ਮੌਕੇ ਰਾਸ਼ਟਰਪਤੀ ਬਣੇ ਹਨ ਜਦੋਂ ਦੇਸ਼ ਬੁਰੀ ਤਰ੍ਹਾਂ ਵੰਡਿਆਂ ਹੋਇਆ ਹੈ ਤੇ ਦੂਜੇ ਪਾਸੇ ਮਹਾਂਮਾਰੀ ਕਾਰਨ ਬੁਰੀ ਤਰ੍ਹਾਂ ਝੰਬਿਆ ਜਾ ਚੁੱਕਿਆ ਹੈ।

ਸੰਹੁ ਚੁੱਕਦੇ ਸਮੇਂ ਬਾਇਡਨ ਨੇ ਆਖਿਆ ਕਿ ਇਹ ਅਮਰੀਕਾ ਦਾ ਦਿਨ ਹੈ। ਇਹ ਜਮਹੂਰੀਅਤ ਦਾ ਦਿਨ ਹੈ। ਅੱਜ ਅਸੀਂ ਕਿਸੇ ਉਮੀਦਵਾਰ ਦੀ ਜਿੱਤ ਦੇ ਨਹੀਂ ਸਗੋਂ ਕਾਰਨ ਦੀ ਜਿੱਤ ਦੇ ਜਸ਼ਨ ਮਨਾਂਵਾਂਗੇ। ਉਨ੍ਹਾਂ ਆਖਿਆ ਕਿ ਉਨ੍ਹਾਂ ਦੇ ਸੰਹੁ ਚੁੱਕਣ ਦੇ ਇਸ ਦਿਨ ਨੂੰ ਇਤਿਹਾਸ ਤੇ ਆਸ ਵਜੋਂ ਵੇਖਿਆ ਜਾਵੇਗਾ। ਆਪਣੇ ਉਦਘਾਟਨੀ ਸੰਬੋਧਨ ਵਿੱਚ ਬਾਇਡਨ ਨੇ ਆਖਿਆ ਕਿ ਦੇਸ਼ ਨੇ ਇੱਕ ਵਾਰੀ ਮੁੜ ਇਹ ਸਿੱਖ ਲਿਆ ਹੈ ਕਿ ਜਮਹੂਰੀਅਤ ਕੀਮਤੀ ਹੈ।

ਬਾਇਡਨ ਨੇ ਦੋਵਾਂ ਪਾਰਟੀਆਂ ਦੇ ਆਪਣੇ ਪੁਰਾਣੇ ਆਗੂਆਂ ਵੱਲੋਂ ਇਨ੍ਹਾਂ ਜਸ਼ਨਾਂ ਦਾ ਹਿੱਸਾ ਬਣਨ ਉੱਤੇ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਾਬਕਾ ਵਾਈਸ ਪ੍ਰੈਜ਼ੀਡੈਂਟ ਮਾਈਕ ਪੈਂਸ ਤਾਂ ਹਾਜ਼ਰ ਹੋਏ ਪਰ ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ ਸਵੇਰ ਸਮੇਂ ਹੀ ਫਲੋਰਿਡਾ ਰਵਾਨਾ ਹੋ ਗਏ। ਆਪਣੇ ਪਹਿਲੇ ਦਿਨ ਬਾਇਡਨ ਕਈ ਤਰ੍ਹਾਂ ਦੇ ਐਗਜ਼ੈਕਟਿਵ ਐਕਸ਼ਨ ਲੈਣਗੇ, ਜਿਨ੍ਹਾਂ ਵਿੱਚ ਮਹਾਂਮਾਰੀ, ਕਲਾਈਮੇਟ, ਇਮੀਗ੍ਰੇਸ਼ਨ ਤੇ ਹੋਰ ਕਾਫੀ ਕੁੱਝ ਸ਼ਾਮਲ ਹੈ।

ਉਨ੍ਹਾਂ ਅੱਗੇ ਆਖਿਆ ਕਿ ਉਹ ਜਾਣਦੇ ਹਨ ਕਿ ਜਿਹੜੀਆਂ ਤਾਕਤਾਂ ਵੱਲੋਂ ਸਾਡੇ ਵਿੱਚ ਵੰਡੀਆਂ ਪਾਈਆ ਗਈਆਂ ਹਨ ਉਹ ਡੂੰਘੀਆ ਤੇ ਅਸਲ ਹਨ। ਪਰ ਅਸੀਂ ਇਹ ਵੀ ਜਾਣਦੇ ਹਾਂ ਕਿ ਇਹ ਨਵੀਂ ਨਹੀਂ ਹੈ। ਸਾਡੇ ਲਈ ਇਹ ਸੰਕਟ ਤੇ ਚੁਣੌਤੀਆਂ ਦਾ ਇਤਿਹਾਸਕ ਪਲ ਹੈ ਤੇ ਆਉਣ ਵਾਲੇ ਸਮੇਂ ਵੱਲ ਅਸੀਂ ਸਾਰਿਆਂ ਨੇ ਇੱਕਜੁੱਟ ਹੋ ਕੇ ਚੱਲਣਾ ਹੈ ਤੇ ਅਸੀਂ ਯੂਨਾਈਟਿਡ ਸਟੇਟਸ ਆਫ ਅਮਰੀਕਾ ਦੇ ਨਾਂ ਨੂੰ ਸਾਰਥਕ ਕਰਨਾ ਹੈ।

ਬਾਇਡਨ ਨੇ 78 ਸਾਲ ਦੀ ਉਮਰ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਸੰਹੁ ਚੁੱਕੀ ਹੈ ਤੇ ਅਜਿਹਾ ਕਰਨ ਵਾਲੇ ਉਹ ਦੇਸ਼ ਦੇ ਸੱਭ ਤੋਂ ਉਮਰਦਰਾਜ਼ ਆਗੂ ਬਣ ਗਏ ਹਨ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬਾਇਡਨ ਦੇ ਸੰਹੁ ਚੁੱਕਣ ਤੋਂ ਕੁੱਝ ਸਮੇਂ ਬਾਅਦ ਹੀ ਇਹ ਬਿਆਨ ਜਾਰੀ ਕੀਤਾ ਕਿ ਉਹ ਬਾਇਡਨ ਨਾਲ ਕੰਮ ਕਰਨ ਲਈ ਪੱਬਾਂ ਭਾਰ ਹਨ।

## ਕੰਜ਼ਰਵੇਟਿਵ ਪਾਰਟੀ ਵਿਚ ਸੱਜੇ ਪੱਖੀ ਸੋਚ ਰੱਖਣ ਵਾਲਿਆਂ ਲਈ ਕੋਈ ਥਾਂ ਨਹੀਂ : ਓਟੂਲ



ਓਟਵਾ, 21 ਜਨਵਰੀ (ਪੋਸਟ ਬਿਊਰੋ) : ਫੈਡਰਲ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਆਪਣੀ ਪਾਰਟੀ ਨੂੰ ਟਰੰਪ ਵਰਗੀ ਸਿਆਸਤ ਨਾਲ ਜੋੜੇ ਜਾਣ ਦੀਆਂ ਕੋਸ਼ਿਸ਼ਾਂ ਨੂੰ ਨਕਾਰਦਿਆਂ ਆਖਿਆ ਕਿ ਸਾਡੀ ਪਾਰਟੀ ਵਿੱਚ ਸੱਜੇ ਪੱਖੀਆਂ ਲਈ ਕੋਈ ਥਾਂ ਨਹੀਂ। ਇਸ ਦੇ ਨਾਲ ਹੀ ਉਨ੍ਹਾਂ ਲਿਬਰਲਾਂ ਉੱਤੇ ਪਾਰਟੀ ਵਿੱਚ ਵੰਡੀਆਂ ਪਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਵੀ ਲਾਇਆ।

ਐਤਵਾਰ ਨੂੰ ਜਾਰੀ ਕੀਤੇ ਇੱਕ ਬਿਆਨ ਵਿੱਚ ਓਟੂਲ ਨੇ ਗਰਭਪਾਤ, ਗੇਅ ਰਾਈਟਸ ਤੇ ਇੰਡੀਜੀਨਸ ਲੋਕਾ ਨਾਲ ਸੁਲ੍ਹਾ ਵਰਗੇ ਮੁੱਦਿਆਂ ਉੱਤੇ ਆਪਣੇ ਵਿਚਾਰਾਂ ਨੂੰ ਸਪਸ਼ਟ ਕੀਤਾ ਤੇ ਆਖਿਆ ਕਿ ਉਨ੍ਹਾਂ ਦੀ ਪਾਰਟੀ ਵਿੱਚ ਸੱਜੇ ਪੱਖੀ ਇੰਤਹਾਪਸੰਦਾ ਤੇ ਨਸਲੀ ਪੱਧਰ ਉੱਤੇ ਦੂਜਿਆਂ ਨਾਲ ਨਫਰਤ ਕਰਨ ਵਾਲਿਆਂ ਲਈ ਕੋਈ ਥਾਂ ਨਹੀਂ ਹੈ। ਓਟੂਲ ਨੇ ਆਖਿਆ ਕਿ ਕੰਜ਼ਰਵੇਟਿਵ ਪਾਰਟੀ ਬਹੁਤ ਹੀ ਨਰਮ ਖਿਆਲਾਂ ਵਾਲੀ,ਵਿਵਹਾਰਕ ਤੇ ਮੁੱਖ ਧਾਰਾ ਨਾਲ ਜੁੜੀ ਹੋਈ ਪਾਰਟੀ ਹੈ ਤੇ ਜਿਸ ਦੀ ਕੈਨੇਡੀਅਨ ਸਿਆਸਤ ਵਿੱਚ ਅਹਿਮ ਥਾਂ ਹੈ।

ਉਨ੍ਹਾਂ ਆਖਿਆ ਕਿ ਉਨ੍ਹਾਂ ਦਾ ਸਾਰਾ ਧਿਆਨ ਇਸ ਵੇਲੇ ਕੈਨੇਡਾ ਦੇ ਅਰਥਚਾਰੇ ਨੂੰ ਜਲਦ ਤੋਂ ਜਲਦ ਲੀਹ ਉੱਤੇ ਲਿਆਉਣ ਵੱਲ ਤੇ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਵੱਲ ਲੱਗਿਆ ਹੋਇਆ ਹੈ। ਉਹ ਕੇਨੇਡੀਅਨਾਂ ਦੇ ਭਵਿੱਖ ਨੂੰ ਹੋਰ ਸਕਿਓਰ ਕਰਨਾ ਚਾਹੁੰਦੇ ਹਨ। ਸਾਡੀ ਪਾਰਟੀ ਵਿੱਚ ਸੱਜੇ ਪੱਖੀ ਸੋਚ ਵਾਲਿਆਂ ਲਈ ਕੋਈ ਥਾਂ ਨਹੀਂ।

ਇੱਥੇ ਦੱਸਣਾ ਬਣਦਾ ਹੈ ਕਿ ਪਿਛਲੇ ਹਫਤੇ ਲਿਬਰਲ ਪਾਰਟੀ ਵੱਲੋਂ ਆਪਣੇ ਮੈਂਬਰਾਂ ਨੂੰ ਭੇਜੇ ਗਏ ਫੰਡਰੇਜ਼ਿੰਗ ਲੈਟਰ ਵਿੱਚ ਇਹ ਦੋਸ਼ ਲਾਇਆ ਗਿਆ ਸੀ ਕਿ ਓਟੂਲ ਦੀ ਅਗਵਾਈ ਵਿੱਚ ਕੰਜ਼ਰਵੇਟਿਵ ਵੰਡੀਆਂ ਪਾਉਣ ਵਾਲੀ ਸਿਆਸਤ ਨੂੰ ਹਵਾ ਦੇ ਰਹੇ ਹਨ ਤੇ ਸੱਜੇ ਪੱਖੀ ਸੋਚ ਰੱਖਣ ਵਾਲਿਆਂ ਨੂੰ ਸ਼ਹਿ ਦੇ ਰਹੇ ਹਨ। ਇਸ ਦੇ ਜਵਾਬ ਵਿੱਚ ਹੀ ਓਟੂਲ ਦਾ ਇਹ ਬਿਆਨ ਆਇਆ।

## ਬਾਇਡਨ ਨੇ ਕੀਅਸਟੋਨ ਐਕਸਐਲ ਦੇ ਪਰਮਿਟ ਨੂੰ ਕੀਤਾ ਰੱਦ ਕੈਨੇਡਾ ਦੇ ਤੇਲ ਸੈਕਟਰ ਨੂੰ ਲੱਗਿਆ ਵੱਡਾ ਝਟਕਾ




ਕੈਲਗਰੀ, 21 ਜਨਵਰੀ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਬੁੱਧਵਾਰ ਨੂੰ ਰਸਮੀ ਤੌਰ ਉੱਤੇ ਕੀਅਸਟੋਨ ਐਕਸਐਲ ਪਾਈਪਲਾਈਨ ਦੇ ਨਿਰਮਾਣ ਲਈ ਲੋੜੀਂਦੇ ਪਰਮਿਟ ਨੂੰ ਰੱਦ ਕਰ ਦਿੱਤਾ। ਇਸ ਨਾਲ ਲੰਮੇਂ ਸਮੇਂ ਤੋਂ ਸੰਘਰਸ਼ ਕਰ ਰਹੇ ਕੈਨੇਡਾ ਦੇ ਕੱਚੇ ਤੇਲ ਦੇ ਸੈਕਟਰ ਨੂੰ ਵੱਡੀ ਢਾਹ ਲੱਗੀ ਹੈ। ਕੈਨੇਡਾ ਇਸ 8 ਬਿਲੀਅਨ ਡਾਲਰ ਦੇ ਪ੍ਰੋਜੈਕਟ ਉੱਤੇ ਕਾਫੀ ਸਮੇਂ ਤੋਂ ਟੇਕ ਲਾਈ ਬੈਠਾ ਹੈ। ਇਸ ਫੈਸਲੇ ਨਾਲ ਕੈਨੇਡਾ ਦੀ ਐਨਰਜੀ ਇੰਡਸਟਰੀ ਨੂੰ ਵੱਡਾ ਝਟਕਾ ਲੱਗੇਗਾ, ਕਈ ਹਜ਼ਾਰ ਨੌਕਰੀਆਂ ਖ਼ਤਮ ਹੋ ਜਾਣਗੀਆਂ ਤੇ ਸੱਭ ਤੋਂ ਵੱਡੀ ਗੱਲ ਇਹ ਫੈਸਲਾ ਬਾਇਡਨ ਦੇ ਕੈਨੇਡਾ ਨਾਲ ਸਬੰਧਾਂ ਵਿੱਚ ਪਹਿਲੀ ਦਰਾਰ ਹੋਵੇਗਾ। ਕੈਨੇਡਾ, ਅਮਰੀਕਾ ਦਾ ਸੱਭ ਤੋਂ ਅਹਿਮ ਟਰੇਡਿੰਗ ਭਾਈਵਾਲ ਹੈ। ਬਾਇਡਨ ਵੱਲੋਂ ਲੰਮਾਂ ਸਮਾਂ ਪਹਿਲਾਂ ਇਸ ਪਰਮਿਟ ਨੂੰ ਖਤਮ ਕਰਨ ਦਾ ਤਹੱਈਆ ਪ੍ਰਗਟਾਇਆ ਗਿਆ ਸੀ। ਵਾਸ਼ਿੰਗਟਨ ਵਿੱਚ ਕੈਨੇਡਾ ਦੇ ਅੰਬੈਸਡਰ ਕਰਸਟਿਨ ਹਿੱਲਮੈਨ ਨੇ ਆਖਿਆ ਕਿ ਇਸ ਫੈਸਲੇ ਨਾਲ ਓਟਵਾ ਕਾਫੀ ਨਿਰਾਸ਼ ਹੈ। ਵਿਦੇਸ਼ ਮੰਤਰੀ ਮਾਰਕ ਗਾਰਨਿਊ ਨੇ ਦਬੀ ਜ਼ੁਬਾਨ ਵਿੱਚ ਆਖਿਆ ਕਿ ਕੈਨੇਡਾ ਵੱਲੋਂ ਇਸ ਫੈਸਲੇ ਦਾ ਸਤਿਕਾਰ ਕੀਤਾ ਜਾਂਦਾ ਹੈ ਤੇ ਅਸੀਂ ਸਮਝ ਸਕਦੇ ਹਾਂ ਕਿ ਇਹ ਫੈਸਲਾ ਕਿਉਂ ਲਿਆ ਗਿਆ।

ਜ਼ਿਕਰਯੋਗ ਹੈ ਕਿ ਕੀਅਸਟੋਨ ਐਕਸਐਲ ਕੰਪਨੀ, ਟੀਸੀ ਐਨਰਜੀ ਕੌਰਪ ਦੀ ਮਲਕੀਅਤ ਹੈ ਤੇ ਕੈਨੇਡਾ ਵਿੱਚ ਇਸ ਪ੍ਰੋਜੈਕਟ ਉੱਤੇ ਪਹਿਲਾਂ ਹੀ ਕੰਮ ਚੱਲ ਰਿਹਾ ਹੈ। ਇਸ ਪਾਈਪਲਾਈਨ ਦੇ ਪੂਰਾ ਹੋਣ ਤੋਂ ਬਾਅਦ ਅਲਬਰਟਾ ਦੇ ਆਇਲਸੈਂਡਸ ਤੋਂ ਰੋਜ਼ਾਨਾ 830,000 ਬੈਰਲ ਕੱਚਾ ਤੇਲ ਨੇਬਰਾਸਕਾ ਤੱਕ ਲਿਜਾਇਆ ਜਾਣਾ ਸੀ। ਅਮਰੀਕਾ ਦੇ ਲੈਂਡਓਨਰਜ਼, ਨੇਟਿਵ ਅਮੈਰੀਕਨ ਟਰਾਈਬਜ਼ ਤੇ ਵਾਤਾਵਰਣ ਪ੍ਰੇਮੀ ਵੱਲੋਂ ਕੀਤੇ ਜਾ ਰਹੇ ਵਿਰੋਧ ਕਾਰਨ ਇਸ ਪ੍ਰੋਜੈਕਟ ਵਿੱਚ ਪਹਿਲਾਂ ਹੀ 12 ਸਾਲ ਤੋਂ ਦੇਰ ਹੁੰਦੀ ਆਈ ਹੈ। ਸਾਬਕਾ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਇਸ ਪ੍ਰੋਜੈਕਟ ਉੱਤੇ ਮੋਹਰ ਲਾਈ ਗਈ ਸੀ ਪਰ ਇਸ ਨੂੰ ਅਜੇ ਵੀ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟੀਸੀ ਐਨਰਜੀ ਵੱਲੋਂ ਵੀ ਇੱਕ ਬਿਆਨ ਜਾਰੀ ਕਰਕੇ ਇਸ ਫੈਸਲੇ ਉੱਤੇ ਨਿਰਾਸ਼ਾ ਪ੍ਰਗਟਾਈ ਗਈ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਉਹ ਬਾਇਡਨ ਪ੍ਰਸ਼ਾਸਨ ਨੂੰ ਇਸ ਪ੍ਰੋਜੈਕਟ ਉੱਤੇ ਮੁੜ ਵਿਚਾਰ ਕਰਨ ਲਈ ਆਖਣਗੇ।

ਕੈਨੇਡਾ ਦੇ ਐਨਵਾਇਰਮੈਂਟ ਮੰਤਰੀ ਜੌਨਾਥਨ ਵਿਲਕਿੰਸਨ ਨੇ ਆਖਿਆ ਕਿ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਦੋਵੇਂ ਦੇਸ਼ ਸਵੱਛ ਇਲੈਕਟ੍ਰਿਸਿਟੀ, ਇੰਡਸਟਰੀ ਦੀ ਡੀਕਾਰਬੋਨਾਈਜ਼ੇਸ਼ਨ, ਟਰਾਂਸਪੋਰਟੇਸ਼ਨ ਤੇ ਮਿਥੇਨ ਦੇ ਰਿਸਾਅ ਦੇ ਸਬੰਧ ਵਿੱਚ ਰਲ ਕੇ ਕੰਮ ਕਰਨਗੇ। ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਨੇ ਸੋਮਵਾਰ ਨੂੰ ਇਹ ਚੇਤਾਵਨੀ ਦਿੱਤੀ ਸੀ ਕਿ ਜੇ ਕੀਅਸਟੋਨ ਐਕਸਐਲ ਨੂੰ ਰੱਦ ਕੀਤਾ ਜਾਂਦਾ ਹੈ ਤਾਂ ਉਹ ਕਾਨੂੰਨੀ ਕਾਰਵਾਈ ਕਰਨਗੇ।

## ਵਿਦੇਸ਼ ਦਾ ਦੌਰਾ ਕਰਨ ਵਾਲੀ ਵੈਕਸੀਨ ਟਾਸਕ ਫੋਰਸ ਦੀ ਮੈਂਬਰ ਨੇ ਦਿੱਤਾ ਅਸਤੀਫਾ



ਓਨਟਾਰੀਓ, 21 ਜਨਵਰੀ (ਪੋਸਟ ਬਿਊਰੋ) : ਦਸੰਬਰ ਵਿੱਚ ਦੇਸ਼ ਤੋਂ ਬਾਹਰ ਟਰੈਵਲ ਕਰਨ ਵਾਲੀ ਪ੍ਰੋਵਿੰਸ਼ੀਅਲ ਵੈਕਸੀਨ ਟਾਸਕ ਫੋਰਸ ਦੀ ਮੈਂਬਰ ਵੱਲੋਂ ਅਸਤੀਫਾ ਦੇ ਦਿੱਤਾ ਗਿਆ ਹੈ।

ਇੱਕ ਬਿਆਨ ਜਾਰੀ ਕਰਕੇ ਪ੍ਰੀਮੀਅਰ ਡੱਗ ਫੋਰਡ ਦੇ ਆਫਿਸ ਵੱਲੋਂ ਇਹ ਜਾਣਕਾਰੀ ਦਿੱਤੀ ਗਈ ਹੈ ਕਿ ਉਨ੍ਹਾਂ ਆਟੋਮੋਟਿਵ ਪਾਰਟਸ ਨਿਰਮਾਤਾ ਲੀਨਾਮਾਰ ਦੀ ਸੀਈਓ ਲਿੰਡਾ ਹਾਸੇਨਫਰਾਟਜ਼ ਦਾ ਅਸਤੀਫਾ ਕਬੂਲ ਕਰ ਲਿਆ ਹੈ। ਛੁੱਟੀਆਂ ਤੋਂ ਬਾਅਦ ਇਹ ਖੁਲਾਸਾ ਹੋਇਆ ਸੀ ਕਿ ਕੁੱਝ ਅਧਿਕਾਰੀਆਂ ਵੱਲੋਂ ਸਰਕਾਰ ਦੇ ਵਾਰੀ ਵਾਰੀ ਮਨ੍ਹਾਂ ਕਰਨ ਦੇ ਬਾਵਜੂਦ ਦੇਸ਼ ਤੋਂ ਬਾਹਰ ਟਰੈਵਲ ਕੀਤਾ ਗਿਆ ਸੀ। ਜਿਨ੍ਹਾਂ ਅਧਿਕਾਰੀਆਂ ਵੱਲੋਂ ਸਰਕਾਰ ਦੀਆਂ ਇਨ੍ਹਾਂ ਸਿਫਾਰਿਸ਼ਾਂ ਦੀ ਉਲੰਘਣਾਂ ਕੀਤੀ ਗਈ ਉਨ੍ਹਾਂ ਵਿੱਚ ਓਨਟਾਰੀਓ ਦੇ ਸਾਬਕਾ ਵਿੱਤ ਮੰਤਰੀ ਰੌਡ ਫਿਲਿਪਸ, ਐਨਡੀਪੀ ਮੈਂਬਰ ਨਿੱਕੀ ਐਸ਼ਟਨ, ਲਿਬਰਲ ਐਮਪੀ ਕਮਲ ਖਹਿਰਾ ਤੇ ਹਾਲਟਨ ਪੁਲਿਸ ਚੀਫ ਸਟੀਵ ਟੈਨਰ ਸ਼ਾਮਲ ਹਨ।

## ਡੈਰਿਨ ਰਿਜ਼ੀ ਬਣੀ ਮਿਸੀਸਾਗਾ ਦੀ ਪਰਮਾਨੈਂਟ ਫਾਇਰ ਚੀਫ



ਮਿਸੀਸਾਗਾ, 21 ਜਨਵਰੀ (ਪੋਸਟ ਬਿਊਰੋ) : ਪ੍ਰੋਵਿੰਸ ਦੀ ਪਹਿਲੀ ਮਹਿਲਾ ਫਾਇਰ ਚੀਫ ਇੱਕ ਵਾਰੀ ਫਿਰ ਇਤਿਹਾਸ ਸਿਰਜਣ ਜਾ ਰਹੀ ਹੈ। ਸਿਟੀ ਆਫ ਮਿਸੀਸਾਗਾ ਵੱਲੋਂ ਡੈਰਿਨ ਰਿਜ਼ੀ ਨੂੰ ਮਿਸੀਸਾਗਾ ਦਾ ਸਥਾਈ ਫਾਇਰ ਚੀਫ ਨਿਯੁਕਤ ਕੀਤਾ ਗਿਆ ਹੈ। ਰਿਜ਼ੀ ਨੇ ਪਿਛਲੇ ਸਾਲ ਰਿਟਾਇਰ ਹੋਏ ਟਿੰਮ ਬੈਕੇਟ ਦੀ ਥਾਂ ਲਈ ਸੀ। ਕਮਿਸ਼ਨਰ, ਕਮਿਊਨਿਟੀ ਸਰਵਿਸਿਜ਼ ਸ਼ੈਰੀ ਲਿਕਟਰਮੈਨ ਨੇ ਆਖਿਆ ਕਿ ਉਹ ਖੁਸ਼ ਹਨ ਕਿ ਡੈਰਿਨ ਦੀ ਚੋਣ ਕੀਤੇ ਜਾਣ ਉੱਤੇ ਉਹ ਉਤਸ਼ਾਹਿਤ ਹਨ। ਉਨ੍ਹਾਂ ਇਸ ਦੌਰਾਨ ਕਾਰਜਕਾਰੀ ਚੀਫ ਦੀ ਭੂਮਿਕਾ ਨਿਭਾਉਣ ਵਾਲੀ ਨੈਂਸੀ ਮੈਕਡੌਨਲਡ ਡੰਕਨ ਦਾ ਵੀ ਧੰਨਵਾਦ ਕੀਤਾ। ਉਨ੍ਹਾਂ ਆਖਿਆ ਕਿ ਡੈਰਿਨ ਆਪਣੇ ਨਾਲ ਫੈਡਰਲ, ਪ੍ਰੋਵਿੰਸ਼ੀਅਲ ਤੇ ਮਿਊਂਸਪਲ ਪੱਧਰ ਦਾ ਕਾਫੀ ਵਿਆਪਕ ਤਜਰਬਾ ਲੈ ਕੇ ਆ ਰਹੀ ਹੈ ਜੋ ਕਿ ਫਾਇਰ ਸਰਵਿਸ ਦੇ ਸਾਰੇ ਖੇਤਰਾਂ ਲਈ ਕਾਫੀ ਮਹੱਤਵਪੂਰਨ ਹੋਵੇਗਾ।

ਰਿਜ਼ੀ ਨੂੰ 20 ਸਾਲਾਂ ਦਾ ਤਜ਼ਰਬਾ ਹੈ। ਉਨ੍ਹਾਂ ਵਾਅਨ ਤੋਂ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਤੇ 2018 ਵਿੱਚ ਚੀਫ ਦੇ ਅਹੁਦੇ ਤੱਕ ਪਹੁੰਚੀ। ਇਸ ਅਹਿਮ ਮੁਕਾਮ ਉੱਤੇ ਪਹੁੰਚਣ ਵਾਲੀ ਉਹ ਪਹਿਲੀ ਮਹਿਲਾ ਬਣੀ। 2 ਫਰਵਰੀ ਤੋਂ ਉਹ ਮਿਸੀਸਾਗਾ ਦੇ ਫਾਇਰ ਡਿਪਾਰਟਮੈਂਟ ਵਿਖੇ ਆਪਣਾ ਅਹੁਦਾ ਸਾਂਭੇਗੀ।

## ਮਹਾਂਮਾਰੀ ਦੀ ਦੂਜੀ ਵੇਵ ਦੌਰਾਨ ਫੋਰਡ ਦੀ ਹਰਮਨ ਪਿਆਰਤਾ ਵਿੱਚ ਆਈ ਕਮੀ



ਓਨਟਾਰੀਓ, 21 ਜਨਵਰੀ (ਪੋਸਟ ਬਿਊਰੋ) : ਨਵੇਂ ਸਰਵੇਖਣ ਤੋਂ ਸਾਹ-ਮਣੇ ਆਇਆ ਹੈ ਕਿ ਕੋਵਿਡ-19 ਦੀ ਸੈਕਿੰਡ ਵੇਵ ਦੌਰਾਨ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦੀ ਹਰਮਨ ਪਿਆਰਤਾ ਵਿੱਚ ਕਮੀ ਆਈ ਹੈ।

ਐਬੇਕਸ ਡਾਟਾ ਵੱਲੋਂ ਕਰਵਾਏ ਗਏ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 40 ਫੀ ਸਦੀ ਲੋਕਾਂ ਨੇ ਫੋਰਡ ਲਈ ਸਕਾਰਾਤਮਕ ਵਿਚਾਰ ਪ੍ਰਗਟਾਏ, ਇਹ ਅੰਕੜਾ ਤਿੰਨ ਮਹੀਨੇ ਪਹਿਲਾਂ ਕਰਵਾਏ ਗਏ ਸਰਵੇਖਣ ਤੋਂ 7 ਅੰਕ ਘੱਟ ਸੀ। ਇਸ ਦੌਰਾਨ 35 ਫੀ ਸਦੀ ਨੇ ਪ੍ਰੀਮੀਅਰ ਬਾਰੇ ਨਕਾਰਾਤਮਕ ਵਿਚਾਰ ਪ੍ਰਗਟਾਏ। ਫੋਰਡ ਸਰਕਾਰ ਵੱਲੋਂ ਮਹਾਂਮਾਰੀ ਦੀ ਦੂਜੀ ਵੇਵ ਨੂੰ ਜਿਸ ਤਰ੍ਹਾਂ ਹੈਂਡਲ ਕੀਤਾ ਗਿਆ ਹੈ ਉਸ ਬਾਰੇ ਲੋਕ ਜੋ ਸੋਚਦੇ ਹਨ ਉਸ ਵਿੱਚ ਵੀ ਗਿਰ-ਾਵਟ ਆਈ ਹੈ ਇਸ ਬਾਰੇ ਵੀ ਸਰਵੇਖਣ ਵਿੱਚ ਖੁਲਾਸਾ ਹੋਇਆ। ਸਰਵੇਖਣ ਵਿੱਚ ਹਿੱਸਾ ਲੈਣ ਵਾਲੇ ਬਹੁਗਿਣਤੀ ਲੋਕਾਂ ਦਾ ਕਹਿਣਾ ਹੈ ਕਿ ਅਕਤੂਬਰ ਵਿੱਚ ਸਰਕਾਰ ਦਾ ਸਥਿਤੀ ਉੱਤੇ ਪੂਰਾ ਨਿਯੰਤਰਣ ਸੀ ਪਰ ਹੁਣ ਇਸ ਅੰਕੜੇ ਵਿੱਚ 25 ਅੰਕਾਂ ਦੀ ਗਿਰਾਵਟ ਆਈ ਹੈ ਤੇ ਇਹ 37 ਫੀ ਸਦੀ ਉੱਤੇ ਜਾ ਪਹੁੰਚਿਆ ਹੈ।

ਜਦੋਂ ਆਮ ਤੌਰ ਉੱਤੇ ਫੋਰਡ ਵੱਲੋਂ ਕੋਵਿਡ-19 ਵਾਲੀ ਸਥਿਤੀ ਨੂੰ ਸਾਂਭਣ ਦੀ ਗੱਲ ਆਖੀ ਗਈ ਤਾਂ 27 ਫੀ ਸਦੀ ਨੇ ਆਖਿਆ ਕਿ ਉਨ੍ਹਾਂ ਨੇ ਚੰਗਾ ਕੰਮ ਨਹੀਂ ਕੀਤਾ ਤੇ ਕਈ ਬੱਜਰ ਗਲਤੀਆਂ ਕੀਤੀਆਂ। ਤਿੰਨ ਮਹੀਨੇ ਪਹਿਲਾਂ ਨਾਲੋਂ ਹੁਣ ਇਸ ਰੇਟਿੰਗ ਵਿੱਚ ਅੱਠ ਫੀ ਸਦੀ ਦੀ ਗਿਰਾਵਟ ਆਈ ਹੈ। ਫੋਰਡ ਦੀ ਹਰਮਨਪਿਆਰਤਾ ਵਿੱਚ ਆਈ ਕਮੀ ਦੇ ਬਾਵਜੂਦ ਉਨ੍ਹਾਂ ਦੇ ਵਿਰੋਧੀਆਂ ਨੂੰ ਕੋਈ ਫਾਇਦਾ ਨਹੀਂ ਹੋਇਆ। ਲਿਬਰਲ ਆਗੂ ਸਟੀਵਨ ਡੈਲ ਡੂਕਾ ਤੇ ਐਨਡੀਪੀ ਆਗੂ ਐਂਡਰੀਆ ਹੌਰਵਥ ਦੇ ਸਕਾਰਾਤਮਕ ਰੁਖ ਵਿੱਚ ਵੀ ਮਾਮੂਲੀ ਗਿਰਾਵਟ ਦਰਜ ਕੀਤੀ ਗਈ ਹੈ।

ਜੇ ਅੱਜ ਚੋਣਾਂ ਕਰਵਾ ਲਈਆਂ ਜਾਣ ਤਾਂ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 34 ਫੀ ਸਦੀ ਲੋਕਾਂ ਦਾ ਕਹਿਣਾ ਸੀ ਕਿ ਉਹ ਫੋਰਡ ਨੂੰ ਵੋਟ ਪਾਉਣਗੇ, 29 ਫੀ ਸਦੀ ਨੇ ਆਖਿਆ ਕਿ ਉਹ ਲਿਬਰਲਾਂ ਨੂੰ ਵੋਟ ਕਰਨਗੇ ਤੇ 25 ਫੀ ਸਦੀ ਨੇ ਐਨਡੀਪੀ ਦੇ ਪੱਖ ਵਿੱਚ ਵੋਟ ਪਾਉਣ ਦੀ ਗੱਲ ਆਖੀ। ਵੈਕਸੀਨ ਦੀ ਵੰਡ ਨੂੰ ਲੈ ਕੇ ਵੀ 57 ਫੀ ਸਦੀ ਲੋਕਾਂ ਦਾ ਮੰਨਣਾ ਹੈ ਕਿ ਇਹ ਵੰਡ ਬਹੁਤ ਮਾੜੇ ਢੰਗ ਨਾਲ ਹੋ ਰਹੀ ਹੈ। ਸਿਆਸਤਦਾਨਾਂ ਤੇ ਅਧਿਕਾਰੀਆਂ ਵੱਲੋਂ ਵੈਕੇਸ਼ਨਜ਼ ਉੱਤੇ ਜਾਣ ਦੇ ਮਾਮਲੇ ਵਿੱਚ 87 ਫੀ ਸਦੀ ਨੇ ਆਖਿਆ ਕਿ ਅਜਿਹਾ ਬਿਲਕੁਲ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ ਤੇ 75 ਫੀ ਸਦੀ ਨੇ ਆਖਿਆ ਕਿ ਅਜਿਹਾ ਬਿਲਕੁਲ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ। ਅੱਧੇ ਰਿਸਪੌਂਡੈਂਟਸ ਨੇ ਆਖਿਆ ਕਿ ਰੌਡ ਫਿਲਿਪ ਵੱਲੋਂ ਟਰੈਵਲ ਕਰਨ ਦੇ ਮਾਮਲੇ ਨੂੰ ਫੋਰਡ ਨੇ ਚੰਗੀ ਤਰ੍ਹਾਂ ਹੈਂਡਲ ਨਹੀਂ ਕੀਤਾ।

## 11 ਮਿਲੀਅਨ ਇਮੀਗ੍ਰੈਂਟਸ ਨੂੰ ਨਾਗਰਿਕਤਾ ਦੇਣਗੇ ਬਾਇਡਨ !

ਵਾਸ਼ਿੰਗਟਨ, 21 ਜਨਵਰੀ (ਪੋਸਟ ਬਿਊਰੋ) : ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਆਪਣੇ ਪ੍ਰਸ਼ਾਸਨ ਦੇ ਪਹਿਲੇ ਦਿਨ ਹੀ ਇਮੀਗ੍ਰੇਸ਼ਨ ਬਿੱਲ ਦਾ ਖੁਲਾਸਾ ਕਰਨਗੇ। ਇਸ ਬਿੱਲ ਰਾਹੀਂ 11 ਮਿਲੀਅਨ ਇਮੀਗ੍ਰੈਂਟਸ ਲਈ ਅੱਠ ਸਾਲਾ ਨਾਗਰਿਕਤਾ ਦਾ ਰਾਹ ਪੱਧਰਾ ਹੋਵੇਗਾ। ਇਹ ਉਹ ਇਮੀਗ੍ਰੈਂਟਸ ਹਨ ਜਿਹੜੇ ਬਿਨਾਂ ਲੀਗਲ ਸਟੇਟਸ ਦੇ ਅਮਰੀਕਾ ਵਿੱਚ ਰਹਿ ਰਹੇ ਹਨ। ਇਹ ਟਰੰਪ ਪ੍ਰਸ਼ਾਸਨ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਤੋਂ ਬਿਲਕੁਲ ਉਲਟ ਹੋਵੇਗਾ।

ਰਾਸ਼ਟਰਪਤੀ ਡੌਨਲਡ ਟਰੰਪ ਦੀਆਂ ਸਖ਼ਤ ਨੀਤੀਆਂ ਤੇ ਵੱਡੇ ਪੱਧਰ ਉੱਤੇ ਇਮੀਗ੍ਰੈਂਟਸ ਨੂੰ ਡੀਪੋਰਟ ਕੀਤੇ ਜਾਣ ਵਰਗੇ ਫੈਸਲਿਆਂ ਤੋਂ ਬਾਅਦ ਬਾਇਡਨ ਹੁਣ ਵੋਟਰਾਂ ਨਾਲ ਕੀਤਾ ਆਪਣਾ ਵਾਅਦਾ ਪੂਰਾ ਕਰਨਗੇ। ਇਹ ਵਾਅਦਾ ਲੈਟਿਨੋ ਵੋਟਰਾਂ ਤੇ ਹੋਰਨਾਂ ਇਮੀਗ੍ਰੈਂਟ ਕਮਿਊਨਿਟੀਜ਼ ਲਈ ਕਾਫੀ ਮਾਇਨੇ ਰੱਖਦਾ ਹੈ। ਸੈਂਕੜੇ ਪੇਜਾਂ ਦੇ ਇਸ ਬਿੱਲ ਨੂੰ ਉਸ ਸਮੇਂ ਪੇਸ਼ ਕੀਤਾ ਜਾਵੇਗਾ ਜਦੋਂ ਬਾਇਡਨ ਆਪਣੇ ਅਹੁਦੇ ਦੀ ਸੰਹੁ ਚੁੱਕਣਗੇ। ਇਹ ਜਾਣਕਾਰੀ ਇਸ ਬਿੱਲ ਬਾਰੇ ਜਾਣਕਾਰੀ ਰੱਖਣ ਵਾਲੇ ਵਿਅਕਤੀ ਨੇ ਦਿੱਤੀ।

ਰਾਸ਼ਟਰਪਤੀ ਦੇ ਅਹੁਦੇ ਦੇ ਉਮੀਦਵਾਰ ਰਹਿੰਦਿਆਂ ਬਾਇਡਨ ਵੱਲੋਂ ਇਮੀਗ੍ਰੇਸ਼ਨ ਦੇ ਮਾਮਲੇ ਵਿੱਚ ਟਰੰਪ ਦੇ ਕੰਮ ਨੂੰ ਅਮਰੀਕੀ ਕਦਰਾਂ ਕੀਮਤਾਂ ਉੱਤੇ ਹਮਲਾ ਦੱਸਿਆ ਗਿਆ ਸੀ। ਬਾਇਡਨ ਨੇ ਆਖਿਆ ਕਿ ਉਹ ਹੁਣ ਤੱਕ ਹੋ ਚੁੱਕੇ ਨੁਕਸਾਨ ਨੂੰ ਉਹ ਠੀਕ ਕਰ ਦੇਣਗੇ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



SherGill Law Firm
Barrister, Solicitor & Notary Public
Services:
*Real Estate
*Residential, Commercial & Franchise
*Criminal Law
*Family Law
*Affidavit, Power Of Attorney & Notarization
*Immigration Matters
Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਗਾਰਡਾਵਰਲਡ ਵੱਲੋਂ 500 ਮੁਲਾਜ਼ਮਾਂ ਦੀ ਛਾਂਗੀ



ਟੋਰਾਂਟੋ, 21 ਜਨਵਰੀ (ਪੋਸਟ ਬਿਊਰੋ) : ਟਰੈਫਿਕ ਵਿੱਚ ਆਈ ਕਮੀ ਤੋਂ ਬਾਅਦ ਟੋਰਾਂਟੋ ਪੀਅਰਸਨ ਏਅਰਪੋਰਟ ਦੇ 500 ਸਕਰੀਨਿੰਗ ਅਧਿਕਾਰੀਆਂ ਦੀ ਗਾਰਡਾਵਰਲਡ ਵੱਲੋਂ ਛਾਂਗੀ ਕਰ ਦਿੱਤੀ ਗਈ ਹੈ।

ਇਹ ਪ੍ਰਾਈਵੇਟ ਸਕਿਊਰਿਟੀ ਕੰਪਨੀ ਕੈਨਡਾ ਭਰ ਦੇ 36 ਏਅਰਪੋਰਟਸ ਲਈ ਸਕਰੀਨਿੰਗ ਸੇਵਾਵਾਂ ਮੁਹੱਈਆ ਕਰਵਾਉਂਦੀ ਹੈ ਤੇ ਇਨ੍ਹਾਂ ਦੀ ਵੈੱਬਸਾਈਟ ਅਨੁਸਾਰ ਕੰਪਨੀ ਦੇ 4300 ਮੈਂਬਰ ਹਨ। ਗਾਰਡਾਵਰਲਡ ਵੱਲੋਂ ਐਤਵਾਰ ਨੂੰ ਇਹ ਛਾਂਗੀਆਂ ਕੀਤੀਆਂ ਗਈਆਂ। ਮਹਾਂਮਾਰੀ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਟਰੈਵਲ ਵਿੱਚ ਕਾਫੀ ਕਮੀ ਆਈ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਜਾਰੀ ਤਾਜ਼ਾ ਅਪਡੇਟ ਦਾ ਕਹਿਣਾ ਹੈ ਕਿ ਪਿਛਲੇ ਸਾਲ 21 ਦਸੰਬਰ ਤੋਂ 27 ਦਸੰਬਰ ਤੱਕ ਕੈਨੇਡਾ ਭਰ ਵਿੱਚ ਟਰੈਵਲ ਵਿੱਚ 91 ਫੀ ਸਦੀ ਕਮੀ ਆਈ।

ਕੈਨੇਡੀਅਨ ਸਰਕਾਰ ਵੱਲੋਂ ਪਿੱਛੇ ਜਿਹੇ ਦੇਸ਼ ਵਿੱਚ ਟਰੈਵਲਰਜ਼ ਉੱਤੇ ਹੋਰ ਪਾਬੰਦੀਆਂ ਲਾਈਆਂ ਗਈਆਂ ਹਨ, ਇਸ ਦੇ ਨਾਲ ਹੀ ਕਿਤੋਂ ਵੀ ਰਵਾਨਾ ਹੋਣ ਤੋਂ 72 ਘੰਟੇ ਦੇ ਅੰਦਰ ਅੰਦਰ ਕੋਵਿਡ-19 ਪੀਸੀਆਰ ਟੈਸਟ ਦੀ ਨੈਗੇਟਿਵ ਰਿਪੋਰਟ ਲਿਆਉਣ ਲਈ ਵੀ ਆਖਿਆ ਗਿਆ ਹੈ। ਜਿਹੜੇ ਟਰੈਵਲਰਜ਼ ਨੈਗੇਟਿਵ ਰਿਪੋਰਟ ਲਿਆਉਣਗੇ ਉਨ੍ਹਾਂ ਨੂੰ ਕੈਨੇਡਾ ਪਹੁੰਚਣ ਉੱਤੇ 14 ਦਿਨਾਂ ਲਈ ਕੁਆਰਨਟੀਨ ਵੀ ਹੋਣਾ ਪਵੇਗਾ।

# ਜੀਟੀਏ ਭਰ ਵਿੱਚ ਸਸਪੈਂਡ ਰਹੇਗੀ ਇਨ-ਪਰਸਨ ਲਰਨਿੰਗ



ਓਨਟਾਰੀਓ, 21 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਸਿੱਖਿਆ ਮੰਤਰੀ ਦਾ ਕਹਿਣਾ ਹੈ ਕਿ ਵੱਖ ਵੱਖ ਪਬਲਿਕ ਹੈਲਥ ਯੂਨਿਟਸ (ਪੀਐਚਯੂਜ਼), ਜਿਨ੍ਹਾਂ ਵਿੱਚ ਹੈਲੀਬਰਟਨ, ਕਵਾਰਥਾ, ਪਾਈਨ ਰਿੱਜ ਤੇ ਪੀਟਰਬੋਰੋਅ ਪਬਲਿਕ ਹੈਲਥ ਸ਼ਾਮਲ ਹਨ, ਤੋਂ 100,000 ਤੋਂ ਵੀ ਵੱਧ ਵਿਦਿਆਰਥੀ ਅਗਲੇ ਹਫਤੇ ਤੋਂ ਇਨ ਪਰਸਨ ਲਰਨਿੰਗ ਲਈ ਸਕੂਲ ਪਰਤਣਗੇ।

ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਚੀਫ ਮੈਡੀਕਲ ਆਫੀਸਰ ਆਫ ਹੈਲਥ ਦੀ ਸਲਾਹ ਉੱਤੇ ਸਰਕਾਰ ਵੱਲੋਂ ਸੱਤ ਪਬਲਿਕ ਹੈਲਥ ਯੂਨਿਟਸ ਤੇ 100,000 ਵਿਦਿਆਰਥੀਆਂ ਨੂੰ ਸੋਮਵਾਰ, 25 ਜਨਵਰੀ ਤੋਂ ਕਲਾਸਾਂ ਵਿੱਚ ਪਰਤਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ• ਡੇਵਿਡ ਵਿਲੀਅਮਜ਼ ਦੀ ਸਿਫਾਰਿਸ਼ ਉੱਤੇ ਜੀਟੀਏ ਭਰ ਵਿੱਚ ਇਨ ਪਰਸਨ ਲਰਨਿੰਗ ਸਸਪੈਂਡ ਰਹੇਗੀ। ਦਰਹਾਮ ਤੇ ਹਾਲਟਨ ਰੀਜਨਜ਼ ਦੇ ਸਕੂਲਾਂ ਨੂੰ ਵੀ ਅਗਲੇ ਹੁਕਮਾਂ ਤੱਕ ਬੰਦ ਰੱਖਿਆ ਜਾਵੇਗਾ।

ਓਨਟਾਰੀਓ ਦੀ ਸਟੇਟ ਆਫ ਐਮਰਜੰਸੀ ਦੇ ਹਿੱਸੇ ਵਜੋਂ ਗ੍ਰੇਅ ਜ਼ੋਨ ਵਿੱਚ ਮੌਜੂਦ ਸਕੂਲਾਂ ਦੇ 10 ਫਰਵਰੀ ਨੂੰ ਇਨ ਕਲਾਸ ਲਰਨਿੰਗ ਸ਼ੁਰੂ ਕਰਨ ਦੀ ਸੰਭਾਵਨਾ ਸੀ। ਪਰ ਹੁਣ ਪ੍ਰੋਵਿੰਸ ਵੱਲੋਂ ਇਸ ਤਰੀਕ ਦੀ ਵਰਤੋਂ ਨਹੀਂ ਕੀਤੀ ਜਾ ਰਹੀ ਹੈ। ਗ੍ਰੇਅ ਜ਼ੋਨ ਵਾਲੇ ਇਲਾਕਿਆਂ ਵਿੱਚ ਵਿੰਡਸਰ, ਟੋਰਾਂਟੋ, ਪੀਲ, ਯੌਰਕ ਤੇ ਹੈਮਿਲਟਨ ਸ਼ਾਮਲ ਹਨ।

# ਕੈਨੇਡਾ ਪੋਸਟ ਦੀ ਮਿਸੀਸਾਗਾ ਫੈਸਿਲਿਟੀ ਦੇ 121 ਮੁਲਾਜ਼ਮ ਹੁਣ ਤੱਕ ਪਾਏ ਜਾ ਚੁੱਕੇ ਹਨ ਕੋਵਿਡ-19 ਪਾਜ਼ੀਟਿਵ



ਮਿਸੀਸਾਗਾ, 21 ਜਨਵਰੀ (ਪੋਸਟ ਬਿਊਰੋ) : ਕੈਨੇਡਾ ਪੋਸਟ ਵੱਲੋਂ ਕੀਤੇ ਗਏ ਖੁਲਾਸੇ ਵਿੱਚ ਦੱਸਿਆ ਗਿਆ ਕਿ ਇਸ ਸਾਲ ਦੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਉਨ੍ਹਾਂ ਦੀ ਮਿਸੀਸਾਗਾ ਵਾਲੀ ਫੈਸਿਲਿਟੀ ਦੇ 121 ਕਰਮਚਾਰੀ ਕੋਵਿਡ-19 ਪਾਜ਼ੀਟਿਵ ਆ ਚੁੱਕੇ ਹਨ।

ਬੁਲਾਰੇ ਫਿਲ ਲੀਗਾਲਟ ਨੇ ਆਖਿਆ ਕਿ ਪੀਲ ਪਬਲਿਕ ਹੈਲਥ ਵੱਲੋਂ ਪੋਸਟਲ ਏਜੰਸੀ ਨੂੰ ਮਿਸੀਸਾਗਾ ਵਿੱਚ ਗੇਟਵੇਅ ਈਸਟ ਫੈਸਿਲਿਟੀ ਦੇ ਆਪਣੇ ਮੁਲਾਜ਼ਮਾਂ ਦੀ ਇੱਕ ਸ਼ਿਫਟ ਦੇ ਟੈਸਟ ਕਰਵਾਉਣ ਦੇ ਨਿਰਦੇਸ਼ ਦਿੱਤੇ ਗਏ ਸਨ। ਲੀਗਾਲਟ ਨੇ ਇੱਕ ਬਿਆਨ ਵਿੱਚ ਆਖਿਆ ਕਿ ਵਾਲੰਟੈਰੀ ਆਧਾਰ ਉੱਤੇ ਹੋਰਨਾਂ ਮੁਲਾਜ਼ਮਾਂ ਦੀ ਆਨ ਸਾਈਟ ਟੈਸਟਿੰਗ ਦੀ ਪੇਸ਼ਕਸ਼ ਵੀ ਕੀਤੀ ਗਈ ਸੀ। ਇਸ ਦੌਰਾਨ ਪਬਲਿਕ ਹੈਲਥ ਵੱਲੋਂ ਇਹ ਪੁਸ਼ਟੀ ਕੀਤੀ ਗਈ ਹੈ ਕਿ ਕੈਨੇਡਾ ਪੋਸਟ ਆਪਣਾ ਕੰਮਕਾਜ ਜਾਰੀ ਰੱਖ ਸਕਦੀ ਹੈ।

ਪੀਲ ਪਬਲਿਕ ਹੈਲਥ ਵੱਲੋਂ ਉਸ ਸਮੇਂ ਵਰਕਪਲੇਸ ਆਊਟਬ੍ਰੇਕ ਮੰਨੀ ਜਾਂਦੀ ਹੈ ਜਦੋਂ ਦੋ ਜਾਂ ਦੋ ਤੋਂ ਵੱਧ ਲੈਬ ਕੋਵਿਡ-19 ਮਾਮਲਿਆਂ ਦੀ ਪੁਸ਼ਟੀ ਕਰਦੀਆਂ ਹਨ। 15 ਜਨਵਰੀ ਤੱਕ ਪਬਲਿਕ ਹੈਲਥ ਵੱਲੋਂ ਕੰਮ ਵਾਲੀਆਂ ਥਾਂਵਾਂ ਉੱਤੇ 204 ਐਕਟਿਵ ਕੋਵਿਡ-19 ਆਊਟਬ੍ਰੇਕ ਰਿਪੋਰਟ ਕੀਤੀਆਂ ਗਈਆਂ। ਮਿਸੀਸਾਗਾ ਵਿੱਚ ਇਸ ਸਮੇਂ 122 ਕੰਮ ਵਾਲੀਆਂ ਥਾਂਵਾਂ ਤੇ ਫੈਸਿਲਿਟੀ ਆਊਟਬ੍ਰੇਕ ਚੱਲ ਰਹੀਆਂ ਹਨ। ਇਨ੍ਹਾਂ ਵਿੱਚੋਂ 50 ਉਤਪਾਦਨ ਤੇ ਇੰਡਸਟਰੀਅਲ ਖੇਤਰਾਂ ਨਾਲ ਜੁੜੀਆਂ ਹਨ।

# ਕੇਲਡਨ ਵਿੱਚ ਚੱਲੀ ਗੋਲੀ, ਇੱਕ ਹਲਾਕ, ਇੱਕ ਜ਼ਖ਼ਮੀ




ਟੋਰਾਂਟੋ, 21 ਜਨਵਰੀ (ਪੋਸਟ ਬਿਊਰੋ) : ਕੇਲਡਨ ਵਿੱਚ ਸੋਮਵਾਰ ਨੂੰ ਵਾਪਰੀ ਸ਼ੂਟਿੰਗ ਦੀ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਇੱਕ ਹੋਰ ਜ਼ਖ਼ਮੀ ਹੋ ਗਿਆ।

ਓਨਟਾਰੀਓ ਦੀ ਪ੍ਰੋਵਿੰਸ਼ੀਅਲ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਬੋਲਟਨ ਵਿੱਚ ਹਾਰਵੈਸਟ ਮੂਨ ਡਰਾਈਵ ਏਰੀਆ ਵਿੱਚ ਚੱਲੀ ਗੋਲੀ ਬਾਰੇ ਦੁਪਹਿਰੇ 12:26 ਉੱਤੇ ਰਿਪੋਰਟ ਮਿਲੀ। ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੇ ਦੋ ਵਿਅਕਤੀਆਂ ਨੂੰ ਜ਼ਖ਼ਮੀ ਹਾਲਤ ਵਿੱਚ ਪਾਇਆ। ਇੱਕ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਦੂਜੇ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਦੂਜੇ ਵਿਅਕਤੀ ਦੇ ਜ਼ਖ਼ਮ ਕਿੰਨੇ ਡੂੰਘੇ ਹਨ ਅਜੇ ਇਸ ਬਾਰੇ ਜਾਣਕਾਰੀ ਹਾਸਲ ਨਹੀਂ ਹੋ ਸਕੀ।

ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਓਪੀਪੀ ਨੇ ਇਸ ਸਬੰਧ ਵਿੱਚ ਜਾਣਕਾਰੀ ਰੱਖਣ ਵਾਲਿਆਂ ਨੂੰ ਜਾਂਚਕਾਰਾਂ ਨਾਲ ਸੰਪਰਕ ਕਰਨ ਲਈ ਵੀ ਆਖਿਆ ਹੈ।

# ਨਿਯਮਾਂ ਦੀ ਉਲੰਘਣਾ ਦੇ ਸਬੰਧ ਵਿੱਚ ਵਾਲਮਾਰਟ, ਕੌਸਕੋ, ਸ਼ਾਪਰਜ਼ ਡਰੱਗ ਮਾਰਟ ਨੂੰ ਕੀਤਾ ਗਿਆ ਜੁਰਮਾਨਾ




ਓਨਟਾਰੀਓ, 21 ਜਨਵਰੀ (ਪੋਸਟ ਬਿਊਰੋ) : ਪ੍ਰੋਵਿੰਸ ਭਰ ਵਿੱਚ ਜਾਰੀ ਕੋਵਿਡ-19 ਲਾਕਡਾਊਨ ਦੌਰਾਨ ਕੁੱਝ ਵੱਡੇ ਸਟੋਰਜ਼ ਨੂੰ ਖੁੱਲ੍ਹਾ ਰੱਖਣ ਦੀ ਇਜਾਜ਼ਤ ਦਿੱਤੀ ਗਈ ਸੀ ਪਰ ਯੌਰਕ ਰੀਜਨ ਵਿੱਚ ਪੁਲਿਸ ਤੇ ਬਾਇਲਾਅ ਅਧਿਕਾਰੀਆਂ ਵੱਲੋਂ ਇਨ੍ਹਾਂ ਸਟੋਰਜ਼ ਨਾਲ ਕੋਈ ਵੱਖਰਾ ਵਿਵਹਾਰ ਨਹੀਂ ਕੀਤਾ ਜਾ ਰਿਹਾ।

ਯੌਰਕ ਰੀਜਨ ਵਿੱਚ ਵਾਲਮਾਰਟ ਦੀਆਂ ਪੰਜ ਲੋਕੇਸ਼ਨਾਂ ਤੇ ਕੌਸਕੋ ਦੇ ਸਟੋਰਜ਼ ਉਨ੍ਹਾਂ ਚੰਦ ਕਾਰੋਬਾਰੀ ਅਦਾਰਿਆਂ ਵਿੱਚੋਂ ਹਨ ਜਿਨ੍ਹਾਂ ਨੂੰ ਪਿਛਲੇ ਹਫਤੇ ਨਿਯਮਾਂ ਦੀ ਉਲੰਘਣਾਂ ਦੇ ਚੱਲਦਿਆਂ ਜੁਰਮਾਨੇ ਕੀਤੇ ਗਏ। ਜਿਨ੍ਹਾਂ ਨਿਯਮਾਂ ਦੀ ਉਲੰਘਣਾਂ ਕਾਰਨ ਜੁਰਮਾਨੇ ਹੋਏ ਉਨ੍ਹਾਂ ਵਿੱਚ ਮੁਲਾਜ਼ਮਾਂ ਵੱਲੋਂ ਸਹੀ ਢੰਗ ਨਾਲ ਮਾਸਕ ਨਾ ਪਾਉਣਾ, ਸਾਫ ਸਫਾਈ ਅਤੇ ਡਿਸਇਨਫੈਕਟ ਨਾ ਕੀਤਾ ਜਾਣਾ ਤੇ ਲਾਈਨਾਂ ਵਿੱਚ ਫਿਜ਼ੀਕਲ ਡਿਸਟੈਂਸਿੰਗ ਮੇਨਟੇਨ ਨਾ ਕਰਨਾ ਸੀ। ਹਰੇਕ ਨਿਯਮ ਉਲੰਘਣ ਲਈ 880 ਡਾਲਰ ਦਾ ਜੁਰਮਾਨਾ ਕੀਤਾ ਗਿਆ।

11 ਜਨਵਰੀ ਤੇ 17 ਜਨਵਰੀ ਦਰਮਿਆਨ 1,928 ਇੰਸਪੈਕਸ਼ਨਜ਼ ਕੀਤੀਆਂ ਗਈਆਂ। ਇਸ ਦੌਰਾਨ 45 ਚਾਰਜਿਜ਼ ਲਾਏ ਗਏ। ਸ਼ਾਪਰਜ਼ ਡਰੱਗ ਮਾਰਟ ਦੀਆਂ ਪੰਜ ਲੋਕੇਸ਼ਨਾਂ ਨੂੰ ਵੀ ਜੁਰਮਾਨੇ ਕੀਤੇ ਗਏ। ਕਈ ਗਰੌਸਰੀ ਸਟੋਰਜ਼ ਖਿਲਾਫ ਵੀ ਕਾਰਵਾਈ ਕੀਤੀ ਗਈ। ਇਨ੍ਹਾਂ ਵਿੱਚ ਫੂਡ ਬੇਸਿਕਸ, ਫਰੈਸਕੋ, ਨੋ ਫਰਿੱਲਜ਼ ਤੇ ਸੋਬੇਅਜ਼ ਸ਼ਾਮਲ ਹਨ। ਇਹ ਵੀ ਪਾਇਆ ਗਿਆ ਕਿ ਬਹੁਤੇ ਕਾਰੋਬਾਰੀ ਨਿਯਮਾਂ ਦੀ ਪਾਲਣਾ ਕਰ ਰਹੇ ਹਨ ਪਰ ਨਾਲ ਹੀ ਇਹ ਚੇਤਾਵਨੀ ਵੀ ਦਿੱਤੀ ਗਈ ਹੈ ਕਿ ਜਿਨ੍ਹਾਂ ਕਾਰੋਬਾਰੀ ਅਦਾਰਿਆਂ ਤੋਂ ਉਲੰਘਣਾ ਹੋਈ ਹੈ ਉਹ ਅਜੇ ਵੀ ਆਪਣੀ ਗਲਤੀ ਸੁਧਾਰ ਕੇ ਨਿਯਮਾਂ ਦੀ ਸਹੀ ਪਾਲਣਾ ਕਰਨ ਨਹੀਂ ਤਾਂ ਅਗਲੀ ਕਾਰਵਾਈ ਹੋਵੇਗੀ।

# ਓਨਟਾਰੀਓ ਦੇ ਡਾਕਟਰਾਂ ਨੇ ਪ੍ਰਗਟਾਇਆ ਦਵਾਈਆਂ ਦੀ ਘਾਟ ਦਾ ਖਦਸ਼ਾ



ਓਨਟਾਰੀਓ, 21 ਜਨਵਰੀ (ਪੋਸਟ ਬਿਊਰੋ) : ਪ੍ਰੋਵਿੰਸ ਭਰ ਦੇ ਹਸਪਤਾਲਾਂ ਵਿੱਚ ਦਾਖਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ ਤੇ ਪਬਲਿਕ ਹੈਲਥ ਯੂਨਿਟਸ ਵਿੱਚ ਦਵਾਈਆਂ ਦੀ ਘਾਟ ਪਾਈ ਜਾ ਰਹੀ ਹੈ, ਇਸ ਉੱਤੇ ਓਨਟਾਰੀਓ ਦੇ ਡਾਕਟਰਾਂ ਵੱਲੋਂ ਜਲਦ ਹੀ ਦਵਾਈਆਂ ਦੀ ਘਾਟ ਹੋਣ ਦਾ ਖਦਸ਼ਾ ਪ੍ਰਗਟਾਇਆ ਹੈ।

ਇਸ ਸਬੰਧ ਵਿੱਚ ਜਾਰੀ ਕੀਤੀ ਗਈ ਰਿਪੋਰਟ ਵਿੱਚ ਓਨਟਾਰੀਓ ਮੈਡੀਕਲ ਐਸੋਸਿਏਸ਼ਨ (ਓਐਮਓ), ਜੋ ਕਿ 43,000 ਹੈਲਥ ਅਧਿਕਾਰੀਆਂ ਦੀ ਨੁਮਾਇੰਦਗੀ ਕਰਦੀ ਹੈ, ਵੱਲੋਂ ਇਹ ਸਿਫਾਰਿਸ਼ ਕੀਤੀ ਗਈ ਹੈ ਕਿ ਕੈਨੇਡਾ ਨੂੰ ਜ਼ਰੂਰੀ ਦਵਾਈਆਂ ਦੇ ਘਰੇਲੂ ਉਤਪਾਦਨ ਵਿੱਚ ਵਾਧਾ ਕਰਨਾ ਚਾਹੀਦਾ ਹੈ ਤੇ ਕੋਵਿਡ-19 ਮਹਾਂਮਾਰੀ ਦੌਰਾਨ ਸਰਕਾਰ ਦੇ ਸਾਰੇ ਪੱਧਰਾਂ ਨੂੰ ਵਾਧੂ ਦਵਾਈਆਂ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਰਲ ਕੇ ਕੰਮ ਕਰਨਾ ਚਾਹੀਦਾ ਹੈ।

ਓਐਮਏ ਦੀ ਪ੍ਰੈਜ਼ੀਡੈਂਟ ਡਾ•ਸਾਮੰਥਾ ਹਿੱਲ ਨੇ ਆਖਿਆ ਕਿ ਮਹਾਂਮਾਰੀ ਦੌਰਾਨ ਕਰੌਨਿਕ ਦਵਾਈਆਂ ਦੀ ਕਾਫੀ ਘਾਟ ਹੋ ਗਈ ਹੈ ਤੇ ਆਉਣ ਵਾਲੇ ਹਫਤਿਆਂ ਵਿੱਚ ਜੇ ਕੋਵਿਡ ਕੇਸਾਂ ਵਿੱਚ ਹੋਰ ਵਾਧਾ ਹੁੰਦਾ ਹੈ ਤਾਂ ਸਥਿਤੀ ਹੋਰ ਗੰਭੀਰ ਹੋ ਸਕਦੀ ਹੈ। ਐਸੋਸਿਏਸ਼ਨ ਦਾ ਕਹਿਣਾ ਹੈ ਕਿ ਚੀਨ ਤੇ ਭਾਰਤ ਤੋਂ ਫਾਰਮਾਸਿਊਟੀਕਲਜ਼ ਇਨਗ੍ਰੀਡੀਐਂਟ ਦੀ ਸਪਲਾਈ ਵੀ ਸਹੀ ਢੰਗ ਨਾਲ ਨਾ ਹੋਣ ਕਾਰਨ ਦਿੱਕਤ ਵਿੱਚ ਵਾਧਾ ਹੋਇਆ ਹੈ। ਹੈਲਥ ਕੇਅਰ ਪ੍ਰੋਫੈਸ਼ਨਲਜ਼ ਨੇ ਆਖਿਆ ਕਿ ਐਂਟੀਬਾਇਓਟਿਕਸ ਵਿੱਚ ਵੀ ਕਮੀ ਪਾਈ ਜਾ ਰਹੀ ਹੈ।

ਓਐਮਏ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਅਗਸਤ ਵਿੱਚ ਦੇਸ਼ ਦੇ ਡਾਕਟਰਾਂ ਤੇ ਫਾਰਮਾਸਿਸਟਾਂ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਅਸੈਂਸ਼ੀਅਲ ਦਵਾਈਆਂ ਦੀ ਹੋਣ ਵਾਲੀ ਘਾਟ ਬਾਰੇ ਜਾਣੂ ਕਰਵਾ ਦਿੱਤਾ ਗਿਆ ਸੀ। ਓਐਮਏ ਨੇ ਇਹ ਵੀ ਆਖਿਆ ਕਿ ਸਿਹਤ ਮੰਤਰਾਲੇ ਨੂੰ ਫਾਰਮੇਸੀ ਰੈਗੂਲੇਟਰਜ਼, ਪ੍ਰੋਫੈਸ਼ਨਲ ਐਸੋਸਿਏਸ਼ਨਜ਼ ਤੇ ਅਹਿਮ ਸਟੇਕਹੋਲਡਰਜ਼ ਨਾਲ ਰਲ ਕੇ ਕਾਨੂੰਨ ਵਿੱਚ ਤਬਦੀਲੀ ਕਰਨੀ ਚਾਹੀਦੀ ਹੈ ਤਾਂ ਕਿ ਹਸਪਤਾਲਾਂ ਵਿੱਚ ਵੱਧ ਡਿਮਾਂਡ ਵਾਲੀਆਂ ਦਵਾਈਆਂ ਦੀ ਸਪਲਾਈ ਆਮ ਹੋ ਸਕੇ ਤੇ ਇਨ੍ਹਾਂ ਦੀ ਵੰਡ ਵਿੱਚ ਕੋਈ ਘਾਟ ਨਾ ਰਹੇ। ਫਾਈਜ਼ਰ ਵੈਕਸੀਨ ਦੀ ਘਾਟ ਕਾਰਨ ਮੈਟਰੋ ਟੋਰਾਂਟੋ ਕਨਵੈਨਸ਼ਨ ਸੈਂਟਰ ਵਿਖੇ ਇਮਿਊਨਾਈਜ਼ੇਸ਼ਨ ਕਲੀਨਿਕ ਨੂੰ ਬੰਦ ਕਰਨਾ ਪਿਆ।

# ਓਨਟਾਰੀਓ ਵਿੱਚ ਕੋਵਿਡ-19 ਦੀ ਦੂਜੀ ਡੋਜ਼ ਨੂੰ ਹਾਲ ਦੀ ਘੜੀ ਕੀਤਾ ਜਾਵੇਗਾ ਡਿਲੇਅ

ਓਨਟਾਰੀਓ, 21 ਜਨਵਰੀ (ਪੋਸਟ ਬਿਊਰੋ) : ਪ੍ਰੋਵਿੰਸ਼ੀਅਲ ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਫਾਈਜ਼ਰ-ਬਾਇਓਐਨਟੈਕ ਵੱਲੋਂ ਕੋਵਿਡ-19 ਵੈਕਸੀਨ ਦੀ ਦੂਜੀ ਡੋਜ਼ ਨੂੰ ਹਾਲ ਦੀ ਘੜੀ ਡਿਲੇਅ ਕੀਤਾ ਜਾ ਰਿਹਾ ਹੈ। ਅਜਿਹਾ ਵੈਕਸੀਨ ਦੀ ਡਲਿਵਰੀ ਵਿੱਚ ਹੋਣ ਵਾਲੀ ਆਰਜ਼ੀ ਦੇਰ ਕਾਰਨ ਕੀਤਾ ਗਿਆ ਹੈ।

ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਡੇਵਿਡ ਵਿਲੀਅਮਜ਼ ਦਾ ਕਹਿਣਾ ਹੈ ਕਿ ਲਾਂਗ ਟਾਈਮ ਕੇਅਰ ਰੈਜ਼ੀਡੈਂਟਸ ਨੂੰ ਉਨ੍ਹਾਂ ਦੇ ਅਸੈਂਸ਼ੀਅਲ ਕੇਅਰਗਿਵਰਜ਼ ਤੇ ਸਟਾਫ ਸਮੇਤ ਪਹਿਲੀ ਡੋਜ਼ ਪਹਿਲਾਂ ਹੀ ਹਾਸਲ ਹੋ ਚੁੱਕੀ ਹੈ ਤੇ ਦੂਜੀ ਡੋਜ਼ ਅਗਲੇ 21 ਤੋਂ 27 ਦਿਨਾਂ ਵਿੱਚ ਹਾਸਲ ਹੋਵੇਗੀ। ਵਿਲੀਅਮਜ਼ ਨੇ ਆਖਿਆ ਕਿ ਫਾਈਜ਼ਰ-



ਬਾਇਓਐਨਟੈਕ ਵੈਕਸੀਨ ਦੇ ਹੋਰ ਰੈਸੀਪਿਐਂਟਸ ਨੂੰ ਆਪਣਾ ਦੂਜਾ ਸ਼ੌਟ 21 ਤੋਂ 42 ਦਿਨਾਂ ਦੇ ਅੰਦਰ ਹਾਸਲ ਹੋਵੇਗਾ।

ਜਿਨ੍ਹਾਂ ਵਿਅਕਤੀਆਂ ਨੂੰ ਮੌਡਰਨਾ ਵੈਕਸੀਨ ਦੀ ਪਹਿਲੀ ਡੋਜ਼ ਲੱਗ ਚੁੱਕੀ ਹੈ ਉਨ੍ਹਾਂ ਨੂੰ 28 ਦਿਨਾਂ ਦੇ ਬਾਅਦ ਹੀ ਦੂਜੀ ਡੋਜ਼ ਮਿਲੇਗੀ। ਇਸ ਦੇ ਸ਼ਡਿਊਲ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ। ਪ੍ਰੋਵਿੰਸ ਦਾ ਕਹਿਣਾ ਹੈ ਕਿ ਜੇ ਤੁਹਾਨੂੰ ਵੈਕਸੀਨ ਦੀ ਪਹਿਲੀ ਡੋਜ਼ ਹਾਸਲ ਹੈ ਤਾਂ ਦੂਜੀ ਡੋਜ਼ ਦੇ ਸ਼ਡਿਊਲ ਵਿੱਚ ਹੋਣ ਵਾਲੀ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਬਾਰੇ ਤੁਹਾਨੂੰ ਤੁਹਾਡੀ ਵੈਕਸੀਨ ਸਾਈਟ ਵੱਲੋਂ ਸੰਬੋਧਨ ਕੀਤਾ ਜਾਵੇਗਾ।

ਦੂਜੇ ਪਾਸੇ ਫਾਈਜ਼ਰ-ਬਾਇਓਐਨਟੈਕ ਨੇ ਦੱਸਿਆ ਕਿ ਯੂਰਪੀ ਮੈਨੂਫੈਕਚਰਿੰਗ ਫੈਸਿਲਿਟੀ ਵਿੱਚ ਕੰਮ ਦੇ ਪਸਾਰ ਕਾਰਨ ਕੋਵਿਡ-19 ਦੀ ਵੈਕਸੀਨ ਦੇ ਉਤਪਾਦਨ ਉੱਤੇ ਕੁੱਝ ਹਫਤਿਆਂ ਲਈ ਅਸਰ ਪਵੇਗਾ। ਨਤੀਜੇ ਵਜੋਂ ਫਾਈਜ਼ਰ ਵੱਲੋਂ ਆਰਜ਼ੀ ਤੌਰ ਉੱਤੇ ਸਾਰੇ ਦੇਸ਼ਾਂ ਨੂੰ ਸਪਲਾਈ ਘਟਾਈ ਜਾ ਰਹੀ ਹੈ।

# ਓਟੂਲ ਨੇ ਓਨਟਾਰੀਓ ਤੋਂ ਐਮਪੀ ਸਲੋਨ ਨੂੰ ਟੋਰੀ ਕਾਕਸ ਤੋਂ ਕੀਤਾ ਬਾਹਰ



ਓਟਵਾ, 21 ਜਨਵਰੀ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਓਨਟਾਰੀਓ ਤੋਂ ਐਮਪੀ ਡੈਰੇਕ ਸਲੋਨ ਨੂੰ ਪਾਰਟੀ ਕਾਕਸ ਤੋਂ ਬਾਹਰ ਕਰ ਦਿੱਤਾ ਹੈ। ਓਟੂਲ ਵੱਲੋਂ ਅਜਿਹਾ ਫੈਸਲਾ ਲੀਡਰਸ਼ਿਪ ਕੈਂਪੇਨ ਦੌਰਾਨ ਸਲੋਨ ਵੱਲੋਂ ਵਾਈਟ ਸੁਪਰੀਮੇਸਿਸਟ ਕੋਲੋਂ ਲਈ ਗਈ ਡੋਨੇਸ਼ਨ ਕਾਰਨ ਕੀਤਾ ਗਿਆ।

ਸੋਮਵਾਰ ਨੂੰ ਜਾਰੀ ਕੀਤੇ ਇੱਕ ਬਿਆਨ ਵਿੱਚ ਓਟੂਲ ਨੇ ਆਖਿਆ ਕਿ ਨਸਲਵਾਦ ਇੱਕ ਬਿਮਾਰੀ ਹੈ ਤੇ ਇਹ ਸਾਡੀ ਪਾਰਟੀ ਦੀਆਂ ਕਦਰਾਂ ਕੀਮਤਾਂ ਤੋਂ ਉਲਟ ਹੈ। ਸਾਡੇ ਦੇਸ਼ ਵਿੱਚ ਇਸ ਲਈ ਕੋਈ ਥਾਂ ਨਹੀਂ। ਇਹ ਸੱਭ ਸਾਡੀ ਪਾਰਟੀ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪਾਰਟੀ ਦੀ ਸੋਚ ਬਾਰੇ ਪਤਾ ਹੋਣ ਦੇ ਬਾਵਜੂਦ ਕਿਸੇ ਅਜਿਹੇ ਸ਼ਖਸ ਤੋਂ ਡੋਨੇਸ਼ਨ ਲੈਣਾ ਬਹੁਤ ਵੱਡੀ ਗਲਤੀ ਹੈ ਜਿਹੜਾ ਨਸਲ ਦੇ ਆਧਾਰ ਉੱਤੇ ਫਰਕ ਕਰਦਾ ਹੋਵੇ।

ਹਾਲਾਂਕਿ ਇਹ ਕੰਜ਼ਰਵੇਟਿਵ ਐਮਪੀਜ਼ ਉੱਤੇ ਨਿਰਭਰ ਕਰਦਾ ਸੀ ਕਿ ਉਹ ਸਲੋਨ ਨੂੰ ਪਾਰਟੀ ਵਿੱਚੋਂ ਬਾਹਰ ਕਰਨ ਦਾ ਫੈਸਲਾ ਕਰਨ ਜਾਂ ਨਾ ਪਰ ਓਟੂਲ ਨੇ ਪਹਿਲਾਂ ਹੀ ਇਹ ਸਪਸ਼ਟ ਕਰ ਦਿੱਤਾ ਸੀ ਕਿ ਪਾਰਟੀ ਆਗੂ ਵਜੋਂ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੋਇਆਂ ਉਹ ਸਲੋਨ ਨੂੰ ਅਗਲੀਆਂ ਚੋਣਾਂ ਵਿੱਚ ਟੋਰੀ ਵਜੋਂ ਖੜ੍ਹਾ ਨਹੀਂ ਹੋਣ ਦੇਣਗੇ। ਇਸ ਦੌਰਾਨ ਸੋਮਵਾਰ ਨੂੰ ਸਲੋਨ ਨੇ ਆਖਿਆ ਕਿ ਉਨ੍ਹਾਂ ਦੀ ਲੀਡਰਸ਼ਿਪ ਟੀਮ ਨੇ ਹੋਰਨਾਂ ਡੋਨਰਜ਼ ਸਮੇਤ ਪਾਲ ਫਰੌਮ ਲਾਂ ਦੇ ਸ਼ਖਸ ਤੋਂ 131 ਡਾਲਰ ਦੀ ਡੋਨੇਸ਼ਨ ਲਈ ਸੀ। ਫਰੌਮ ਕਈ ਦਹਾਕਿਆਂ ਤੋਂ ਸੱਜੇ ਪੱਖੀ ਸਿਆਸਤ ਵਿੱਚ ਸਰਗਰਮ ਹੈ। ਉਹ ਨੀਓ ਨਾਜ਼ੀ ਹੈਰੀਟੇਜ ਫਰੰਟ ਦੇ ਕਈ ਈਵੈਂਟਸ ਵਿੱਚ ਵੀ ਹਿੱਸਾ ਲੈ ਚੁੱਕਿਆ ਹੈ।

# ਮੇਪਲਹਰਸਟ ਕੋਰੈਕਸ਼ਨਲ ਕਾਂਪਲੈਕਸ ਦੇ 7 ਕੈਦੀ ਤੇ 7 ਸਟਾਫ ਮੈਂਬਰ ਆਏ ਕੋਵਿਡ-19 ਪਾਜ਼ੀਟਿਵ

ਮਿਲਟਨ, 21 ਜਨਵਰੀ (ਪੋਸਟ ਬਿਊਰੋ) : ਮਿਲਟਨ ਵਿੱਚ ਸਥਿਤ ਮੇਪਲਹਰਸਟ ਕੋਰੈਕਸ਼ਨਲ ਕਾਂਪਲੈਕਸ ਦੇ ਕਈ ਸਟਾਫ ਮੈਂਬਰ ਤੇ ਕੈਦੀ ਵੀਕੈਂਡ ਉੱਤੇ ਕੋਵਿਡ-19 ਪਾਜ਼ੀਟਿਵ ਪਾਏ ਗਏ ਹਨ।

ਹੁਣ ਤੱਕ ਸੱਤ ਕੈਦੀ ਤੇ ਸੱਤ ਸਟਾਫ ਮੈਂਬਰ ਇਨਫੈਕਟ ਹੋ ਚੁੱਕੇ ਹਨ। ਅੰਦਾਜ਼ਨ 240 ਕੈਦੀਆਂ ਨੂੰ ਆਰਜ਼ੀ ਤੌਰ ਉੱਤੇ ਆਈਸੋਲੇਸ਼ਨ ਵਿੱਚ ਰੱਖਿਆ ਗਿਆ ਹੈ ਤਾਂ ਕਿ ਕਰੋਨਾਵਾਇਰਸ ਅੱਗੇ ਨਾ ਫੈਲੇ। ਸੂਤਰਾਂ ਨੇ ਦੱਸਿਆ ਕਿ ਸੋਮਵਾਰ ਨੂੰ ਦੋ ਜਾਂ ਤਿੰਨ ਮੈਂਬਰਾਂ ਨੂੰ ਘਰ ਵੀ ਭੇਜ ਦਿੱਤਾ ਗਿਆ ਕਿਉਂਕਿ ਉਨ੍ਹਾਂ ਵਿੱਚ ਵਾਇਰਸ ਦੇ ਲੱਛਣ ਨਜ਼ਰ ਆ ਰਹੇ ਸਨ। ਜਦੋਂ ਕੈਦੀ ਪਹਿਲੀ ਵਾਰੀ ਕਾਂਪਲੈਕਸ ਪਹੁੰਚੇ ਤਾਂ ਉਨ੍ਹਾਂ ਨੂੰ ਆਮ ਲੋਕਾਂ ਵਿੱਚ ਰਲੀਜ਼ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਇਨਟੇਕ ਯੂਨਿਟ ਨੂੰ 14 ਦਿਨਾਂ ਲਈ ਆਈਸੋਲੇਟ ਕੀਤਾ ਗਿਆ।

ਪਰ ਵੀਕੈਂਡ ਉੱਤੇ ਇਹ ਮਾਮਲੇ ਜਨਰਲ ਪੌਪੂਲੇਸ਼ਨ ਵਿੱਚ ਹੀ ਪਾਏ ਗਏ। ਫੈਸਿਲਿਟੀ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਓਪੀਐਸਈਯੂ ਲੋਕਲ 234 ਦੇ ਪ੍ਰੈਜ਼ੀਡੈਂਟ ਪੀਟਰ ਫਿਗਲੀਓਲਾ ਨੇ ਆਖਿਆ ਕਿ 14 ਦਿਨਾਂ ਦੀ ਇਨਟੇਕ ਯੂਨਿਟ ਵਿੱਚ ਰਹਿਣ ਤੋਂ ਬਾਅਦ ਕੈਦੀਆਂ ਦੇ ਪਾਜ਼ੀਟਿਵ ਪਾਏ ਜਾਣ ਨਾਲ ਚਿੰਤਾ ਹੋਰ ਵਧੀ। ਉਨ੍ਹਾਂ ਆਖਿਆ ਕਿ ਅਸੀਂ ਪਹਿਲੇ ਦਿਨ ਤੋਂ ਇਹੋ ਆਖ ਰਹੇ ਹਾਂ ਕਿ ਇੱਕ ਵਾਰੀ ਵਾਇਰਸ ਦੇ ਇਸ ਇੰਸਟੀਚਿਊਸ਼ਨ ਵਿੱਚ ਦਾਖਲ ਹੋਣ ਤੋਂ ਬਾਅਦ ਇਸ ਉੱਤੇ ਕਾਬੂ ਪਾਉਣਾ ਬਹੁਤ ਔਖਾ ਹੋਵੇਗਾ।

ਫਿਗਲੀਓਲਾ ਦਾ ਕਹਿਣਾ ਹੈ ਕਿ ਸਟਾਫ ਨੇ ਪਾਰਦਰਸ਼ਤਾ ਦੀ ਮੰਗ ਕੀਤੀ ਹੈ ਤੇ ਕਈ ਮੌਕਿਆਂ ਉੱਤੇ ਉਹ ਕਾਂਟੈਕਟ ਟਰੇਸਿੰਗ ਪ੍ਰਕਿਰਿਆ ਵਿੱਚ ਸ਼ਾਮਲ ਹੋਣ ਦੀ ਗੱਲ ਆਖ ਚੁੱਕੇ ਹਨ ਪਰ ਉਨ੍ਹਾਂ ਨਾਲ ਕਿਸੇ ਵੱਲੋਂ ਸਲਾਹ ਨਹੀਂ ਕੀਤੀ ਗਈ। ਉਨਾਂ ਆਖਿਆ ਕਿ ਕਾਂਪਲੈਕਸ ਵਿੱਚ ਕਾਂਟੈਕਟ ਟਰੇਸਿੰਗ ਸਾਲੀਸਿਟਰ ਜਨਰਲ ਦੇ ਮੰਤਰਾਲੇ ਵੱਲੋਂ ਕੀਤੀ ਜਾਂਦੀ ਹੈ। ਪਰ ਅਧਿਕਾਰੀਆਂ ਨੂੰ ਲੱਗ ਰਿਹਾ ਹੈ ਕਿ ਉਨ੍ਹਾਂ ਨੂੰ ਹਨ੍ਹੇਰੇ ਵਿੱਚ ਰੱਖਿਆ ਗਿਆ ਤੇ ਕਾਂਟੈਕਟ ਟਰੇਸਿੰਗ ਪ੍ਰਕਿਰਿਆ ਵਿੱਚ ਉਨ੍ਹਾਂ ਦਾ ਵਿਸ਼ਵਾਸ ਉੱਠ ਗਿਆ।

# ਬੋਇੰਗ ਮੈਕਸ 737 ਨੂੰ ਕੈਨੇਡਾ ਵਿੱਚ ਸਰਵਿਸ ਲਈ ਮਿਲੀ ਮਨਜ਼ੂਰੀ



ਓਟਵਾ, 21 ਜਨਵਰੀ (ਪੋਸਟ ਬਿਊਰੋ) : ਬੋਇੰਗ ਮੈਕਸ ਜਹਾਜ਼ ਨੂੰ ਬੁੱਧਵਾਰ ਤੋਂ ਕੈਨੇਡੀਅਨ ਆਸਮਾਨ ਵਿੱਚ ਉੱਡਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ।

ਟਰਾਂਸਪੋਰਟ ਕੈਨੇਡਾ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਸਰਕਾਰ ਦੀ ਰਵਿਊ ਪ੍ਰਕਿਰਿਆ ਪੂਰੀ ਕਰ ਲਈ ਗਈ ਹੈ ਤੇ ਇਨ੍ਹਾਂ ਜਹਾਜ਼ਾਂ ਨੂੰ ਉਦੋਂ ਤੱਕ ਉੱਡਣ ਦੀ ਇਜਾਜ਼ਤ ਹੋਵੇਗੀ ਜਦੋਂ ਤੱਕ ਇਹ ਪਿਛਲੇ ਮਹੀਨੇ ਰੱਖੀਆਂ ਕੁੱਝ ਸ਼ਰਤਾਂ ਪੂਰੀਆਂ ਨਹੀਂ ਕਰ ਲੈਂਦੇ। ਇਸ ਤਹਿਤ ਪਾਇਲਟਸ ਨੂੰ ਅਜਿਹੇ ਗੜਬੜੀ ਭਰੇ ਵਾਰਨਿੰਗ ਸਿਸਟਮ ਨੂੰ ਨਕਾਰਾ ਕਰਨ ਦੀ ਇਜਾਜ਼ਤ ਵੀ ਹੋਵੇਗੀ ਜਿਸ ਦੀ 2018 ਤੇ 2019 ਵਿੱਚ ਹੋਏ ਹਾਦਸਿਆਂ ਵਿੱਚ ਅਹਿਮ ਭੂਮਿਕਾ ਰਹੀ।

ਟਰਾਂਸਪੋਰਟ ਮੰਤਰੀ ਓਮਰ ਅਲਘਬਰਾ ਨੇ ਆਖਿਆ ਕਿ ਪਿਛਲੇ 20 ਮਹੀਨਿਆਂ ਵਿੱਚ ਟਰਾਂਸਪੋਰਟ ਕੈਨੇਡਾ ਦੇ ਸਿਵਲ ਏਵੀਏਸ਼ਨ ਸੇਫਟੀ ਮਾਹਿਰਾਂ ਵੱਲੋਂ ਕੀਤੇ ਗਏ ਮੁਲਾਂਕਣ ਤੋਂ ਬਾਅਦ ਇਹ ਯਕੀਨ ਦਿਵਾਇਆ ਗਿਆ ਹੈ ਕਿ ਵਿਭਾਗ ਵੱਲੋਂ ਜਿਨ੍ਹਾਂ ਚਿੰਤਾਵਾਂ ਦੀ ਗੱਲ ਕੀਤੀ ਗਈ ਸੀ ਉਨ੍ਹਾਂ ਨੂੰ ਦੂਰ ਕਰ ਦਿੱਤਾ ਗਿਆ ਹੈ। ਅਲਘਬਰਾ ਨੇ ਆਖਿਆ ਕਿ ਏਜੰਸੀ ਨੇ ਬੋਇੰਗ 737 ਮੈਕਸ ਦੇ ਮੁਲਾਂਕਣ ਉੱਤੇ 15000 ਘੰਟੇ ਦਾ ਸਮਾਂ ਖਰਚ ਕੀਤਾ ਹੈ।

# ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਦੇ ਘਰ ਅੱਗੇ ਲੱਗੇ ਬੋਰਡ ’ਤੇ ਕਾਲਖ ਮਲੀ

ਆਨੰਦਪੁਰ ਸਾਹਿਬ, 21 ਜਨਵਰੀ (ਪੋਸਟ ਬਿਊਰੋ)- ਇੱਥੋਂ ਨੇੜਲੇ ਪਿੰਡ ਗੰਗੂਵਾਲ ਵਿੱਚ ਜ਼ਿਲ੍ਹਾ ਰੋਪੜ ਦੇ ਭਾਜਪਾ ਦੇ ਪ੍ਰਧਾਨ ਜਤਿੰਦਰ ਸਿੰਘ ਅਠਵਾਲ ਦੀ ਰਿਹਾਇਸ਼ ਅੱਗੇ ਲੱਗੇ ਬੋਰਡ ’ਤੇ ਰਾਤ ਨੂੰ ਕਿਸੇ ਨੇ ਕਾਲਖ ਮਲ ਕੇ ਕਿਸਾਨ ਏਕਤਾ ਲਿਖ ਦਿੱਤਾ। ਇਸ ਬੋਰਡ ਉਤੇ ਜਤਿੰਦਰ ਸਿੰਘ ਅਠਵਾਲ, ਜ਼ਿਲ੍ਹਾ ਪ੍ਰਧਾਨ ਭਾਰਤੀ ਜਨਤਾ ਪਾਰਟੀ ਲਿਖ ਕੇ ਇਸ ਪਾਰਟੀ ਦਾ ਚੋਣ ਨਿਸ਼ਾਨ ਫੁੱਲ ਬਣਿਆ ਹੋਇਆ ਸੀ।

ਵਰਨਣ ਯੋਗ ਹੈ ਕਿ ਪਿਛਲੇ ਕਈ ਦਿਨਾਂ ਤੋਂ ਕਿਸਾਨ ਅੰਦੋਲਨ ਦੌਰਾਨ ਜਿੱਥੇ ਭਾਜਪਾ ਆਗੂਆਂ ਦਾ ਵਿਰੋਧ ਕੀਤਾ ਜਾ ਰਿਹਾ ਹੈ, ਉਥੇ ਬੋਰਡ ’ਤੇ ਕਾਲਖ ਮਲਣ ਦੀ ਇਸ ਇਲਾਕੇ ਦੀ ਇਹ ਪਹਿਲੀ ਘਟਨਾ ਹੈ। ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਮਰਜੀਤ ਸਿੰਘ ਚਾਵਲਾ ਨੇ ਕਿਹਾ ਕਿ ਭਾਜਪਾ ਆਗੂਆਂ ਨੂੰ ਕੰਧਾਂ ’ਤੇ ਲਿਖਿਆ ਪੜ੍ਹ ਕੇ ਖੇਤੀ ਕਾਨੂੰਨ ਰੱਦ ਕਰ ਦੇਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਉਹ ਸ਼ਾਂਤਮਈ ਅੰਦੋਲਨ ਦੇ ਹੱਕ ਵਿੱਚ ਹਨ ਤੇ ਭਾਜਪਾ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਸੀਨੀਅਰ ਲੀਡਰਸ਼ਿਪ ਨਾਲ ਗੱਲ ਕਰਨ ਤੇ ਕਿਸਾਨਾਂ ਦਾ ਮਸਲਾ ਹੱਲ ਕਰਵਾਉਣ। ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਅਠਵਾਲ ਨੇ ਕਿਹਾ ਕਿ ਇਹ ਕਿਸੇ ਕਿਸਾਨ ਜਥੇਬੰਦੀ ਦਾ ਕੰਮ ਨਹੀਂ ਹੋ ਸਕਦਾ, ਕਿਸੇ ਸ਼ਰਾਰਤੀ ਅਨਸਰ ਦੀ ਕਾਰਵਾਈ ਹੈ, ਜਿਸ ਬਾਰੇ ਉਹ ਪੁਲਸ ਨੂੰ ਸ਼ਿਕਾਇਤ ਕਰਨਗੇ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration



We do appeal for Refusal cases also

Sponsor Your Family

MacroGlobal Immigration Services Ltd.

Seema Bhayana

iccrc



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

## ਅੱਜ ਨਾਮਾ

(22 ਜਨਵਰੀ ਨੂੰ ਉੱਨੀ ਸਾਲ ਪੂਰੇ ਕਰ ਗਿਆ 'ਅੱਜ-ਨਾਮਾ')

ਕਰਿਆ ਯਾਦ ਸਨੇਹੀਆਂ ਨੇ ਅੱਜ-ਨਾਮਾ,
ਉੱਨੀਵਾਂ ਸਾਲ ਵੀ ਗਿਆ ਗੁਜ਼ਾਰ ਬੇਲੀ।
ਮਾੜਾ ਦੌਰ ਇਹ ਗੌਲਦਾ ਰਿਹਾ ਬੇਸ਼ੱਕ,
ਹੌਲੇ ਕਰਨ ਲਈ ਦਿਲਾਂ ਦੇ ਭਾਰ ਬੇਲੀ।
ਜਿੱਧਰ ਕਿਤੇ ਭਲਾਈ ਸੀ ਨਜ਼ਰ ਆਈ,
ਲੈਂਦੀ ਉਹਦੀ ਵੀ ਰਿਹਾ ਹੈ ਸਾਰ ਬੇਲੀ।
ਰਾਜਨੀਤੀ ਦਾ ਛੇੜ ਲਿਆ ਜਦੋਂ ਕਿੱਸਾ,
ਹੋਣਾ ਪਿਆ ਇਸਨੂੰ ਅਵਾ-ਜ਼ਾਰ ਬੇਲੀ।
ਫਿਰਕੇਦਾਰੀ ਦੀ ਮਾਰ ਕੁਝ ਵੇਖ ਵਧਦੀ,
ਕਰਨਾ ਪਿਆ ਜਿੰਦਾਂਕਦੇ ਜ਼ਿਕਰ ਬੇਲੀ।
ਲੋਕਾਂ ਵਾਂਗਰ ਹੀ ਓਸ ਦਿਨ ਅੱਜ-ਨਾਮਾ,
ਕਰਦਾ ਦੇਸ਼ ਦਾ ਰਿਹਾ ਹੈ ਫਿਕਰ ਬੇਲੀ।

**ਤੀਸ ਮਾਰ ਖਾਂ**

# ਕਿਸਾਨ ਜਥੇਬੰਦੀਆਂ ਵੱਲੋਂ ਭਾਰਤ ਸਰਕਾਰ ਦੀਆਂ ਸਭ ਪੇਸ਼ਕਸ਼ਾਂ ਰੱਦ

*** 26 ਜਨਵਰੀ ਦੇ ਟਰੈਕਟਰ ਮਾਰਚ ਦਾ ਫੈਸਲਾ ਪੱਕਾ**



ਟਰੈਕਟਰ ਮਾਰਚ ਦੀ ਰਿਹਰਸਲ ਕਰਦੇ ਹੋਏ ਕਿਸਾਨ।

ਨਵੀਂ ਦਿੱਲੀ, 21 ਜਨਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਨਵੇਂ ਖੇਤੀ ਕਾਨੂੰਨਾਂ ਵਿਰੁੱਧ ਸੰਘਰਸ ਕਰ ਰਹੇ ਸਾਂਝੇ ਕਿਸਾਨ ਮੋਰਚੇ ਦੀ ਅੱਜ ਵੀਰਵਾਰ ਦੀ ਮੀਟਿੰਗ ਨੇ ਇੱਕ ਦਿਨ ਪਹਿਲਾਂਕੇਂਦਰ ਸਰਕਾਰ ਵੱਲੋਂਕੀਤੀਆਂ ਹਰ ਕਿਸਮ ਦੀਆਂ ਪੇਸ਼ਕਸ਼ਾਂ ਨੂੰ ਰੱਦ ਕਰ ਦਿੱਤਾਅਤੇ ਤਿੰਨੇ ਕਾਨੂੰਨ ਰੱਦ ਕਰਨ ਦੇ ਨਾਲ ਦੇਸ਼ ਦੇ ਕਿਸਾਨਾਂ ਨੂੰ ਸਾਰੀਆਂ ਫਸਲਾਂ ਉੱਤੇਘੱਟੋ-ਘੱਟ ਖਰੀਦ ਕੀਮਤ(ਐਮਐਸਪੀ)ਦੇਣ ਲਈ ਕਾਨੂੰਨ ਲਾਗੂ ਕਰਨ ਦੀ ਮੰਗ ਫਿਰ ਦੁਹਰਾਈ ਹੈ।ਕਿਸਾਨ ਮੋਰਚਾ ਨੇ ਅੱਜ ਦੀ ਬੈਠਕ ਦੌਰਾਨ ਅੰਦੋਲਨ ਵਿਚਅੱਜਤੱਕ ਸ਼ਹੀਦ ਹੋਏ 147 ਕਿਸਾਨਾਂ ਨੂੰ ਸ਼ਰਧਾਂਜਲੀ ਦੇ ਕੇ ਕਿਹਾ ਕਿ ਸਾਡੇ ਤੋਂ ਵਿੱਛੜ ਰਹੇ ਸਾਡੇ ਸਾਥੀਆਂਦੀ ਕੁਰਬਾਨੀ ਵਿਅਰਥ ਨਹੀਂ ਜਾਣ ਦਿੱਤੀ ਜਾਵੇਗੀ।

ਇਸ ਦੌਰਾਨ ਅੱਜ ਦਿੱਲੀ ਪੁਲਿਸ ਦੇ ਅਧਿਕਾਰੀਆਂ ਨਾਲ ਹੋਈ ਬੈਠਕ ਦੌਰਾਨ ਪੁਲਿਸ ਨੇ ਇੱਕ ਵਾਰ ਫਿਰ ਕਿਹਾ ਕਿ ਕਿਸਾਨਾਂ ਦੀ ਗਣਤੰਤਰ ਟਰੈਕਟਰ ਪਰੇਡ ਦਿੱਲੀ ਦੀ ਰਿੰਗ ਰੋਡ ਉੱਪਰ ਨਾ ਲਿਜਾਈ ਜਾਵੇ, ਪਰ ਕਿਸਾਨ ਆਗੂਆਂ ਨੇ ਜ਼ੋਰ ਨਾਲ ਕਹਿ ਦਿੱਤਾ ਕਿ ਇਹ ਪਰੇਡ ਰਿੰਗ ਰੋਡ ਉੱਤੇ ਹੀ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਇਹ ਸ਼ਾਂਤਮਈ ਅੰਦੋਲਨਇਸ ਵਕਤ ਦੇਸ਼ ਵਿਆਪੀ ਬਣ ਚੁੱਕਾ ਹੈ ਅਤੇ ਗਣਤੰਤਰ ਦਿਵਸ ਮਨਾਉਣ ਲਈ ਕਿਸਾਨ ਕਰਨਾਟਕ ਵਿਚ ਕਈ ਥਾਵਾਂ ਉੱਤੇਟਰੈਕਟਰ ਰੈਲੀਆਂ ਕਰ ਕੇ ਇਕੱਠੇ ਹੋ ਰਹੇ ਹਨ ਅਤੇ ਭਾਰਤ ਦੇ ਧੁਰ ਦੱਖਣੀ ਰਾਜ ਕੇਰਲ ਵਿੱਚਵੀ ਕਈ ਥਾਵਾਂ ਉੱਤੇ ਕਿਸਾਨ ਟਰੈਕਟਰ ਮਾਰਚ ਕਰ ਰਹੇ ਹਨ ਅਤੇ ਹੋਰ ਸੂਬਿਆਂ ਵਿੱਚ ਵੀ ਇਹੋ ਤਿਆਰੀਆਂ ਹਨ।

ਅੱਜ ਦੀ ਖਬਰ ਹੈ ਕਿ ਉੱਤਰਾਖੰਡ ਦੇ ਬਿਲਾਸਪੁਰ ਅਤੇ ਰਾਮਪੁਰ ਵਿੱਚੋਂ ਕਿਸਾਨ ਟਰੈਕਟਰ ਮਾਰਚ ਕਰਕੇ ਦਿੱਲੀਵਿੱਚ'ਕਿਸਾਨ ਪਰੇਡ' ਵਿੱਚ ਪੁੱਜਣ ਦੀ ਤਿਆਰੀ ਵਿੱਚ ਹਨ। ਛੱਤੀਸਗੜ੍ਹ ਦੇ ਕਿਸਾਨ 23 ਜਨਵਰੀ ਨੂੰ ਓਥੇ ਰਾਜ ਭਵਨ (ਗਵਰਨਰ ਦੀ ਰਿਹਾਇਸ਼) ਦਾ ਘਿਰਾਓ ਕਰਨਗੇ ਅਤੇ ਇਕ ਜੱਥਾ ਦਿੱਲੀਨੂੰ ਜਾਵੇਗਾ। ਉੜੀਸਾ ਤੋਂ ਚਲਾਈ ਗਈ ਨਵ-ਨਿਰਮਾਣ ਕਿਸਾਨ ਸੰਗਠਨ ਦੀ 'ਕਿਸਾਨ ਦਿੱਲੀ ਚਲੋ ਯਾਤਰਾ' ਨੂੰ ਉੱਤਰ ਪ੍ਰਦੇਸ਼ ਸਰਕਾਰ ਰੋਕਾਂ ਲਾ ਰਹੀ ਹੈ ਤੇ ਇਸ ਦੇ ਰੂਟ ਬਦਲੇ ਜਾ ਰਹੇ ਹਨ, ਤਾਂ ਕਿ 26 ਜਨਵਰੀ ਤੱਕ ਦਿੱਲੀ ਨਾ ਪੁੱਜ ਸਕੇ। ਓਧਰ ਕੋਲਕਾਤਾ ਵਿੱਚ 3 ਰੋਜ਼ਾ ਪ੍ਰੋਗਰਾਮ 20 ਜਨਵਰੀ ਤੋਂ 22 ਜਨਵਰੀ ਤੱਕਚੱਲਣਾ ਹੈ। ਏਸੇ ਤਰ੍ਹਾਂ ਲਗਭਗ ਹਰ ਰਾਜ ਵਿੱਚ ਹੋਣ ਦੀਆਂ ਖਬਰਾਂ ਹਨ।

ਕਿਸਾਨ ਆਗੂਆਂ ਨੇ ਖੇਤੀ ਕਾਨੂੰਨਾਂ ਨੂੰ ਇੱਕ ਜਾਂ ਡੇਢ ਸਾਲ ਲਈ ਲਾਗੂ ਨਾ ਕਰਨ ਦੀਆਂ ਕੇਂਦਰ ਸਰਕਾਰ ਦੀਆਂ ਸਾਰੀਆਂ ਪੇਸ਼ਕਸ਼ਾਂ ਨੂੰ ਰੱਦ ਕਰ ਕੇ ਕਹਿ ਦਿੱਤਾ ਹੈ ਕਿ ਸਾਡੀ ਮੰਗ ਸਿਰਫ ਇਨ੍ਹਾਂ ਕਾਨੂੰਨਾਂ ਨੂੰ ਮੁੱਢੋਂ ਰੱਦ ਕਰਨ ਦੇ ਨਾਲ ਕਿਸਾਨੀ ਫਸਲਾਂ ਲਈ ਐੱਮ ਐੱਸ ਪੀ ਦੀ ਕਾਨੂੰਨੀ ਵਿਵਸਥਾ ਲਾਗੂ ਕਰਨ ਦੀ ਹੈ, ਜਿਸ ਲਈ ਸੰਘਰਸ਼ ਜਾਰੀ ਰਹੇਗਾ।

## ਖੇਤੀ ਕਾਨੂੰਨਾਂ ਦੇ ਖਿਲਾਫ ਅੰਨਾ ਹਜ਼ਾਰੇ ਦੀ ਭੁੱਖ ਹੜਤਾਲ 30 ਜਨਵਰੀ ਤੋਂ ਸ਼ੁਰੂ ਹੋਵੇਗੀ

ਮੁੰਬਈ, 21 ਜਨਵਰੀ, (ਪੋਸਟ ਬਿਊਰੋ)- ਕਿਸ਼ਨ ਬਾਬੂਰਾਓ ਅੰਨਾ ਹਜ਼ਾਰੇ ਨੇ ਐਲਾਨ ਕੀਤਾ ਹੈ ਕਿ ਉਹ 30 ਜਨਵਰੀ ਤੋਂ ਕਿਸਾਨਾਂ ਦੇ ਸੰਘਰਸ਼ ਦੇ ਹੱਕ ਵਿੱਚ ਭੁੱਖ ਹੜਤਾਲ ਸ਼ੁਰੂ ਕਰਨਗੇ। ਇਸ ਭੁੱਖ ਹੜਤਾਲ ਦਾ ਟਿਕਾਣਾ ਦਿੱਲੀ ਜਾਂ ਮੁੰਬਈ ਦੀ ਥਾਂ ਮਹਾਰਾਸ਼ਟਰ ਦੇ ਅਹਿਮਦਨਗਰ ਜ਼ਿਲੇ ਵਿਚਲਾ ਉਨ੍ਹਾਂ ਦਾ ਆਪਣਾ ਪਿੰਡ ਰਾਲੇਗਣ ਸਿੱਧੀ ਹੋਵੇਗਾ। ਦਿੱਲੀ ਬਾਰਡਰ ਉੱਤੇ ਚੱਲ ਰਹੇ ਸਾਂਝੇ ਕਿਸਾਨ ਅੰਦੋਲਨਬਾਰੇ ਅੰਨਾ ਹਜ਼ਾਰੇ ਨੇ ਬੀਤੀ 8 ਦਸੰਬਰ ਨੂੰ ਵੀ ਕਿਸਾਨਾਂ ਦੇ ਸਮੱਰਥਨ ਵਿੱਚ ਇਕ ਦਿਨ ਭੁੱਖ ਹੜਤਾਲ ਕੀਤੀ ਅਤੇ ਐਲਾਨ ਕੀਤਾ ਸੀ ਕਿ 30 ਜਨਵਰੀ ਤੋਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਲਈ ਮਰਨ ਵਰਤ ਰੱਖਣਗੇ। ਉਨ੍ਹਾਂ ਨੇ ਭੁੱਖ ਹੜਤਾਲ ਲਈ ਸਰਕਾਰ ਤੋਂ ਦਿੱਲੀ ਦੇ ਰਾਮਲੀਲਾ ਮੈਦਾਨ ਦੀ ਇਜਾਜਤ ਮੰਗੀ ਸੀ, ਪਰ ਉਨ੍ਹਾਂ ਨੂੰ ਕੋਈ ਜਵਾਬ ਨਹੀਂ ਮਿਲਿਆ। ਇਸ ਤੋਂ ਬਾਅਦ ਉਨ੍ਹਾਂ ਨੇ ਇਹ ਤੈਅ ਕੀਤਾ ਕਿ ਉਹ ਆਪਣੇ ਪਿੰਡ ਵਿੱਚ ਭੁੱਖ ਹੜਤਾਲ ਕਰਨਗੇ।

## ਸ਼ਿਵ ਸੈਨਾ ਅਤੇ ਐੱਨਸੀਪੀ ਨੇ ਬਾਲਾਕੋਟ ਕੇਸ ਵਿੱਚ ਅਰਨਬ ਉੱਤੇ ਕਾਰਵਾਈ ਦੀ ਮੰਗ ਚੁੱਕੀ

ਮੁੰਬਈ, 21 ਜਨਵਰੀ, (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਅਤੇ ਐੱਨਸੀਪੀ ਦੋਵਾਂ ਪਾਰਟੀਆਂ ਨੇ ਅੱਜ ਰਿਪਬਲਿਕਨ ਟੀਵੀ ਦੇ ਮੁੱਖ ਸੰਪਾਦਕ ਅਰਨਬ ਗੋਸਵਾਮੀ ਦੇ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਇਸ ਰਾਜ ਵਿੱਚ ਸੱਤਾਧਾਰੀ ਗੱਠਜੋੜ ਦੀਆਂ ਦੋਵਾਂ ਵੱਡੀਆਂ ਸਹਿਯੋਗੀ ਧਿਰਾਂ ਦਾ ਕਹਿਣਾ ਹੈ ਕਿ ਬਾਲਾਕੋਟ ਬਾਰੇ ਭਾਰਤੀ ਹਵਾਈ ਫ਼ੌਜ ਦੇ ਹਵਾਈ ਹਮਲੇ ਦੀ ਜਾਣਕਾਰੀ ਅਰਨਬ ਗੋਸਵਾਮੀ ਵੱਲੋਂ ਪਹਿਲਾਂ ਤੋਂ ਹੋਣ ਬਾਰੇ ਵ੍ਹਟਸਐਪ ਚੈਟ ਵਿੱਚ ਜ਼ਿਕਰ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਸ਼ਿਵ ਸੈਨਾ ਨੇ ਆਪਣੇ ਅਖ਼ਬਾਰ ਸਾਮਨਾ ਵਿੱਚ ਭਾਜਪਾ ਨੂੰ ਕਿਹਾ ਹੈ ਕਿ ਇਹ ਸਹੀ ਹੈ ਕਿ ਭਾਜਪਾ ਆਗੂਆਂ ਨੇ ਤਾਂਡਵ ਵੈੱਬ ਸੀਰੀਜ਼ ਖ਼ਿਲਾਫ਼ ਕੇਸ ਦਰਜ ਕੀਤਾ ਹੈ, ਪਰ ਉਨ੍ਹਾਂ ਦੀ ਹਿੰਮਤ ਹੈ ਤਾਂ ਪੱਤਰਕਾਰ ਅਰਨਬ ਗੋਸਵਾਮੀ ਉੱਤੇ ਕੇਸ ਦਰਜ ਕਰਨ, ਜਿਸ ਨੇ ਸ਼ਹੀਦ ਹੋਏ ਭਾਰਤੀ ਫ਼ੌਜੀਆਂ ਦਾ ਅਪਮਾਨ ਕੀਤਾ ਹੈ। ਕੇਂਦਰ ਸਰਕਾਰ ਨੂੰ ਇਸ ਦੀ ਸੱਚਾਈ ਜਾਣਨ ਲਈ ਜਾਂਚ ਦੇ ਆਦੇਸ਼ ਦੇਣੇ ਚਾਹੀਦੇ ਹਨ।

# ਬਾਈਡੇਨ ਵੱਲੋਂ ਅਹੁਦਾ ਸੰਭਾਲਦੇ ਸਾਰ 15 ਆਦੇਸ਼ਾਂ ਉੱਤੇ ਦਸਖ਼ਤ

*** ਸੰਸਾਰ ਸਿਹਤ ਸੰਗਠਨ ਵਿੱਚ ਅਮਰੀਕਾ ਫਿਰ ਸ਼ਾਮਲ**



ਵਾਸ਼ਿੰਗਟਨ, 21 ਜਨਵਰੀ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਨੇ ਅਹੁਦਾ ਸੰਭਾਲਦੇ ਸਾਰ 15 ਕਾਰਜਕਾਰੀ ਆਦੇਸ਼ਾਂ ਉੱਤੇ ਦਸਖ਼ਤ ਕਰ ਦਿੱਤੇ ਹਨ, ਜਿਨ੍ਹਾਂ ਵਿਚੋਂ ਕੁਝ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਕਤ ਦੀਆਂ ਖਾਸ ਵਿਦੇਸ਼ ਨੀਤੀਆਂ ਅਤੇ ਕੌਮੀਸੁਰੱਖਿਆ ਨਾਲ ਸਬੰਧਤ ਫ਼ੈਸਲਿਆਂ ਨੂੰ ਪਲਟਣ ਵਾਲੇ ਹਨ।

ਜੋਅ ਬਾਇਡੇਨ ਵੱਲੋਂ ਜਾਰੀ ਕੀਤੇ ਗਏ ਕਾਰਜਕਾਰੀ ਆਦੇਸ਼ਾਂ ਵਿੱਚੋਂ ਇੱਕ ਦੇ ਨਾਲਵਾਤਾਵਰਣ ਤਬਦੀਲੀ ਬਾਰੇ ਪੈਰਿਸ ਸਮਝੌਤੇ ਵਿਚ ਮੁੜ ਕੇ ਸ਼ਾਮਲ ਹੋਣਾ ਸ਼ਾਮਲ ਹੈ। ਇੱਕ ਹੋਰ ਫੈਸਲੇ ਨਾਲ ਅਮਰੀਕਾ ਫਿਰ ਵਿਸ਼ਵ ਸਿਹਤ ਸੰਗਠਨ (ਡਬਲਊ ਐੱਚ ਓ) ਸ਼ਾਮਲ ਹੋਣ ਲੱਗਾ ਹੈ। ਇਸ ਦੇ ਵੱਖ ਹੋਣ ਲਈ ਜਿਹੜੀ ਪ੍ਰਕਿਰਿਆ ਪਿਛਲੇ ਰਾਸ਼ਟਰਪਤੀ ਡੋਨ-ਾਲਡ ਟਰੰਪ ਨੇ ਸ਼ੁਰੂ ਕੀਤੀ ਸੀ, ਉਹ ਬਾਇਡੇਨ ਨੇ ਰੋਕ ਦਿੱਤੀ ਹੈ। ਨਵੇਂ ਰਾਸ਼ਟਰਪਤੀ ਨੇ ਮੁਸਲਿਮ ਦੇਸ਼ਾਂ ਦੇ ਲੋਕਾਂ ਦੀ ਯਾਤਰਾ ਉੱਤੇ ਡੋਨਾਲਡ ਟਰੰਪ ਵੱਲੋਂ ਲਾਈ ਪਾਬੰਦੀ ਹਟਾਉਣ ਅਤੇ ਮੈਕਸੀਕੋ ਬਾਰਡਰ ਉੱਤੇ ਕੰਧ ਬਣਾਉਣ ਦਾ ਕੰਮ ਵੀ ਰੋਕਣਦਾ ਹੁਕਮ ਜਾਰੀ ਕਰ ਦਿੱਤਾ ਹੈ। ਇਨ੍ਹਾਂ ਕਾਰਜਕਾਰੀ ਆਦੇਸ਼ਾਂ ਉੱਤੇ ਦਸਖ਼ਤ ਕਰਨ ਮਗਰੋਂਰਾਸ਼ਟਰਪਤੀ ਜੋਅ ਬਾਇਡੇਨ ਨੇ ਵ੍ਹਾਈਟ ਹਾਊਸ ਦੇ ਓਵਲ ਆਫਿਸ ਵਿਚ ਪੱਤਰਕਾਰਾਂ ਨੂੰ ਕਿਹਾ, 'ਮੈਂ ਇਨ੍ਹਾਂ ਕਾਰਜਕਾਰੀ ਕਦਮਾਂ ਨਾਲ ਮਾਣ ਮਹਿਸੂਸ ਕਰਦਾ ਹਾਂ ਅਤੇ ਅਮਰੀਕੀ ਲੋਕਾਂ ਨਾਲ ਜੋ ਵਾਅਦਾ ਕੀਤਾ ਸੀ, ਉਸ ਨੂੰ ਪੂਰਾ ਕਰਨ ਲੱਗਾ ਹਾਂ, ਅਜੇ ਲੰਬੀ ਯਾਤਰਾ ਕਰਨੀ ਹੈ। ਇਹ ਸਿਰਫ ਕਾਰਜਕਾਰੀ ਆਦੇਸ਼ ਹਨ। ਇਹ ਜ਼ਰੂਰੀ ਹਨ, ਪਰ ਜੋ ਅਸੀਂ ਕਰਨ ਵਾਲੇ ਹਾਂ, ਉਸ ਲਈ ਸਾਨੂੰ ਬਿੱਲਾਂ ਦੀ ਲੋੜ ਪਵੇਗੀ।' ਬਾਇਡੇਨ ਨੇ ਕਿਹਾ ਕਿ ਉਹ ਅਜੇ ਹੋਰ ਆਦੇਸ਼ਾਂ ਉੱਤੇਵੀ ਦਸਖ਼ਤ ਕਰਨ ਵਾਲੇ ਹਨ।

ਰਾਸ਼ਟਰਪਤੀ ਜੋਅ ਬਾਇਡੇਨ ਵੱਲੋਂ ਜਾਰੀ ਕੀਤੇ ਹੁਕਮਾਂ ਵਿੱਚ ਪਹਿਲਾ ਆਦੇਸ਼ 100 ਦਿਨ ਮਾਸਕ ਲਾਉਣ ਵਾਲਾ ਸੀ, ਜਿਸ ਵਿਚ ਦੇਸ਼ ਦੀ ਜਨਤਾ ਨੂੰ 100 ਦਿਨ ਤੱਕ ਮਾਸਕ ਲਾਉਣ ਨੂੰ ਕਿਹਾ ਗਿਆ ਹੈ। ਇਸ ਦੇ ਨਾਲ ਬਾਇਡੇਨ ਨੇ ਅਹੁਦਾ ਸੰਭਾਲਦੇ ਸਾਰ ਦੇਸ਼ ਨੂੰ ਵਿਸ਼ਵ ਸਿਹਤ ਸੰਗਠਨ (ਡਬਲਊ ਐੱਚ ਓ) ਵਿਚ ਮੁੜ ਸ਼ਾਮਲ ਕਰਨ ਦੇ ਕਾਰਜਕਾਰੀ ਆਦੇਸ਼ ਉੱਤੇ ਦਸਖ਼ਤ ਕਰ ਦਿੱਤੇ ਹਨ। ਯੂ ਐੱਨ ਓ ਦੇ ਸੈਕਟਰੀ ਜਨਰਲ ਐਂਟੋਨੀਓ ਗੁਤਾਰੇਸ ਨੇ ਇਸ ਸੰਗਠਨ ਵਿੱਚ ਅਮਰੀਕਾ ਦੇ ਮੁੜ ਸ਼ਾਮਲ ਹੋਣ ਦਾ ਸਵਾਗਤ ਕੀਤਾ ਹੈ। ਇੱਕ ਹੋਰ ਹੁਕਮ ਰਾਹੀਂ ਜੋਅ ਬਾਇਡੇਨ ਨੇ ਪੈਰਿਸ ਵਾਤਾਵਰਣ ਸਮਝੌਤੇ ਵਿਚ ਵੀ ਅਮਰੀਕਾ ਮੁੜ ਸ਼ਾਮਲ ਕਰ ਦਿੱਤਾ ਹੈ। ਨਵੀਂ ਪ੍ਰੈੱਸ ਸੈਕਟਰੀ ਜੇਨ ਸਾਕੀ ਨੇ ਕਿਹਾ ਕਿ ਰਾਸ਼ਟਰਪਤੀ ਬਾਇਡੇਨ ਨੇ ਨਸਲੀ ਬਰਾਬਰੀ ਨੂੰ ਵਧਾਉਣਤੇ ਫੈਡਰਲ ਪ੍ਰੋਗਰਾਮਾਂ ਤੇ ਸੰਸਥਾਵਾਂ ਵਿਚ ਸੰਸਥਾਤਮਕ ਨਸਲਵਾਦ ਨੂੰ ਜੜ੍ਹੋਂ ਖਤਮ ਕਰਨ ਦੇ ਸਰਕਾਰੀ ਯਤਨ ਸ਼ੁਰੂ ਕਰ ਦਿੱਤੇ ਹਨ। ਜੋਅ ਬਾਇਡੇਨ ਨੇ ਅਟਾਰਨੀ ਜਨਰਲ ਨਾਲ ਵਿਚਾਰ ਦੇ ਬਾਅਦ ਅੰਦਰੂਨੀ ਸੁਰੱਖਿਆ ਮੰਤਰੀ ਨੂੰ ਇਹਕਿਹਾ ਹੈ ਕਿ ਡੀ ਸੀ ਏ (ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਐਰਾਈਵਲਜ਼) ਨੂੰ ਬਚਾਉਣ ਲਈ ਯੋਗ ਕਾਰਵਾਈਕਰਨ। ਇਹ ਉਨ੍ਹਾਂ ਲੋਕਾਂ ਨੂੰ ਦੇਸ਼ ਨਿਕਾਲੇ ਤੋਂ ਵਕਤੀ ਰਾਹਤ ਵੀਦੇਵੇਗਾ, ਜਿਹੜੇਇਸ ਦੇਸ਼ ਵਿੱਚ ਓਦੋਂਆਏ ਸਨ, ਜਦੋਂ ਉਹ ਬੱਚੇ ਸਨ। ਪ੍ਰੈੱਸ ਸੈਕਟਰੀਦੇ ਮੁਤਾਬਕ ਰਾਸ਼ਟਰਪਤੀ ਨੇ ਮੁਸਲਿਮ ਦੇਸ਼ਾਂ ਤੋਂ ਆ ਰਹੇ ਲੋਕਾਂ ਉੱਤੇਲੱਗੀਆਂ ਪਾਬੰਦੀਆਂ ਨੂੰ ਖਤਮ ਕਰ ਦਿੱਤਾਅਤੇ ਮੈਕਸੀਕੋ ਬਾਰਡਰ ਉੱਤੇ ਬਣਨ ਵਾਲੀ ਕੰਧ ਦੀ ਉਸਾਰੀਉੱਤੇ ਰੋਕ ਲਾ ਦਿੱਤੀ ਹੈ।

# ਕੋਵਿਡ ਦੀ ਵੈਕਸੀਨ ਬਣਾਉਣ ਵਾਲੇ ਸੀਰਮ ਇੰਸਟੀਚਿਊਟ ਦੇ ਪਲਾਂਟ ਵਿੱਚ ਅੱਗ

*** 5 ਲੋਕਾਂ ਦੀ ਮੌਤ, ਪਰ ਕੋਵਿਡ ਵੈਕਸੀਨ ਪਲਾਂਟ ਸੁਰੱਖਿਅਤ**





ਪੁਣੇ, 21 ਜਨਵਰੀ, (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਪੁਣੇ ਵਿਚ ਸੀਰਮ ਇੰਸਟੀਚਿਊਟ ਦੇ ਟਰਮੀਨਲ ਨੰਬਰ 1 ਦੇ ਗੇਟ ਦੇ ਕੋਲ ਵੀਰਵਾਰ ਦੁਪਹਿਰ ਨੂੰ ਭਿਆਨਕ ਅੱਗਲੱਗ ਗਈ, ਜਿੱਥੇ ਕੋਰੋਨਾ ਵਾਇਰਸ ਟੀਕਾ ਕੋਵਿਸ਼ਿਲਡ ਬਣਦਾ ਹੈ। ਸੀਰਮ ਇੰਸਟੀਚਿਊਟ ਦੇ ਮੰਜਰੀ ਪਲਾਂਟ ਵਿਚ ਲੱਗੀ ਇਸਅੱਗ ਨੂੰ ਲਗਭਗ 2 ਘੰਟੇ ਦੀ ਸਖਤ ਮਿਹਨਤ ਸਕਦਾ ਕਾਬੂ ਕਰ ਲਿਆ ਗਿਆ ਹੈ, ਪਰ ਇਸ ਹਾਦਸੇ ਵਿੱਚ 5 ਲੋਕਾਂ ਦੀ ਮੌਤ ਹੋਣ ਦੀ ਖਬਰ ਮਿਲੀ ਹੈ।

ਮਿਲੀ ਜਾਣਕਾਰੀ ਅਨੁਸਾਰ ਅੱਗ ਸੀਰਮ ਇੰਸਟੀਚਿਊਟ ਦੀ ਟਰਮੀਨਲ ਗੇਟ 1 ਨੇੜਲੀ 3 ਨੰਬਰ ਬਿਲਡਿੰਗ ਦੀ ਚੌਥੀ ਅਤੇ ਪੰਜਵੀਂ ਮੰਜ਼ਲ ਤੱਕ ਫੈਲ ਗਈ, ਪਰ ਕੌਮੀ ਰਾਹਤ ਫੋਰਸ (ਐਨਡੀਆਰਐਫ) ਦੀ ਟੀਮ ਰਾਹਤ ਤੇ ਬਚਾਅ ਕਾਰਜਾਂ ਲਈ ਸੀਰਮ ਇੰਸਟੀਚਿਊਟ ਵਿੱਚਮੌਜੂਦ ਸੀ। ਪੁਣੇ ਦੇ ਮੇਅਰ ਮੁਰਲੀਧਰ ਮੋਹੋਲ ਦੇ ਮੁਤਾਬਕ ਇਮਾਰਤ ਵਿੱਚੋਂ ਚਾਰ ਲੋਕਾਂ ਨੂੰ ਸੁਰੱਖਿਅਤ ਕੱਢਿਆ ਗਿਆ, ਪਰ ਅੱਗ ਉੱਤੇ ਕਾਬੂ ਪੈਣ ਪਿੱਛੋਂ 5 ਲਾਸ਼ਾਂ ਮਿਲੀਆਂ ਹਨ। ਮੇਅਰ ਨੇ ਕਿਹਾ ਕਿ ਮਰਨ ਵਾਲੇ ਪੰਜੇ ਲੋਕ ਬਣ ਰਹੀ ਬਿਲਡਿੰਗ ਵਿਚ ਕੰਮ ਕਰਦੇ ਕਾਮੇ ਹੋ ਸਕਦੇ ਹਨ। ਅੱਗ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ, ਪਰ ਲਗਦਾ ਹੈ ਕਿ ਇਮਾਰਤ ਵਿੱਚ ਵੈਲਡਿੰਗ ਦੇ ਕੰਮ ਨਾਲ ਲੱਗੀ ਹੋਵੇਗੀ। ਮੁੱਖ ਮੰਤਰੀ ਊਧਵ ਠਾਕਰੇ ਨੇ ਕਿਹਾ ਕਿ ਅੱਗ ਉੱਤੇ ਕਾਬੂ ਪਾ ਲਿਆ ਹੈ ਤੇ ਇਹਅੱਗ ਕੋਵਿਡ ਵੈਕਸੀਨ ਵਾਲੇ ਯੂਨਿਟ ਵਿਚ ਨਹੀਂ ਲੱਗੀ ਸੀ।

ਇੱਕ ਰਿਪੋਰਟ ਹੈ ਕਿਅੱਗ ਸੀਰਮ ਇੰਸਟੀਚਿਊਟ ਦੇ ਪ੍ਰੋਡਕਸ਼ਨ ਪਲਾਂਟ ਵਿਚ ਲੱਗੀ ਸੀ, ਜਿਹੜਾ ਕੋਵਿਸ਼ਿਲਡ ਬਣਾਉਣ ਵਾਲੇ ਯੂਨਿਟ ਦੇ ਨੇੜੇ ਹੈ। ਕੰਪਨੀ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਅੱਗ ਸੀਰਮ ਇੰਸਟੀਚਿਊਟ ਦੇ ਮੰਜਰੀ ਨਾਮਕ ਪਲਾਂਟ ਵਿਚ ਲੱਗੀ ਹੈ, ਪਰ ਇਸ ਨਾਲ ਕੋਰੋਨਾ ਦੇ ਟੀਕੇ ਉੱਤੇ ਕੋਈ ਅਸਰ ਨਹੀਂ ਪਵੇਗਾ। ਇਹ ਇੰਸਟੀਚਿਊਟਆਕਸਫੋਰਡ ਯੂਨੀਵਰਸਿਟੀ ਅਤੇ ਫਾਰਮਾਸਿਊਟੀਕਲ ਕੰਪਨੀ ਐਸਟਰਾਜ਼ੇਨੇਕਾ ਵੱਲੋਂ ਵਿਕਸਤ ਕੀਤਾਕੋਰੋਨਾ ਵਾਇਰਸਦਾ ਕੋਵਿਸ਼ੀਲਡ ਟੀਕਾ ਬਣਾ ਰਿਹਾ ਹੈ। ਸੀਰਮ ਇੰਸਟੀਚਿਊਟ ਦੁਨੀਆ ਦੀ ਸਭ ਤੋਂ ਵੱਡੀ ਟੀਕਾ ਬਣਾਉਣ ਵਾਲੀ ਕੰਪਨੀ ਹੈ, ਜਿਹੜੀ 1966 ਵਿਚ ਸਾਈਰਸ ਪੂਨਾਵਾਲਾ ਨੇ ਸ਼ੁਰੂ ਕੀਤੀ ਸੀ।

# ਗੁਰਮੀਤ ਰਾਮ ਰਹੀਮ ਨੂੰ 'ਸਾਜ਼ਿਸ਼ ਦਾ ਸ਼ਿਕਾਰ' ਦੱਸ ਕੇਨ ਵੀਂ ਅਰਜ਼ੀ ਹਾਈ ਕੋਰਟ ਵਿੱਚ ਪੇਸ਼

ਚੰਡੀਗੜ੍ਹ, 21 ਜਨਵਰੀ, (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਇਕ ਨਵੀਂ ਅਰਜ਼ੀ ਦਾਇਰ ਕੀਤੀ ਗਈ ਹੈ, ਜਿਸ ਵਿੱਚ ਇਹ ਦੋਸ਼ ਲਾਇਆ ਗਿਆ ਹੈ ਕਿ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਸਾਜ਼ਿਸ਼ ਦੇ ਤਹਿਤ ਕਤਲ ਤੇ ਬਲਾਤਕਾਰ ਦੇ ਕੇਸ ਵਿੱਚ ਫਸਾ ਕੇ ਬੰਦ ਕੀਤਾ ਗਿਆ ਹੈ। ਪਟੀਸ਼ਨਰ ਨੇ ਕਿਹਾ ਹੈ ਕਿ ਜਿਨ੍ਹਾਂ ਸੰਤਾਂ ਨੇ ਧਾਰਮਿਕ ਪ੍ਰਚਾਰ ਨਾਲ ਮਨੁੱਖ ਨੂੰ ਈਸ਼ਵਰ ਨਾਲ ਜੋੜਨ ਵਾਲਾ ਕੰਮ ਕੀਤਾ ਹੈ, ਉਹ ਸਾਜ਼ਿਸ਼ ਦਾ ਸ਼ਿਕਾਰ ਬਣਾ ਕੇ ਹਕੂਮਤਵੱਲੋਂ ਪਰੇਸ਼ਾਨ ਕੀਤੇ ਜਾ ਰਹੇ ਹਨ ਤੇ ਰਾਮ ਰਹੀਮ ਨਾਲ ਵੀ ਇਹੋ ਹੋਇਆ ਹੈ।

ਹਾਈ ਕੋਰਟ ਵਿੱਚ ਪੇਸ਼ ਕੀਤੀ ਇਸ ਪਟੀਸ਼ਨ ਵਿੱਚ ਸਿਰਸਾ ਦੇ ਡੇਰਾ ਸੱਚਾ ਸੌਦਾ ਦੀ ਮੈਨੇਜਮੈਂਟ, ਵਕੀਲਾਂ ਤੇ ਸੀਬੀਆਈ ਅਧਿਕਾਰੀਆਂ ਦੇ ਖ਼ਿਲਾਫ਼ ਕਾਰਵਾਈ ਦੀ ਮੰਗ ਦੇ ਨਾਲ ਡੇਰਾ ਮੈਨੇਜਮੈਂਟ, ਵਕੀਲਾਂ ਅਤੇ ਸੀਬੀਆਈ ਉੱਤੇ ਆਪਸ ਵਿੱਚ ਮਿਲੀਭੁਗਤ ਕਰ ਕੇ ਡੇਰਾ ਮੁਖੀ ਖ਼ਿਲਾਫ਼ ਸਾਜ਼ਿਸ਼ ਰਚਣ ਦੇ ਦੋਸ਼ ਲਾਏ ਗਏ ਹਨ। ਪੰਜਾਬ ਦੇ ਰੂਪਨਗਰ ਦੇ ਵਾਸੀ ਬਲਵਿੰਦਰ ਸਿੰਘ ਤੇ ਹੋਰਾਂ ਨੇ ਹਾਈ ਕੋਰਟ ਵਿੱਚ ਦਾਇਰ ਜਨ ਹਿੱਤ ਪਟੀਸ਼ਨ ਵਿੱਚਕਿਹਾਹੈ ਕਿ ਡੇਰਾ ਸੱਚਾਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਬਲਾਤਕਾਰਤੇ ਕਤਲ ਦੇ ਕੇਸਾਂ ਵਿੱਚ ਜੇਲ੍ਹ ਵਿੱਚ ਰੱਖਣ ਪਿੱਛੇ ਵੱਡੀ ਸਾਜ਼ਿਸ਼ ਹੈ, ਜਿਸ ਦੀਆਂ ਡੂੰਘੀਆਂ ਜੜ੍ਹਾਂ ਹਨ। ਕੋਰਟ ਨੂੰ ਕਿਹਾ ਗਿਆ ਕਿ ਇਸ ਸਾਜ਼ਿਸ਼ ਵਿੱਚ ਹਰਿਆਣਾ ਸਰਕਾਰ, ਸੀਬੀਆਈ ਦੇ ਕੁਝ ਅਫਸਰ, ਡੇਰਾ ਮੁਖੀ ਦੇ ਵਕੀਲ ਅਤੇ ਡੇਰਾ ਮੈਨੇਜਮੈਂਟ ਦੇ ਲੋਕ ਸ਼ਾਮਲ ਹਨ, ਜਿਨ੍ਹਾਂ ਨੇ ਮਿਲ ਕੇ ਫ਼ਰਜ਼ੀ ਗਵਾਹ ਤੇ ਗ਼ਲਤ ਤੱਥ ਅਦਾਲਤ ਅੱਗੇ ਪੇਸ਼ ਕਰਕੇ ਡੇਰਾ ਮੁਖੀ ਨੂੰ ਜੇਲ੍ਹਭਿਜਵਾਇਆ ਅਤੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਹੈ। ਇਸ ਦੇ ਨਾਲ ਕੇਂਦਰ ਸਰਕਾਰ ਤੋਂ ਸੀ ਬੀ ਆਈ ਅਧਿਕਾਰੀਆਂ ਦੇ ਖ਼ਿਲਾਫ਼ ਤੇ ਬਾਰ ਕੌਂਸਲ ਆਫ਼ ਇੰਡੀਆ ਤੋਂ ਦੋਸ਼ੀ ਵਕੀਲਾਂ ਦੇ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀਗਈ ਹੈ।












# ਸੰਪਾਦਕੀ

## ਨਵੀਂ ਅਮਰੀਕਨ ਸ਼ੁਰੂਆਤ : ਬੁੱਧੀਮਾਨਤਾ ਅਤੇ ਠਰੰਮ੍ਹੇ ਦੀ ਲੋੜ



ਡੋਨਾਲਡ ਟਰੰਪ ਦੇ ਉਥਲ ਪੁਥਲ ਅਤੇ ਅਰਾਜਕਤਾ ਭਰੇ ਰਾਜਕਾਲ ਤੋਂ ਬਾਅਦ ਜੋਅ ਬਾਈਡਨ ਪ੍ਰਸ਼ਾਸ਼ਨ ਤੋਂ ਵਿਸ਼ਵ ਭਰ ਵਿੱਚ ਵੱਡੀਆਂ ਆਸਾਂ ਲਾਈਆਂ ਜਾ ਰਹੀਆਂ ਹਨ। ਉਸਦੇ ਸੱਤਾ ਵਿੱਚ ਆਉਣ ਨਾਲ ਇੱਕ ਆਸ ਭਰਿਆ ਮਾਹੌਲ ਪੈਦਾ ਹੋਇਆ ਹੈ। ਹਾਂ ਪੱਖੀ ਆਸ ਰੱਖਣਾ ਮਨੁੱਖ ਦਾ ਸੱਭ ਤੋਂ ਵੱਡਾ ਖਾਸਾ ਹੈ। ਇਹ ਉਹ ਕਲਾ ਹੈ ਜੋ ਬੇਹੱਦ ਨਿਰਾਸ਼ਾ ਭਰੇ ਮਾਹੌਲ ਵਿੱਚ ਨਵੀਆਂ ਸੰਭਾਵਨਾਵਾਂ ਨੂੰ ਜਨਮ ਦੇ ਦੇਂਦੀ ਹੈ। ਪਰ ਕੀ ਅਮਰੀਕਾ ਅਤੇ ਅਮਰੀਕਾ ਵਾਸੀ ਉਸ ਪੱਧਰ ਉੱਤੇ ਜਾਣ ਲਈ ਤਿਆਰ ਹਨ ਜਿੱਥੇ ਇਸਦੇ ਪੁੱਜਣ ਦੀਆਂ ਆਸਾਂ ਅਮਰੀਕਨ ਪਾਲ ਰਹੇ ਹਨ? ਖਾਸ ਕਰਕੇ ਉਸ ਅਮਰੀਕਾ ਦੇ ਵਾਸੀ ਜਿਹਨਾਂ ਦਾ 7% ਹਿੱਸਾ ਇਸ ਗੱਲ ਨੂੰ ਸੱਚ ਮੰਨਦਾ ਹੈ ਕਿ ਚਾਕਲੇਟ ਮਿਲਕ ਦਾ ਰੰਗ ਇਸ ਲਈ ਭੂਰਾ ਹੈ ਕਿਉਂਕਿ ਇਸਨੂੰ ਸਿੱਧਾ ਭੂਰੀਆਂ ਗਾਵਾਂ ਤੋਂ ਚੋਇਆ ਜਾਂਦਾ ਹੈ ਜਾਂ ਜਿਸ ਦੇਸ਼ ਦੇ 18 ਤੋਂ 24 ਸਾਲ ਦੇ 50% ਨੌਜਵਾਨ ਇਹ ਨਹੀਂ ਦੱਸ ਸਕਦੇ ਕਿ ਅਮਰੀਕਾ ਦੇ ਨਕਸ਼ੇ ਉੱਤੇ ਨਿਊਯਾਰਕ ਸਟੇਟ ਕਿੱਥੇ ਹੈ। ਇਹੋ ਜਿਹੀ ਬੁੱਧੀਮਾਨਤਾ ਵਾਲੇ ਦੇਸ਼ ਦੇ ਨਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਲਈ ਜੋਅ ਬਾਈਡਨ ਦਾ ਸੁਆਗਤ ਹੈ।

ਕਾਹਲ ਅਤੇ ਦੋਸ਼ਪੂਰਣ ਮਨੋਸਥਿਤੀ ਅਗਿਆਨਤਾ ਅਤੇ ਹੰਕਾਰ ਵਿੱਚੋਂ ਪੈਦਾ ਹੁੰਦੀ ਹੈ ਜਿਸ ਵਾਸਤੇ ਡੋਨਾਲਡ ਟਰੰਪ ਨੂੰ ਵਿਸ਼ੇਸ਼ ਕਰਕੇ ਜਾਣਿਆ ਜਾਂਦਾ ਰਹੇਗਾ। ਟਰੰਪ ਨੂੰ ਹਾਰ ਜਰੂਰ ਹੋਈ ਹੈ ਪਰ ਸਾਨੂੰ ਚੇਤੇ ਰੱਖਣਾ ਹੋਵੇਗਾ ਕਿ ਚਾਕਲੇਟ ਨੂੰ ਭੂਰੀਆਂ ਗਊਆਂ ਦਾ ਦੁੱਧ ਸਮਝਣ ਵਰਗੀ ਬੁੱਧੀ ਵਾਲੇ 7 ਕਰੋੜ 42 ਲੱਖ ਅਮਰੀਕਨਾਂ ਨੇ ਟਰੰਪ ਨੂੰ ਉਸਦੀਆਂ ਅਣਗਿਣਤ ਬੇਵਕੂਫੀਆਂ ਦੇ ਬਾਵਜੂਦ ਵੋਟਾਂ ਪਾਈਆਂ ਹਨ। ਟਰੰਪ ਨੂੰ ਮਿਲੀਆਂ 46.8% ਦੇ ਮੁਕਾਬਲੇ ਜੋਅ ਬਾਈਡਨ ਨੂੰ 51.3% ਵੋਟਾਂ ਮਿਲੀਆਂ। ਇਸ ਵਾਰ ਜਿੱਤਣ ਅਤੇ ਹਾਰਨ ਵਾਲੇ ਦੋਵਾਂ ਉਮੀਦਵਾਰਾਂ ਨੂੰ ਅਮਰੀਕਾ ਦੇ ਇਤਿਹਾਸ ਵਿੱਚ ਸੱਭ ਤੋਂ ਵੱਧ ਵੋਟਾਂ ਮਿਲੀਆਂ। ਇਹ ਤੱਥ ਦਰਸਾਉਂਦਾ ਹੈ ਕਿ ਜਿੱਥੇ ਨਵੀਂ ਆਸ ਪੈਦਾ ਕਰਨ ਵਾਲੇ ਅਮਰੀਕਨਾਂ ਵਿੱਚ ਵਾਧਾ ਹੋਇਆ ਹੈ ਤਾਂ ਮੂਰਖਾਂ ਦੀ ਗਿਣਤੀ ਵਿੱਚ ਵੀ ਘਾਟਾ ਨਹੀਂ ਪਿਆ ਹੈ। ਮੂਰਖਾਂ ਦੀ ਇਹ ਵੱਡੀ ਗਿਣਤੀ ਹੀ ਚੁਣੌਤੀ ਹੈ ਜਿਸਨੂੰ ਸੰਭਾਲਣ ਲਈ ਬੁੱਧੀਮਾਨਤਾ ਅਤੇ ਠਰੰਮ੍ਹੇ ਦੀ ਲੋੜ ਹੋਵੇਗੀ। ਜੇ ਅਜਿਹਾ ਨਾ ਹੋਇਆ ਤਾਂ ਅਮਰੀਕਨ ਲੋਕਤੰਤਰ ਦਾ ਅੱਜ ਵੀ ਖਤਰੇ ਵਿੱਚ ਹੈ ਅਤੇ ਕੱਲ ਵੀ।

ਰਾਸ਼ਟਰਪਤੀ ਵਜੋਂ ਜੋਅ ਬਾਈਡਨ ਨੇ ਅਹੁਦਾ ਸੰਭਾਲਣ ਤੋਂ ਬਾਅਦ ਜੋ ਤਕਰੀਰ ਕੀਤੀ, ਉਸਦੀ ਚਾਰੇ ਪਾਸੇ ਚਰਚਾ ਅਤੇ ਤਾਰੀਫ਼ ਹੋ ਰਹੀ ਹੈ। ਉਸ ਤਕਰੀਰ ਵਿੱਚ ਅਜਿਹੇ ਤੱਤਾਂ ਦੀ ਝਲਕ ਮਿਲਦੀ ਹੈ ਕਿ ਅਮਰੀਕਾ ਵਿੱਚ ਇੱਕ ਨਵੀਂ ਸਿਰਜਣਾ ਦਾ ਆਰੰਭ ਹੋਣਾ ਕੋਈ ਅਸੰਭਵ ਗੱਲ ਨਹੀਂ ਹੈ। ਮਿਸਾਲ ਵਜੋਂ ਉਹਨਾਂ ਆਖਿਆ, 'ਅੱਜ ਅਸੀਂ ਸਿੱਖ ਲਿਆ ਹੈ ਕਿ ਲੋਕਤੰਤਰ ਬਹੁਤ ਨਾਜ਼ੁਕ ਚੀਜ਼ ਹੈ....ਸਾਡਾ ਮੁਲਕ ਮਹਾਨ ਹੈ ਅਤੇ ਅਸੀਂ ਚੰਗੇ ਲੋਕ ਹਾਂ....ਪਰ ਬਹੁਤ ਕੁੱਝ ਵਿਗੜ ਚੁੱਕਾ ਹੈ ਜਿਸਨੂੰ ਸੰਵਾਰਨ, ਮਲੱਹਮ ਲਾਉਣ, ਨਵਾਂ ਸਿਰਜਣ ਅਤੇ ਖੁੱਸ ਚੁੱਕੇ ਮਾਣ ਸਨਮਾਨ ਨੂੰ ਦੁਬਾਰਾ ਹਾਸਲ ਕਰਨਾ ਹੋਵੇਗਾ..ਟੁੱਟ ਭੱਜ ਚੁੱਕੇ ਰਾਸ਼ਟਰ ਨੂੰ ਏਕੇ ਵਿੱਚ ਪਰੋਣਾ ਹੋਵੇਗਾ"। ਇਹ ਮਹਾਨ ਗੱਲਾਂ ਨੂੰ ਬੋਲਣਾ ਸੌਖਾ ਸੀ ਕਿਉਂਕਿ ਉਸਦੀ ਸਪੀਚ ਨੂੰ ਭਾਰਤੀ ਮੂਲ ਦੇ ਅਮਰੀਕਨ ਵਿਨੈ ਰੈਡੀ ਨੇ ਲਿਖ ਕੇ ਦਿੱਤਾ ਸੀ। ਇਹ ਜੋਅ ਬਾਈਡਨ ਦੇ ਕੰਮ ਹੋਣਗੇ ਜੋ ਕਸੱਵਟੀ ਬਣਨਗੇ ਉਹਨਾਂ ਸਾਢੇ ਸੱਤ ਕਰੋੜ ਅਮਰੀਕਨਾਂ ਨੂੰ ਸਿੱਧਾ ਕਰਨ ਲਈ ਜਿਹੜੇ ਹਾਲੇ ਵੀ ਟਰੰਪ ਨੂੰ ਹੀਰੋ ਮੰਨਦੇ ਹਨ।

ਅਮਰੀਕਾ ਦੀ ਵਿਗੜੀ ਤਾਣੀ ਨੂੰ ਸਿੱਧਾ ਕਰਨ ਲਈ ਠਰੰਮ੍ਹੇ ਦੀ ਲੋੜ ਹੋਵੇਗੀ। ਬਿਲਕੁਲ ਅਜਿਹੇ ਠਰੰਮ੍ਹੇ ਦੀ ਜੋ ਕੈਨੇਡੀਅਨ ਲੋਕ ਬਾਈਡਨ ਵੱਲੋਂ Keystone XL ਪਾਈਪ ਲਾਈਨ ਨੂੰ ਪਹਿਲੇ ਦਿਨ ਹੀ ਰੱਦ ਕਰਨ ਦੇ ਬਾਵਜੂਦ ਵਿਖਾ ਰਹੇ ਹਨ। ਕੈਨੇਡੀਅਨ ਆਰਥਕਤਾ ਨੂੰ ਸਿੱਧੀ ਸੱਟ ਮਾਰਨ ਵਾਲੇ ਇਸ ਫੈਸਲੇ ਨੂੰ ਜਿਸ ਧੀਰਜ ਨਾਲ ਕੈਨੇਡੀਅਨ ਸਹਿਣ ਕਰ ਰਹੇ ਹਨ, (ਅਲਬਰਟਾ ਦੇ ਪ੍ਰੀਮੀਅਰ ਜੇਸਨ ਕੈਨੀ ਨੂੰ ਛੱਡ ਕੇ) ਉਸਤੋਂ ਜੋਅ ਬਾਈਡਨ ਪ੍ਰਸ਼ਾਸ਼ਨ ਬਹੁਤ ਕੁੱਝ ਸਿੱਖ ਸਕਦਾ ਹੈ। ਬਾਈਡਨ ਸਿੱਖ ਸਕਦਾ ਹੈ ਕਿ ਜਦੋਂ ਉਹ ਕੱਲ ਨੂੰ ਪ੍ਰਧਾਨ ਮੰਤਰੀ ਟਰੂਡੋ ਨਾਲ ਫੋਨ ਉੱਤੇ ਗੱਲ ਕਰੇਗਾ ਤਾਂ ਕੈਨੇਡੀਅਨ ਹਿੱਤਾਂ ਨੂੰ ਅਮਰੀਕਨ ਹਿੱਤ ਸਮਝ ਕੇ ਅੱਗੇ ਚੱਲਣ ਦਾ ਤਹਈਆ ਕਿਵੇਂ ਕਰਨਾ ਹੈ। ਦੋਵੇਂ ਮੁਲਕਾਂ ਦੇ ਜਿੰਨੇ ਹਿੱਤ ਆਪਸ ਵਿੱਚ ਜੁੜੇ ਹਨ, ਉੱਨੇ ਅਮਰੀਕਾ ਅਤੇ ਕੈਨੇਡਾ ਦੇ ਕਿਸੇ ਹੋਰ ਮੁਲਕ ਨਾਲ ਨਹੀਂ। ਜੋਅ ਬਾਈਡਨ ਸਿੱਖ ਸਕਦਾ ਹੈ ਕਿ ਸੱਤ ਘਰ ਦਾ ਡੈਣ ਵੀ ਛੱਡ ਦੇਂਦੀ ਹੈ, ਕੈਨੇਡਾ ਤਾਂ ਫੇਰ ਵੀ ਗੁਆਂਢੀ ਭਾਈਵਾਲ ਹੈ। ਵੈਸੇ ਜੋਅ ਬਾਈਡਨ ਦੇ ਰਾਸ਼ਟਰਪਤੀ ਬਣਨ ਨਾਲ ਕੈਨੇਡਾ ਵਿੱਚ ਸੱਭ ਤੋਂ ਵੱਧ ਸੁਖ ਦਾ ਸਾਹ ਪ੍ਰਧਾਨ ਮੰਤਰੀ ਟਰੂਡੋ ਹੋਰਾਂ ਨੂੰ ਆਵੇਗਾ ਜਿਹਨਾਂ ਨੂੰ ਡੋਨਾਲਡ ਟਰੰਪ ਆਨੀਂ ਬਹਾਨੀਂ ਚੰਗਾ ਮਾੜਾ ਬੋਲਣੋ ਸੰਕੋਚ ਨਹੀਂ ਸੀ ਕਰਦਾ।

## ਆਤਮਘਾਤੀ ਧਮਾਕਿਆਂ ਨਾਲ ਕੰਬਿਆ ਬਗਦਾਦ, 6 ਹਲਾਕ

...ਪੰਨਾ 1 ਦਾ ਬਾਕੀ

ਇਰਾਕ ਦੇ ਸਰਕਾਰੀ ਟੀਵੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਆਤਮਘਾਤੀ ਧਮਾਕੇ ਸਨ। ਬਹੁਤੇ ਜ਼ਖ਼ਮੀਆਂ ਦੀ ਹਾਲਤ ਕਾਫੀ ਗੰਭੀਰ ਦੱਸੀ ਜਾ ਰਹੀ ਹੈ ਤੇ ਸੰਪਤੀ ਨੂੰ ਵੀ ਕਾਫੀ ਨੁਕਸਾਨ ਹੋਇਆ ਦੱਸਿਆ ਗਿਆ। ਪੁਲਿਸ ਅਧਿਕਾਰੀਆਂ ਵੱਲੋਂ ਇਹ ਜਾਣਕਾਰੀ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਦਿੱਤੀ ਗਈ। ਬਗਦਾਦ ਦੇ ਕਮਰਸ਼ੀਅਲ ਇਲਾਕੇ ਵਿੱਚ ਇਸ ਤਰ੍ਹਾਂ ਦਾ ਧਮਾਕਾ ਕਈ ਸਾਲਾਂ ਵਿੱਚ ਆਪਣੀ ਕਿਸਮ ਦਾ ਪਹਿਲਾ ਮਾਮਲਾ ਹੈ। ਇਹ ਧਮਾਕੇ ਉਸ ਸਮੇਂ ਹੋਏ ਜਦੋਂ ਅਕਤੂਬਰ ਵਿੱਚ ਜਲਦ ਚੋਣਾਂ ਕਰਵਾਏ ਜਾਣ ਦੇ ਮਾਮਲੇ ਨੂੰ ਲੈ ਕੇ ਇਰਾਕ ਵਿੱਚ ਸਿਆਸੀ ਤਣਾਅ ਪੂਰੇ ਜ਼ੋਰਾਂ ਉੱਤੇ ਹੈ। ਅਜੇ ਤੱਕ ਹਮਲਾਵਰਾਂ ਬਾਰੇ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ। ਪਿਛਲੇ ਕੁੱਝ ਮਹੀਨਿਆਂ ਵਿੱਚ ਇਸਲਾਮਿਕ ਸਟੇਟ ਗਰੁੱਪ ਤੇ ਮਲੀਸ਼ੀਆ ਗਰੁੱਪਜ਼ ਵੱਲੋਂ ਇਰਾਕ ਵਿੱਚ ਹਮਲੇ ਹੁੰਦੇ ਰਹੇ ਹਨ। ਮਲੀਸ਼ੀਆ ਵੱਲੋਂ ਅਮਰੀਕੀ ਮੌਜੂਦਗੀ ਨੂੰ ਰਾਕੇਟ ਤੇ ਮੋਰਟਾਰ ਹਮਲੇ ਨਾਲ ਨਿਸ਼ਾਨਾ ਬਣਾਇਆ ਗਿਆ, ਖਾਸ ਤੌਰ ਉੱਤੇ ਅਮਰੀਕੀ ਸਫਾਰਤਖਾਨੇ ਨੂੰ ਨਿਸ਼ਾਨਾ ਬਣਾਇਆ ਗਿਆ। ਅਕਤੂਬਰ ਵਿੱਚ ਇਰਾਨ ਦੇ ਥਾਪੜੇ ਵਾਲੇ ਹਥਿਆਰਬੰਦ ਗਰੁੱਪਜ਼ ਵੱਲੋਂ ਗੈਰ ਰਸਮੀ ਸੰਧੀ ਐਲਾਨੇ ਜਾਣ ਤੋਂ ਬਾਅਦ ਹਮਲਿਆਂ ਦੀ ਰਫਤਾਰ ਘਟ ਗਈ।

## ਪਹਿਲੀ ਮਹਿਲਾ ਲੜਾਕੂ ਪਾਇਲਟ ਗਣਤੰਤਰ ਦਿਵਸ ਪਰੇਡ 'ਚ ਸ਼ਾਮਲ



ਨਵੀਂ ਦਿੱਲੀ, 21 ਜਨਵਰੀ (ਪੋਸਟ ਬਿਊਰੋ)- ਭਾਰਤ ਵਿੱਚ ਪਹਿਲੀ ਵਾਰ ਮਹਿਲਾ ਫ਼ਾਈਟਰ ਪਾਇਲਟ ਭਾਵਨਾ ਕੰਠ ਗਣਤੰਤਰ ਦਿਵਸ ਪਰੇਡ 'ਚ ਸ਼ਾਮਲ ਹੋਵੇਗੀ। ਭਾਵਨਾ ਭਾਰਤੀ ਹਵਾਈ ਸੈਨਾ ਦੀ ਫ਼ਾਈਟਰ ਪਾਇਲਟ ਟੀਮ ਦੀ ਤੀਜੀ ਮਹਿਲਾ ਹੋਵੇਗੀ ਅਤੇ ਗਣਤੰਤਰ ਦਿਵਸ ਪਰੇਡ ਵਿੱਚ ਹਿੱਸਾ ਲੈਣ ਵਾਲੀ ਪਹਿਲੀ ਮਹਿਲਾ ਬਣੇਗੀ।

ਭਾਵਨਾ ਕੰਠ ਪਹਿਲੀ ਵਾਰ ਰਾਜਪਥ 'ਤੇ ਫ਼ਾਈਟਰ ਜੈਟ ਰਾਫ਼ੇਲ 'ਚ ਉਡਾਣ ਭਰੇਗੀ ਤੇ ਦੇਸ਼ ਦੇ ਲੋਕਾਂ ਨੂੰ ਰਾਫ਼ੇਲ ਦੀ ਤਾਕਤ ਦਿਖਾਏਗੀ। ਇਸ ਸਾਲ ਦੇ ਸਮਾਰੋਹ 'ਚ ਕੁਲ 42 ਏਅਰਕ੍ਰਾਫਟ ਫਲਾਈ-ਪਾਸਟ ਕਰਨਗੇ। ਸਾਲ 2020 'ਚ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਇੰਡੀਅਨ ਏਅਰਫ਼ੋਰਸ ਦੀ ਮਹਿਲਾ ਪਾਇਲਟ ਭਾਵਨਾ ਕਾਂਤ ਨੂੰ ਨਾਰੀ ਸ਼ਕਤੀ ਇਨਾਮ ਨਾਲ ਸਨਮਾਨਤ ਕੀਤਾ ਸੀ। ਪਰੇਡ ਵਿੱਚ ਸ਼ਾਮਲ ਹੋਣ ਦੀ ਖ਼ਬਰ 'ਤੇ ਭਾਵਨਾ ਨੇ ਕਿਹਾ ਕਿ ਬਚਪਨ ਤੋਂ ਹੀ ਉਹ ਟੀ ਵੀ ਉਤੇ ਗਣਤੰਤਰ ਦਿਵਸ ਪਰੇਡ ਦੇਖਦੀ ਆਈ ਹੈ। ਅੱਜ ਜਦੋਂ ਉਨ੍ਹਾਂ ਨੂੰ ਇਸ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲ ਰਿਹਾ ਹੈ, ਇਹ ਉਸ ਲਈ ਮਾਣ ਵਾਲੀ ਗਲ ਹੈ। ਉਸ ਨੇ ਕਿਹਾ ਕਿ ਮੈਂ ਰਾਫ਼ੇਲ ਅਤੇ ਸੁਖੋਈ ਦੇ ਨਾਲ ਹੋਰ ਲੜਾਕੂ ਜਹਾਜ਼ਾਂ ਨੂੰ ਵੀ ਉਡਾਉਣਾ ਚਾਹੁੰਦੀ ਹਾਂ।

ਭਾਰਤੀ ਹਵਾਈ ਫ਼ੌਜ ਵਿੱਚ ਭਾਵਨਾ ਨੂੰ 18 ਜੂਨ, 2016 ਨੂੰ ਦੋ ਹੋਰ ਮਹਿਲਾ ਪਾਇਲਟ ਅਵਨੀ ਚਤੁਰਵੇਦੀ ਤੇ ਮੋਹਨਾ ਸਿੰਘ ਦੇ ਨਾਲ ਫਲਾਇੰਗ ਅਫ਼ਸਰ ਚੁਣਿਆ ਗਿਆ ਸੀ।

## 77 ਸਾਲਾ ਸਾਬਕਾ ਫੌਜੀ ਦੀ ਕੁੱਟਮਾਰ ਕਰਕੇ ਔਰਤ ਨਾਲ ਨੰਗੀਆਂ ਤਸਵੀਰਾਂ ਤੇ ਵੀਡੀਓ ਬਣਾਈਆਂ

ਸਮਾਣਾ, 21 ਜਨਵਰੀ (ਪੋਸਟ ਬਿਊਰੋ)- ਪੈਰ 'ਚ ਆਈ ਮੋਚ ਦਾ ਬਹਾਨਾ ਬਣਾ ਕੇ ਦੋ ਔਰਤਾਂ ਵੱਲੋਂ ਮਦਦ ਦੀ ਪੁਕਾਰ ਦੇ ਬਾਅਦ ਉਨ੍ਹਾਂ ਨੂੰ ਬਾਈਕ 'ਤੇ ਘਰ ਲਿਆਉਣ ਵਾਲੇ ਸਾਬਕਾ ਫੌਜੀ ਨਾਲ ਔਰਤਾਂ ਦੇ ਦੋ ਸਾਥੀ ਨੌਜਵਾਨਾਂ ਵੱਲੋਂ ਕੁੱਟਮਾਰ ਕਰਨ ਪਿਛੋਂ ਨੰਗਾ ਕਰ ਕੇ ਇੱਕ ਔਰਤ ਨਾਲ ਤਸਵੀਰਾਂ ਅਤੇ ਵੀਡੀਓ ਬਣਾ ਕੇ ਬਲੈਕਮੇਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ ਜਿਸ 'ਤੇਸਿਟੀ ਪੁਲਸ ਨੇ ਦੋ ਨੌਜਵਾਨਾਂ ਅਤੇ ਦੋ ਅਣਪਛਾਤੀਆਂ ਔਰਤਾਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਐਸ ਐਚ ਓ ਸਬ ਇੰਸਪੈਕਟਰ ਕਰਨਵੀਰ ਸਿੰਘ ਦੇ ਮੁਤਾਬਕ 77 ਸਾਲਾ ਸਾਬਕਾ ਫੌਜੀ ਪ੍ਰਕਾਸ਼ ਸਿੰਘ ਨਿਵਾਸੀ ਘੱਗਾ ਵੱਲੋਂ ਦਿੱਤੀ ਸ਼ਿਕਾਇਤ ਅਨੁਸਾਰ 8 ਜਨਵਰੀ ਨੂੰ ਬੱਸ ਸਟੈਂਡ, ਸਮਾਣਾ ਨੇੜੇ ਬਾਈਕ 'ਤੇ ਲੰਘਦੇ ਸਮੇਂ ਉਸ ਨੂੰ ਦੋ ਔਰਤਾਂ ਨੇ ਪੈਰ 'ਤੇ ਮੋਚ ਆਉਣ ਦਾ ਬਹਾਨਾ ਬਣਾ ਕੇ ਰੋਕਿਆ। ਫੇਰ ਬੱਸ ਸਟੈਂਡ ਦੇ ਪਿੱਛੇ ਗਲੀ ਵਿੱਚ ਘਰ ਛੱਡਣ ਲਈ ਕਿਹਾ ਅਤੇ ਉਥੇ ਪਹੁੰਚਣ 'ਤੇ ਉਸ ਨੂੰ ਚਾਹ ਪੀਣ ਦੇ ਬਹਾਨੇ ਰੋਕ ਕੇ ਕਮਰੇ 'ਚ ਬਿਠਾ ਲਿਆ। ਇਸੇ ਦੌਰਾਨ ਉਥੇ ਮੌਜੂਦ ਬਿੱਟੂ ਸਿੰਘ ਨਿਵਾਸੀ ਘੱਗਾ ਤੇ ਬਿੰਦਰ ਸਿੰਘ ਨਿਵਾਸੀ ਲਾਡ ਵਣਜਾਰਾ ਨੇ ਉਸ ਨਾਲ ਕੁੱਟਮਾਰ ਕੀਤੀ ਅਤੇ ਨੰਗਿਆਂ ਕਰ ਕੇ ਇੱਕ ਔਰਤ ਨਾਲ ਅਸ਼ਲੀਲ ਤਸਵੀਰਾਂ ਅਤੇ ਵੀਡੀਓ ਬਣਾ ਲਈ ਅਤੇ ਉਸ ਦੀ ਜੇਬ 'ਚੋਂ 15 ਹਜ਼ਾਰ ਰੁਪਏ ਕੱਢ ਕੇ ਧਮਕੀ ਨਾਲ ਏ ਟੀ ਐਮ ਖੋਹ ਕੇ ਉਸ ਵਿੱਚੋਂ 20 ਹਜ਼ਾਰ ਰੁਪਏ ਕੱਢਵਾ ਲਏ। ਇਸ ਦਾ ਮੈਸੇਜ਼ ਮਿਲਣ ਉਪਰੰਤ ਸਾਬਕਾ ਫੌਜੀ ਨੇ ਆਪਣਾ ਏ ਟੀ ਐਮ ਬਲਾਕ ਕਰਵਾਇਆ ਤਾਂ ਉਸ ਦੀ ਵੀਡੀਓ ਪਰਵਾਰ ਨੂੰ ਵਾਇਰਲ ਕਰਨ ਦੀ ਧਮਕੀ ਦੇ ਕੇ 25 ਹਜ਼ਾਰ ਰੁਪਏ ਮੰਗਵਾ ਲਏ। ਫਿਰ ਉਸ ਨੇ ਪੁਲਸ ਨੂੰ ਸੂਚਨਾ ਦਿੱਤੀ। ਪੁਲਸ ਅਧਿਕਾਰੀ ਨੇ ਦੱਸਿਆ ਕਿ ਕੇਸ ਦਰਜ ਕਰ ਕੇ ਦੋ ਨੌਜਵਾਨਾਂ ਨੂੰ ਹਿਰਾਸਤ 'ਚ ਲੈ ਕੇ ਫਰਾਰ ਔਰਤਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, Angrez Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਖਾਲਿਸਤਾਨੀਆਂ ਨੇ ਕਰਾਈ ਸੀ ਸ਼ੌਰਿਆ ਚੱਕਰ ਜੇਤੂ ਬਲਵਿੰਦਰ ਸਿੰਘ ਦੀ ਹੱਤਿਆ

ਤਰਨ ਤਾਰਨ, 21 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਬੈਠੇ ਖਾਲਿਸਤਾਨੀ ਵਰਕਰਾਂ ਨੇ ਓਥੋਂ ਦੀ ਖੁਫੀਆ ਏਜੰਸੀ ਆਈ ਐਸ ਆਈ ਦੀ ਮਦਦ ਨਾਲ ਤਰਨ ਤਾਰਨ ਜ਼ਿਲੇ ਦੇ ਭਿਖੀਵਿੰਡ ਇਲਾਕੇ ਦੇ ਸ਼ੌਰਿਆ ਚੱਕਰ ਜੇਤੂ ਕਾਮਰੇਡ ਬਲਵਿੰਦਰ ਸਿੰਘ ਸੰਧੂ ਦੀ ਹੱਤਿਆ ਕਰਵਾਈ ਸੀ, ਜਿਸ ਵਿੱਚ ਲਖਬੀਰ ਸਿੰਘ ਰੋਡੇ ਦਾ ਨਾਮ ਪ੍ਰਮੁੱਖ ਹੈ।

ਇਸ ਬਾਰੇ ਪੁਲਸ ਦੀ ਜਾਂਚ ਅਤੇ ਗ੍ਰਿਫਤਾਰ ਦੋਸ਼ੀਆਂ ਤੋਂ ਪੁੱਛਗੱਛ ਤੋਂ ਇਹ ਜਾਣਕਾਰੀ ਮਿਲੀ ਹੈ ਕਿ ਆਈ ਐਸ ਆਈ ਨੇ ਇਸ ਕਤਲ ਲਈ ਸ਼ੂਟਰ ਗੁਰਜੀਤ ਸਿੰਘ ਉਰਫ ਭਾਅ ਤੇ ਸੁਖਦੀਪ ਸਿੰਘ ਉਰਫ ਭੂਰਾ ਨੂੰ ਵਰਤਿਆ ਹੈ। ਇਨ੍ਹਾਂ ਦੋਵਾਂ ਨੂੰ ਦਿੱਲੀ ਵਿੱਚ ਹਿਜ਼ਬੁਲ ਮੁਜਾਹਦੀਨ ਦੇ ਅੱਤਵਾਦੀਆਂ ਨਾਲ ਫੜਿਆ ਗਿਆ ਸੀ। ਇਸਲਾਮੀ ਦਹਿਸ਼ਤਗਰਦਾਂ ਨਾਲ ਇਨ੍ਹਾਂ ਦੀ ਮੁਲਾਕਾਤ ਗੈਂਗਸਟਰ ਸੁੱਖ ਭਿਖਾਰੀਵਾਲ ਨੇ ਕਰਵਾਈ ਸੀ।

ਵਰਨਣ ਯੋਗ ਹੈ ਕਿ ਪਿਛਲੇ ਸਾਲ 16 ਅਕਤੂਬਰ ਨੂੰ ਭਿਖੀਵਿੰਡ ਵਿੱਚ ਸ਼ੌਰਿਆ ਚੱਕਰ ਜੇਤੂ ਬਲਵਿੰਦਰ ਸਿੰਘ ਸੰਧੂ ਦਾ ਉਸ ਦੇ ਘਰ 'ਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਪਰਵਾਰ ਨੇ ਦਾਅਵਾ ਕੀਤਾ ਸੀ ਕਿ ਇਸ ਕਤਲ ਕਾਂਡ ਦੇ ਪਿੱਛੇ ਖਾੜਕੂ ਜਥੇਬੰਦੀਆਂ ਦਾ ਹੱਥ ਹੈ ਅਤੇ ਰਾਜ ਸਰਕਾਰ ਨੇ ਜਾਂਚ ਲਈ ਡੀ ਆਈ ਜੀ ਹਰਦਿਆਲ ਸਿੰਘ ਮਾਨ ਦੀ ਅਗਵਾਈ ਵਿੱਚ ਵਿਸ਼ੇਸ਼ ਜਾਂਚ ਟੀਮ ਬਣਾਈ ਸੀ। ਪੁਲਸ ਨੇ ਇਸ ਕੇਸ ਵਿੱਚ ਕੁੱਲ 14 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਜਾਂਚ ਵਿੱਚ ਸਾਹਮਣੇ ਆਇਆ ਕਿ ਭਿਖਾਰੀਵਾਲ ਨੇ ਦੋਵਾਂ ਸ਼ੂਟਰਾਂ ਨੂੰ ਦਿੱਲੀ ਵਿਚਲੇ ਹਿਜ਼ਬੁਲ ਮੁਜਾਹਦੀਨ ਦੇ ਤਿੰਨ ਅੱਤਵਾਦੀਆਂ ਦਾ ਪਤਾ ਦਿੱਤਾ ਸੀ। ਪੁਲਸ ਸੁੱਖ ਭਿਖਾਰੀਵਾਲ ਨੂੰ ਟਰਾਂਜ਼ਿਟ ਰਿਮਾਂਡ ਉਤੇ ਲੈਣ ਦੀ ਤਿਆਰੀ ਵਿੱਚ ਹੈ। ਜਾਣਕਾਰ ਸੂਤਰਾਂ ਮੁਤਾਬਕ ਨਵੀਂ ਦਿੱਲੀ ਦੇ ਸਪੈਸ਼ਲ ਸੈਲ ਦੀ ਟੀਮ ਨੂੰ ਪੁੱਛਗਿੱਛ ਦੌਰਾਨ ਇਸ ਕਤਲ ਕੇਸ ਦੇ ਤਾਰ ਖਾੜਕੂ ਜਥੇਬੰਦੀਆਂ ਨਾਲ ਜੁੜੇ ਹੋਣ ਦੇ ਸੁਰਾਗ ਮਿਲੇ ਹਨ।

# ਖਾਲਸਾ ਏਡ ਨੂੰ ਨੋਬਲ ਪੀਸ ਪ੍ਰਾਈਜ਼ ਦੇਣ ਦੀ ਟਿੰਮ ਉੱਪਲ ਨੇ ਕੀਤੀ ਸਿਫਾਰਿਸ਼

...ਪੰਨਾ 1 ਦਾ ਬਾਕੀ

- 2006 ਵਿੱਚ ਆਈ ਸੁਨਾਮੀ ਤੋਂ ਬਾਅਦ ਇੰਡੋਨੇਸ਼ੀਆ ਵਿੱਚ ਲੋਕਾਂ ਦੀ ਮਦਦ ਲਈ ਉਪਰਾਲੇ ਕੀਤੇ ਤੇ ਬੱਚਿਆਂ ਲਈ ਐਜੂਕੇਸ਼ਨਲ ਸਹਾਇਤਾ, ਥੈਰੇਪੀ ਤੇ ਸਕੂਲ ਸਪਲਾਈਜ਼ ਮੁਹੱਈਆ ਕਰਵਾਈਆਂ
- 2007 ਵਿੱਚ ਬੰਗਲਾਦੇਸ਼ ਵਿੱਚ ਆਏ ਚੱਕ੍ਰਵਾਤ ਤੋਂ ਬਾਅਦ ਚਾਰ ਹਫਤਿਆਂ ਦਾ ਪ੍ਰੋਜੈਕਟ ਸ਼ੁਰੂ ਕੀਤਾ ਤੇ ਉਨ੍ਹਾਂ ਨੂੰ ਪਾਣੀ ਮੁਹੱਈਆ ਕਰਵਾਉਣ ਦੇ ਨਾਲ ਨਾਲ ਉਨ੍ਹਾਂ ਲਈ ਮੁੜ ਘਰ ਉਸਾਰ ਕੇ ਦਿੱਤੇ
- 2007 ਵਿੱਚ ਭਾਰਤ, ਨੇਪਾਲ, ਭੂਟਾਨ, ਪਾਕਿਸਤਾਨ ਤੇ ਬੰਗਲਾਦੇਸ਼ ਵਿੱਚ ਆਏ ਹੜ੍ਹਾਂ ਤੋਂ ਬਾਅਦ ਲੋਕਲ ਏਰੀਆ ਦੇ ਲੋਕਾਂ ਦੀ ਮਦਦ ਲਈ ਉਨ੍ਹਾਂ ਨੂੰ ਖਾਣਾ, ਰਾਸ਼ਨ, ਕੰਬਲ, ਚਾਦਰਾਂ, ਕੱਪੜੇ ਮੁਹੱਈਆ ਕਰਵਾਏ।
- 2009 ਵਿੱਚ ਪਾਕਿਸਤਾਨ ਦੇ ਪੰਜਾ ਸਾਹਿਬ ਗੁਰਦੁਆਰੇ ਵਿੱਚ ਸਿੱਖ ਤੇ ਹਿੰਦੂ ਰਫਿਊਜੀਆਂ ਲਈ ਸੈਨਿਟਰੀ ਆਈਟਮਾਂ ਮੁਹੱਈਆ ਕਰਵਾਈਆਂ
- 2009 ਵਿੱਚ ਕੰਬੋਡੀਆ ਵਿੱਚ ਯਤੀਮ ਬੱਚਿਆਂ ਦੀ ਮਦਦ ਲਈ ਡੈਂਟਲ ਕਲੀਨਿਕਸ ਵਾਸਤੇ ਸਾਜ਼ੋ ਸਮਾਨ ਤੇ ਹੋਰ ਸਰੋਤ ਮੁਹੱਈਆ ਕਰਵਾਏ
- 2010 ਵਿੱਚ ਹਾਇਤੀ ਵਿੱਚ ਆਏ ਭੂਚਾਲ ਤੋਂ ਬਾਅਦ ਲੋਕਾਂ ਦੀ ਮਦਦ ਲਈ ਅੱਠ ਅਨਾਥ ਆਸ਼ਰਮਾਂ ਨੂੰ ਸਪੌਂਸਰ ਕੀਤਾ ਤੇ ਖਾਣਾ, ਸਾਫ ਪਾਣੀ ਤੇ ਹੋਰ ਮਦਦ ਮੁਹੱਈਆ ਕਰਵਾਈ
- 2011 ਵਿੱਚ ਲਿਬੀਆ ਦੀ ਖਾਨਾਜੰਗੀ ਦੌਰਾਨ ਟਿਊਨੇਸ਼ੀਆਈ ਤੇ ਲਿਬੀਆਈ ਬਾਰਡਰ ਉੱਤੇ ਮਨੁੱਖਤਾਵਾਦੀ ਮਦਦ ਮੁਹੱਈਆ ਕਰਵਾਈ
- 2012 ਵਿੱਚ ਕੀਨੀਆ ਦੀਆਂ ਲੋਕਲ ਆਰਗੇਨਾਈਜ਼ੇਸ਼ਨਜ਼ ਨਾਲ ਰਲ ਕੇ ਉਨ੍ਹਾਂ ਇਲਾਕਿਆਂ ਤੱਕ ਪਹੁੰਚ ਕੀਤੀ ਜਿੱਥੇ ਸਾਫ ਪੀਣ ਵਾਲਾ ਪਾਣੀ ਨਹੀਂ ਹੈ ਤੇ ਉੱਥੇ ਪਾਣੀ ਲਈ ਫੈਸਿਲਿਟੀਜ਼ ਤਿਆਰ ਕਰਵਾਈਆਂ
- 2013 ਵਿੱਚ ਉੱਤਰਾਖੰਡ ਵਿੱਚ ਆਏ ਹੜ੍ਹ ਦੌਰਾਨ ਲੋਕਾਂ ਲਈ ਮੁਫਤ ਵਿੱਚ ਖਾਣੇ, ਪਾਣੀ ਤੇ ਪਹਿਲਾਂ ਤੋਂ ਹੀ ਪੈਕ ਰਾਹਤ ਸਮੱਗਰੀ ਮੁਹੱਈਆ ਕਰਵਾਈ
- 2013 ਵਿੱਚ ਉੱਤਰ ਪ੍ਰਦੇਸ਼ ਵਿੱਚ ਹੋਏ ਦੰਗਿਆਂ ਤੋਂ ਬਾਅਦ ਰਫਿਊਜੀ ਕੈਂਪਾਂ ਵਿੱਚ ਲਾਈਟਾਂ ਤੇ ਕੰਬਲ ਵੰਡੇ, 2013 ਵਿੱਚ ਫਿਲੀਪੀਨ ਵਿੱਚ ਆਏ ਟਾਇਫੂਨ ਹਾਇਐਨ ਦੇ ਪੀੜਤਾਂ ਲਈ ਰਾਹਤ ਕਾਰਜ ਚਲਾਇਆ ਤੇ ਉਨ੍ਹਾਂ ਦੀ ਮਦਦ ਲਈ ਨਵੀਆਂ ਕਿਸ਼ਤੀਆਂ ਤੇ ਉਸਾਰੀ ਵਾਲੀ ਸਮੱਗਰੀ ਮੁਹੱਈਆ ਕਰਵਾਈ
- 2014 ਵਿੱਚ ਯੂਕੇ ਵਿੱਚ ਆਏ ਹੜ੍ਹਾਂ ਦੌਰਾਨ 600 ਟੰਨ ਸੈਂਡ ਬੈਗਜ਼, ਵਾਲੰਟੀਅਰ ਟੀਮਾਂ ਤੇ ਸੈਨੀਟੇਸ਼ਨ-ਹਾਈਜੀਨ ਆਈਟਮਾਂ ਮੁਹੱਈਆ ਕਰਵਾਈਆਂ
- 2014 ਵਿੱਚ ਲੈਬਨਾਨ ਦੇ ਰਫਿਊਜੀਆਂ ਲਈ ਰਾਹਤ ਟੀਮਾਂ ਭੇਜੀਆਂ, ਸਕੂਲ ਜਾਣ ਵਾਲੇ ਬੱਚਿਆਂ ਲਈ ਐਜੂਕੇਸ਼ਨ ਸਪਲਾਈ ਤੇ ਸਰਦੀਆਂ ਲਈ ਫਾਇਰ ਵੁੱਡ ਦਾ ਇੰਤਜ਼ਾਮ ਕਰਵਾਇਆ
- ਯੁਗਾਂਡਾ ਦੀ ਹਿੰਸਾ ਤੋਂ ਭੱਜਣ ਵਾਲੇ ਤੇ ਸੂਡਾਨੀ ਰਫਿਊਜੀ ਕੈਂਪਾਂ ਵਿੱਚ ਪਨਾਹ ਲੈਣ ਵਾਲਿਆਂ ਲਈ 85 ਡੈਸਕ, ਅਕਾਦਮਿਕ ਸਮੱਗਰੀ ਮੁਹੱਈਆ ਕਰਵਾਉਣ ਦੇ ਨਾਲ ਨਾਲ ਇਹ ਯਕੀਨੀ ਬਣਾਇਆ ਕਿ ਬੱਚੇ ਸਿੱਖਿਆ ਹਾਸਲ ਕਰ ਸਕਣ
- 2014 ਵਿੱਚ ਬੋਸਨੀਆ ਵਿੱਚ ਆਏ ਹੜ੍ਹਾਂ ਦੌਰਾਨ 10,000 ਸੈਂਡਬੈਗ ਦਾਨ ਕੀਤੇ, ਹੜ੍ਹਾਂ ਨੂੰ ਰੋਕਣ ਦੇ ਪ੍ਰਬੰਧ ਕੀਤੇ, ਘਰਾਂ ਦੀ ਮੁੜ ਉਸਾਰੀ ਤੇ ਮੁਰੰਮਤ ਕਰਵਾਈ
- ਸੀਰੀਆ ਵਿੱਚ ਰਫਿਊਜੀਆਂ ਲਈ ਯੇਜ਼ਿਦੀ ਡਾਇਟ ਮੁਹੱਈਆ ਕਰਵਾਉਣ ਵਾਲੀ ਇੰਡਸਟਰੀਅਲ ਪੱਧਰ ਦੀ ਬੇਕਰੀ ਮੁੜ ਕਾਇਮ ਕਰਨ ਲਈ ਫੰਡ ਮੁਹੱਈਆ ਕਰਵਾਏ
- 2014 ਵਿੱਚ ਆਈਐਸਆਈਐਸ ਦੇ ਸਿਰ ਚੁੱਕਣ ਮੌਕੇ ਇਰਾਕ ਵਿੱਚ ਬੇਘਰ ਹੋਏ ਸਿੱਖਾਂ ਦੀ ਮਦਦ ਕੀਤੀ
- 2014 ਵਿੱਚ ਸਹਾਰਨਪੁਰ ਵਿੱਚ ਹੋਏ ਦੰਗਿਆਂ ਦੇ ਪੀੜਤਾਂ ਦੀ ਮਦਦ ਲਈ ਸਪੋਰਟ ਪ੍ਰੋਜੈਕਟ ਚਲਾਇਆ
- 2014 ਵਿੱਚ ਜੰਮੂ ਤੇ ਕਸ਼ਮੀਰ ਵਿੱਚ ਆਏ ਹੜ੍ਹਾਂ ਤੋਂ ਬਾਅਦ ਐਮਰਜੰਸੀ ਰਾਹਤ ਸਮੱਗਰੀ ਜਿਵੇਂ ਕਿ ਪੀਣ ਵਾਲਾ ਸਾਫ ਪਾਣੀ, ਖਾਣਾ ਤੇ ਸੈਨੀਟਰੀ ਆਈਟਮਾਂ ਮੁਹੱਈਆ ਕਰਵਾਉਣ ਦੇ ਨਾਲ ਨਾਲ ਉੱਥੇ ਫਸੇ ਲੋਕਾਂ ਨੂੰ ਬਚਾਉਣ ਲਈ ਸਰਕਾਰ ਦੀ ਮਦਦ ਕੀਤੀ
- 2014 ਵਿੱਚ ਵਿਸ਼ਾਖਾਪਟਨਮ ਵਿੱਚ ਆਏ ਚੱਕ੍ਰਵਾਤ ਕਾਰਨ ਨੁਕਸਾਨੇ ਘਰਾਂ ਨੂੰ ਮੁੜ ਉਸਾਰਨ ਵਿੱਚ ਮਦਦ ਕੀਤੀ।
- 2015 ਵਿੱਚ ਆਸਟਰੇਲੀਆ ਵਿੱਚ ਮਾਰਸੀਆ ਚੱਕ੍ਰਵਾਤ ਪੀੜਤਾਂ ਦੀ ਮਦਦ ਲਈ ਅਹਿਮ ਸਮੱਗਰੀ ਮੁਹੱਈਆ ਕਰਵਾਈ
- 2015 ਵਿੱਚ ਮਾਲਾਵੀ ਵਿੱਚ ਆਏ ਹੜ੍ਹਾਂ ਲਈ ਪਾਣੀ ਦੇ ਸਥਾਈ ਸਰੋਤ ਦਾ ਪ੍ਰਬੰਧ ਕਰਵਾਇਆ
- 2015 ਵਿੱਚ ਨੇਪਾਲ ਵਿੱਚ ਆਏ ਭੂਚਾਲ ਤੋਂ ਬਾਅਦ ਰੋਜ਼ਾਨਾ 10,000 ਮੀਲਜ਼, ਅਸਥਾਈ ਸ਼ੈਲਟਰ, ਮਲਬੇ ਨੂੰ ਹਟਾਉਣ ਤੇ 10 ਟੰਨ ਦੀ ਹੋਰ ਅਹਿਮ ਸਮੱਗਰੀ ਜਿਵੇਂ ਕਿ ਮੈਡੀਕਲ ਤੇ ਫੂਡ ਸਪਲਾਈ ਮੁਹੱਈਆ ਕਰਵਾਈ
- 2015 ਵਿੱਚ ਯਮਨ ਵਿੱਚ ਖਾਨਾਜੰਗੀ ਦੇ ਸ਼ਿਕਾਰ ਲੋਕਾਂ ਨੂੰ ਖਾਣਾ ਮੁਹੱਈਆ ਕਰਵਾਇਆ
- 2015 ਵਿੱਚ ਯੂਕੇ ਵਿੱਚ ਆਏ ਹੜ੍ਹਾਂ ਤੋਂ ਬਾਅਦ ਲੋਕਾਂ ਨੂੰ ਗਰਮ ਖਾਣਾ ਮੁਹੱਈਆ ਕਰਵਾਉਣ ਦੇ ਨਾਲ ਨਾਲ ਸੈਂਡਬੈਗਜ਼ ਤੇ ਕਲੀਨਿੰਗ ਮਟੀਰੀਅਲ ਵੀ ਮੁਹੱਈਆ ਕਰਵਾਇਆ
- 2016 ਵਿੱਚ ਗ੍ਰੀਕ ਰਫਿਊਜੀ ਸੰਕਟ ਤੋਂ ਬਾਅਦ ਯੂਰਪ ਭਰ ਵਿੱਚ ਰਫਿਊਜੀਆਂ ਦੀ ਮਦਦ ਲਈ ਖਾਣਾ, ਪਾਣੀ, ਸਾਫ ਕੱਪੜੇ, ਮੈਡੀਕਲ ਮਦਦ ਤੇ ਟਰਾਂਸਲੇਸ਼ਨ ਸੇਵਾਵਾਂ ਮੁਹੱਈਆ ਕਰਵਾਈਆਂ।

ਖਾਲਸਾ ਏਡ ਇੰਟਰਨੈਸ਼ਨਲ ਸਿੱਖ ਵਿਚਾਰਧਾਰਾ ਸਰਬੱਤ ਦਾ ਭਲਾ ਦੇ ਆਧਾਰ ਉੱਤੇ ਚੱਲਦੀ ਹੈ, ਜਿਸ ਤਹਿਤ ਕਿਸੇ ਵੀ ਮਨੁੱਖ ਦੀ ਜਾਤ, ਧਰਮ, ਨਸਲ ਜਾਂ ਸਰਹੱਦਾਂ ਦੀ ਫਿਕਰ ਕੀਤੇ ਬਿਨਾਂ ਮਨੁੱਖਤਾ ਦੀ ਮਦਦ ਦਾ ਹੋਕਾ ਦਿੱਤਾ ਗਿਆ ਹੈ। ਅੱਜ ਖਾਲਸਾ ਏਡ ਵਰਗੀ ਨੁਮਾਇੰਦਗੀ ਦੀ ਹੀ ਪੂਰੀ ਦੁਨੀਆ ਨੂੰ ਲੋੜ ਹੈ। ਪਿਛਲੇ ਸਾਲ ਪੂਰੀ ਦੁਨੀਆਂ ਨੂੰ ਜਿਸ ਸੰਕਟ ਦਾ ਸਾਹਮਣਾ ਕਰਨਾ ਪਿਆ ਹੈ ਉਸ ਦੌਰਾਨ ਵੀ ਖਾਲਸਾ ਏਡ ਵੱਲੋਂ ਹਜ਼ਾਰਾਂ ਲੋਕਾਂ ਦੀ ਮਦਦ ਕੀਤੀ ਗਈ। ਦਿੱਲੀ ਦੇ ਬਾਰਡਰ ਉੱਤੇ ਬੈਠੇ ਕਿਸਾਨ ਅੰਦੋਲਨ ਦੇ ਹਜ਼ਾਰਾਂ ਮੁਜ਼ਾਹਰਾਕਾਰੀਆਂ ਦੀ ਮਦਦ ਲਈ ਸ਼ੈਲਟਰ, ਕੱਪੜੇ, ਖਾਣਾ, ਪਾਣੀ, ਫਰਸਟ ਏਡ ਕਿੱਟਸ, ਹਾਈਜੀਨ ਪ੍ਰੋਡਕਟਸ ਤੇ ਫਾਇਰ ਐਕਸਟਿੰਗੁਇਸ਼ਰ ਤੱਕ ਮੁਹੱਈਆ ਕਰਵਾਏ ਗਏ ਹਨ। ਬੈਰੂਤ ਵਿੱਚ ਹੋਏ ਧਮਾਕੇ ਤੋਂ ਬਾਅਦ ਖਾਲਸਾ ਏਡ ਨੇ ਲੋਕਲ ਅਧਿਕਾਰੀਆਂ ਨਾਲ ਰਲ ਕੇ ਮੈਡੀਕਲ ਸਪਲਾਈ ਦੇ ਨਾਲ ਨਾਲ ਹੋਰ ਜ਼ਰੂਰੀ ਸਪਲਾਈ ਵੀ ਉੱਥੋਂ ਤੱਕ ਪੁੱਜਦੀ ਕੀਤੀ। ਮਹਾਂਮਾਰੀ ਦੌਰਾਨ ਖਾਲਸਾ ਏਡ ਨੇ ਲੋੜਵੰਦਾਂ ਨੂੰ ਖਾਣਾ, ਕੱਪੜੇ ਤੇ ਸ਼ੈਲਟਰ ਤੱਕ ਮੁਹੱਈਆ ਕਰਵਾਇਆ। ਕੋਵਿਡ 19 ਮਹਾਂਮਾਰੀ ਦੀ ਸ਼ੁਰੂਆਤ ਤੋਂ ਹੀ ਹਰ ਐਤਵਾਰ ਕੈਨੇਡੀਅਨਾਂ ਦੀ ਮਦਦ ਲਈ ਖਾਲਸਾ ਏਡ ਵੱਲੋਂ ਲੋੜਵੰਦਾਂ ਨੂੰ ਗਰੌਸਰੀ ਮੁਹੱਈਆ ਕਰਵਾਈ ਜਾ ਰਹੀ ਹੈ। ਹਸਪਤਾਲ ਵਿੱਚ ਕੰਮ ਕਰਨ ਵਾਲੇ ਲੋਕਲ ਹੀਰੋਜ ਲਈ ਵੀ ਖਾਣੇ ਦਾ ਪ੍ਰਬੰਧ ਕਰਵਾਇਆ ਜਾਂਦਾ ਹੈ। ਸਾਡੀ ਸਾਲਾਨਾ ਰੁੱਖ ਲਾਉਣ ਦੀ ਮੁਹਿੰਮ ਵਿੱਚ ਖਾਲਸਾ ਏਡ ਵੱਧ ਚੜ੍ਹ ਕੇ ਹਿੱਸਾ ਲੈਂਦੀ ਹੈ।

ਟਿੰਮ ਉੱਪਲ ਨੇ ਨੋਬਲ ਐਵਾਰਡ ਦੇਣ ਵਾਲੀ ਕਮੇਟੀ ਨੂੰ ਕੀਤੀ ਸਿਫਾਰ੍ਹਿਸ ਵਿੱਚ ਖਾਲਸਾ ਏਡ ਵੱਲੋਂ ਕੀਤੇ ਉਕਤ ਕੰਮਾਂ ਦਾ ਵੇਰਵਾ ਦਿੰਦਿਆਂ ਆਖਿਆ ਕਿ ਉਮੀਦ ਹੈ ਕਿ ਮਾਨਵਤਾ ਲਈ ਕੰਮ ਕਰਨ ਵਾਲੀ ਇਸ ਏਜੰਸੀ ਦੇ ਕੰਮ ਨੂੰ ਵਿਚਾਰਿਆ ਜਾਵੇਗਾ ਤੇ ਨੋਬਲ ਪੀਸ ਪ੍ਰਾਈਜ਼ ਲਈ ਸਾਡੀ ਸਿਫਾਰਿਸ਼ ਉੱਤੇ ਗੌਰ ਕੀਤਾ ਜਾਵੇਗਾ।
















# ਅਸੀਂ ਪੰਜਾਬੀ ਹੁੰਨੇ ਆਂ !

ਡਾ. ਗੁਰਬਖ਼ਸ਼ ਸਿੰਘ ਭੰਡਾਲ



ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਇਕਸੁਰ, ਇਕਸਾਰ ਤੇ ਇੱਕਤਾਰਤਾ ਵਿਚ ਬੱਝੇ। ਇਕਦੂਜੇ ਵਿਚ ਗੜੁੰਦ। ਪੰਜਾਬੀ ਰਹਿਤਲ ਵਿਚ ਜੰਮੇ-ਜਾਇਆਂ ਨੂੰ ਵਿਰਾਸਤ ਵਿਚ ਮਿਲੀ ਹੈ ਅਣਖ, ਅਦਬ ਤੇ ਅਰਦਾਸ। ਗੁੱੜਤੀ ਵਿਚ ਮਿ-ਲਿਆ ਹੈ ਹੱਕ-ਨਿਆਂ ਲਈ ਅੜ ਜਾਣਾ, ਹਮਲਾਵਰਾਂ ਨੂੰ ਚਿੱਤ ਕਰਨਾ ਅਤੇ ਮਾਨਵੀ ਕਦਰਾਂ-ਕੀਮਤਾਂ ਤੇ ਪਹਿਰਾ ਦੇਣਾ।

ਪੰਜਾਬੀਆਂ ਦਾ ਮੂਲ-ਮੰਤਰ ਹੈ ਸਰਬੱਤ ਦਾ ਭਲਾ ਜੋ ਇਹਨਾਂ ਨੂੰ ਆਪਣੇ ਗੁਰੂਆਂ, ਪੀਰਾਂ, ਫ਼ਕੀਰਾਂ, ਸੰਤਾਂ-ਮਹਾਤਮਾ, ਬਜ਼ੁਰਗਾਂ ਅਤੇ ਤਹਿਜ਼ੀਬੀ ਤਵਾਰੀਖ਼ 'ਚੋਂ ਮਿਲਿਆ। ਇਤਿਹਾਸ ਨੂੰ ਸਿਰਜਣ ਵਾਲੇ ਪੰਜਾਬੀਮੁੱੜਕੇ ਨਾਲ ਮਿੱਟੀ 'ਤੇ ਕਿਸਮਤ ਰੇਖਾਵਾਂ ਲਿਖਦੇ। ਖ਼ੂਨ ਨਾਲ ਵਕਤ ਦੇ ਵਰਕਿਆਂ ਨੂੰ ਸੂਹੀ ਤਹਿਜ਼ੀਬ ਦਾ ਮਾਣ ਬਖਸ਼ਦੇ। 'ਸਵਾ ਲਾਖ ਸੇ ਏਕ ਲੜਾਉਂ' ਵਰਗੀ ਮਾਨਸਿਕ ਤਕੜਾਈ ਤੇ ਦਲੇਰੀ ਦੀ ਬਖਸ਼ਿਸ਼। ਇਹਨਾਂ ਦੇ ਹੀ ਹਿੱਸੇ ਆਇਆ ਕਿ ਭਾਈ ਘਨਈਆ ਜੀ ਦੇ ਰੂਪ ਵਿਚ ਜਖ਼ਮੀ ਦੁਸ਼ਮਣਾਂ ਦੀ ਮਰ੍ਹਮ ਪੱਟੀ ਕਰਨੀ ਤੇ ਪਾਣੀ ਵੀ ਪਿਲਾਉਣਾ। ਪੰਜਾਬੀਆਂ ਦੀ ਕਲਮ 'ਚੋਂ ਉਗੇ ਹਰਫ਼, ਸਮੇਂ ਦੇ ਹਾਕਮ ਨੂੰ ਉਹਨਾਂ ਦੀਆਂ ਕਮੀਨਗੀਆਂ ਦੇ ਰੂਬਰੂ ਵੀ ਕਰਦੇ ਅਤੇ ਕੌਮ ਦੀਆਂ ਕਦਰਾਂ-ਕੀਮਤਾਂ,ਆਉਣ ਵਾਲੀ ਨਸਲ ਦੇ ਨਾਮ ਕਰਦੇ।

ਪੰਜਾਬੀ ਮਾਨਸਿਕਤਾ,ਜੀਵਨ-ਸ਼ੈਲੀ, ਸਮਾਜਿਕ, ਪਰਿਵਾਰਕ ਤੇ ਕਿਰਤ ਸਭਿਆਚਾਰ ਨੂੰ ਸਮਝਣ ਲਈ ਬਹੁਮੁੱਖੀ ਧਾਰਾਵਾਂ ਅਤੇ ਡੂੰਘੀ ਸੋਚਦੀ ਲੋੜ। ਪੇਤਲੀ ਨਜ਼ਰ ਹਮੇਸ਼ਾ ਧੋਖਾ ਖਾਂਦੀ। ਬਹੁਤ ਡੂੰਘੀਆਂ ਨੇ ਇਹਨਾਂ ਦੀਆਂ ਰਮਜ਼ਾਂ, ਰਿਵਾਜ਼, ਰਿਵਾਇਤਾਂ, ਰੂਹ-ਰੰਗਤਾ, ਰੂਹ-ਰੇਜ਼ਤਾ ਅਤੇ ਰੂਹ-ਰਾਗਣੀ।

ਪੰਜਾਬੀ ਤੂਤ ਦੇ ਮੋਛੇ ਵਰਗੇ ਜੋ ਕਦੇ ਟੁੱਟਦੇ, ਤਿੱੜਕਦੇ ਜਾਂ ਦੋਫਾਂਗ ਨਹੀਂਹੁੰਦੇ। ਇਹ ਤਾਂ ਦੇਗਾਂ ਵਿਚ ਉਬਾਲੇ ਜਾਂਦੇ, ਆਰਿਆਂ ਨਾਲ ਚੀਰੇ ਜਾ ਸਕਦੇ, ਚਰਖੜੀਆਂ ਤੇ ਚੜ ਜਾਂਦੇ, ਰੰਬੀਆਂ ਨਾਲ ਖੋਪਰੀਆਂ ਲੁਹਾ ਸਕਦੇ, ਬੰਦ-ਬੰਦ ਕਟਵਾ ਸਕਦੇ, ਨੀਹਾਂ ਵਿਚ ਚਿਣੇ ਜਾ ਸਕਦੇ ਪਰ ਕਦੇ ਵੀ ਈਨ ਨਹੀਂ ਮੰਨਦੇ। ਇਹ ਸਿਰਫ਼ ਪੰਜਾਬੀ ਹੀ ਕਰ ਸਕਦੇ ਕਿ ਉਹ ਕਿਸੇ ਦੂਸਰੇ ਧਰਮ ਦੀ ਆਨ-ਸ਼ਾਨ ਲਈ ਕੁਰਬਾਨ ਹੋ ਸਕਦੇ। ਬਿਗਾਨੀਆਂ ਧੀਆਂ-ਭੈਣਾਂ ਨੂੰ ਅਗਵਾਕਾਰਾਂ ਕੋਲੋਂ ਛੁਡਾ, ਇਜਤ ਨਾਲ ਉਹਨਾਂ ਦੇ ਘਰ ਪਹੁੰਚਾਂਦੇ। ਅਜੇਹਾ ਕਿਰਦਾਰ, ਇਖ਼ਲਾਕ ਅਤੇ ਚਰਿੱਤਰ ਕਦੇ ਇਤਿਹਾਸ ਦੇ ਵਰਕਿਆਂ ਵਿਚ ਪੜੀਦਾ ਸੀ। ਪਰ ਹੁਣ ਸ਼ਾਖ਼ਸ਼ਾਤ ਨਜ਼ਰ ਆਉਂਦਾ। ਡੰਡੇ ਮਾਰਨ ਵਾਲੀ ਪੁਲੀਸ ਨੂੰ ਭੁੱਖਾ ਸਮਝ ਕੇ, ਲੰਗਰ ਛਕਾਉਣ ਦੀ ਪਿਰਤ ਹੈ ਪੰਜਾਬੀਆਂ ਦੀ। ਇਹ ਐਲਾਨਨਾਮਾ ਵੀ ਪੰਜਾਬੀਆਂ ਦਾ ਹੈ, 'ਦੇਹ ਸਿਵਾ ਬਰ ਮੋਹ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ, ਨ ਡਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰ ਆਪਨੀ ਜੀਤ ਕਰੋ।"

ਪੰਜਾਬੀਆਂ ਨੂੰ ਸਮੁੱਚ ਵਿਚ ਸਮਝਣ ਲਈ ਜਰੂਰੀ ਹੈ ਇਸਦੇ ਇਤਿਹਾਸ ਨੂੰ ਘੋਖਵੀਂ ਨਜ਼ਰ ਨਾਲ ਪੜਿਆ ਅਤੇ ਇਸ 'ਚ ਉਤਰਿਆ ਜਾਵੇ। ਬਹੁਤ ਕੁਝ ਹੁੰਦਾ ਏ ਜਿਹੜਾ ਧਾਰਮਿਕ ਗਰੰਥਾਂ, ਇਤਿਹਾਸਕ ਦਸਤਾਵੇਜ਼ਾਂ,ਪੀੜੀ ਦਰ ਪੀੜੀ ਚੱਲੀ ਆ ਰਹੀ ਪਿਰਤ ਅਤੇ ਮੌਖਿਕ ਇਤਿਹਾਸ ਵਿਚੋਂ ਸੁਣਨ ਅਤੇ ਸਮਝਣ ਦੀ ਲੋੜ ਹੁੰਦੀ।

ਪੰਜਾਬੀਆਂ ਨੂੰ ਜੇਕਰ ਬਹੁਤ ਪਿਛਾਂਹ ਜਾ ਕੇ ਨਾ ਵੀ ਸਮਝਣਾ ਹੋਵੇ ਤਾਂ ਬੀਤੇ ਦੀਆਂ ਕੁਝ ਕੁ ਘਟਨਾਵਾਂ ਵਿਚੋਂ ਇਹਨਾਂ ਦੀ ਮਾਨਵਤਾ ਪ੍ਰਤੀ ਲਗਨ, ਸੇਵਾ-ਭਾਵਨਾ, ਵੰਡਣ-ਛੱਕਣ ਦੀ ਰੀਤ ਅਤੇ ਲੰਗਰ ਪ੍ਰਥਾ ਦੀ ਸੁੱਚਤਮਤਾ ਤੇ ਉਚਤਮਤਾ ਵਿਚੋਂ ਪੜਿਆ ਜਾ ਸਕਦਾ। ਕਿਸੇ ਵੀ ਕੌਮ ਨੂੰ ਸਮਝਣ ਲਈ ਸਭ ਤੋਂ ਜਰੂਰੀ ਹੁੰਦਾ ਕਿ ਸਾੜਸੱਤੀ, ਮਹਾਂਮਾਰੀ ਜਾਂ ਮਨੁੱਖੀ ਤਰਾਸਦੀ ਦੇ ਦੌਰਾਨ ਉਸ ਕੌਮ ਦੀ ਕੀ ਪ੍ਰਤੀਕਿਰਿਆ ਸੀ? ਪੀੜਾ ਨੂੰ ਕਿਵੇਂ ਮਹਿਸੂਸ ਕੀਤਾ? ਉਸਨੇ ਕਿਹੜੇ ਰੂਪ ਵਿਚ ਮਾਨਵਤਾ ਦੀਆਂ ਅੱਖਾਂ 'ਚ ਆਏ ਹੰਝੂਆਂ ਨੂੰ ਪੂੰਝਿਆ?ਕੀ ਉਸਨੇ ਖੁਦ ਨੂੰਸੇਵਾ ਪ੍ਰਤੀ ਸਮਰਪਿੱਤ ਕੀਤਾ ਜਾਂ ਆਲੇ-ਦੁਆਲੇ ਰੁੱਲਦਿਆਂ ਚੀਥੜਿਆਂ ਨੂੰ ਦੇਖ ਕੇ ਬੇਨਿਆਜ਼ ਹੀ ਰਿਹਾ? ਯਾਦ ਰਹੇ ਕਿ ਇਤਿਹਾਸ ਸਿਰਫ਼ ਉਹ ਹੀ ਲਿਖਦੇ ਜੋ ਇਤਿਹਾਸ ਲਿਖਣ ਦੇ ਕਾਬਲ ਹੁੰਦੇ ਅਤੇ ਉਹਨਾਂ ਕਰਕੇ ਹੀ ਬੀਤਿਆ ਕੱਲ ਅੱਜ ਲਈ ਪੂਜਣਯੋਗ ਹੁੰਦਾ ਅਤੇ ਰਾਹ-ਦਸੇਰਾ ਬਣ ਕੇ ਆਉਣ ਵਾਲੀਆਂ ਨਸਲਾਂ ਲਈ ਮਾਰਗ-ਦਰਸ਼ਨ ਕਰਦਾ।

ਪੰਜਾਬੀਆਂ ਦੀ ਸੰਵੇਦਨਾ ਨੂੰ ਨੇੜਿਉਂ ਦੇਖਣ ਲਈ ਕਰੋਨਾ ਕਾਲ ਦੌਰਾਨ ਪੰਜਾਬੀਆਂ ਵਲੋਂ ਕੀਤੀ ਸੇਵਾ-ਭਾਵਨਾ ਨੂੰ ਸਿਜਦਾ ਕਰਨ ਨੂੰਜੀਅ ਕਰਦਾ। ਭਾਵੇਂ ਉਹ ਤਾਲਾਬੰਦੀ ਦੌਰਾਨ ਦੇਸ਼-ਵਿਦੇਸ਼ ਵਿਚ ਭੁੱਖਿਆਂ ਲਈ ਲੰਗਰ ਲਾਉਣੇ ਹੋਣ।ਹਜਾਰਾਂ ਹੀ ਮਜਦੂਰਾਂ ਨੂੰ ਮਹਾਂਮਾਰੀ ਦੌਰਾਨ ਉਹਨਾਂ ਦੇ ਘਰ ਪਹੁੰਚਾਣ ਲਈ ਬੱਸਾਂ, ਰੇਲ-ਗੱਡੀਆਂ ਜਾਂ ਹਵਾਈ ਯਾਤਰਾ ਦਾ ਪ੍ਰਬੰਧ ਕਰਨਾ ਹੋਵੇ।ਲੋੜਵੰਦਾਂ ਨੂੰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣੀਆਂ ਹੋਣ ਜਾਂ ਆਪਣੀ ਜਾਨ ਜੋਖ਼ਮ ਵਿਚ ਪਾ ਕੇ, ਉਹਨਾਂ ਦੀਆਂ ਲਿੱਲਕੜੀਆਂ, ਲੇਰਾਂ ਤੇ ਸਿੱਸਕੀਆਂ 'ਤੇਆਸ ਤੇ ਉਮੀਦ ਦਾ ਚਿਰਾਗ ਜਗਾਉਣਾ ਹੋਵੇ। ਕਰੋਨਾ ਦੇ ਖ਼ੌਫ ਕਾਰਨ ਜਦਮਾਲਕਾਂ ਨੇ ਕਿਰਾਏਦਾਰ ਡਾਕਟਰਾਂ ਨੂੰ ਘਰੋਂ ਕੱਢਿਆ ਤਾਂ ਗੁਰਦੁਆਰੇ, ਉਹਨਾਂ ਲਈ ਰੈਣ-ਬਸੇਰੇ ਬਣ ਗਏ। ਵਿਦੇਸ਼ੀ ਸਰਕਾਰੀ ਤੰਤਰ ਨੇ ਇਸ ਔਖੀ ਘੜੀ ਵਿਚ ਸਿੱਖ ਭਾਈਚਾਰੇ ਨੂੰ ਹਾਕ ਮਾਰੀ ਤਾਂ ਉਹਨਾਂ ਨੇ ਇਸ ਹਾਕ ਦਾ ਹੁੰਗਾਰਾ ਦਰਿਆ-ਦਿਲੀ ਨਾਲ ਭਰਿਆ।

ਇਹ ਵੀ ਪੰਜਾਬੀਆਂ ਦੇ ਹੀ ਹਿੱਸੇ ਆਇਆ ਕਿ ਉਹਨਾਂ ਨੇ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਆਈ ਮਹਾਂਮਾਰੀ ਦੌਰਾਨ ਫਰੰਟ ਤੇ ਆ ਕੇ ਪੀੜਤਾਂ ਨੂੰ ਹਰ ਸਹੂਲਤ ਮੁਹੱਈਆ ਕਰਵਾਈ।ਖਾਲਸਾ ਏਡ ਵਰਗੀ ਸੰਸਥਾ ਹਰ ਦੁੱਖ ਦੀ ਘੜੀ ਵਿਚ ਹਾਜਰ-ਨਾਜ਼ਰ। ਭਾਂਵੇਂ ਉਹ ਸੀਰੀਆ ਜਾਂ ਈਰਾਕ ਵਿਚ ਜੰਗੰਬੰਦੀ ਵਿਚ ਘਿਰੇ ਸ਼ਰਨਾਰਥੀ ਹੋਣ, ਉੜੀਸਾ, ਦੱਖਣੀ ਭਾਰਤ, ਗੁਜਰਾਤ ਜਾਂ ਪੰਜਾਬ ਵਿਚ ਆਏ ਹੜ ਹੋਣ, ਮਿਆਂਮਾਰ ਦੇ ਬਾਰਡਰ ਤੇ ਘਿਰੇ ਰੋਹੰਗੀਆ ਮੁਸਲਮਾਨ ਹੋਣ ਜਾਂ ਕਿਸਾਨੀ ਸੰਘਰਸ਼ ਦੌਰਾਨ ਦਿਲੀ ਬਾਰਡਰ ਤੇ ਕਿਸਾਨਾਂ ਲਈ ਮੁੱਢਲੀਆਂ ਸਹੂਲਤਾਂ ਦਾ ਸੁਯੋਗ ਪ੍ਰਬੰਧ ਕਰਨਾ ਹੋਵੇ। ਇਹ ਤਾਂ ਵਰਸੋਏ ਹੀ ਦਾਨ ਕਰਨ, ਮਨੁੱਖਤਾ ਦੀਆਂ ਅੱਖਾਂ ਦਾ ਖਾਰਾ ਪਾਣੀ ਸੁਕਾਉਣ ਅਤੇ ਭੁੱਖੇ ਪਿਆਸਿਆਂ ਨੂੰ ਤ੍ਰਿਪਤ ਕਰਨ ਲਈ। ਪੰਜਾਬੀਆਂ ਨੂੰ ਪਤਾ ਹੈ ਕਿ ਦਾਨ ਦਿਤਿਆਂ ਧਨ ਨਹੀਂ ਘੱਟਦਾ ਅਤੇ ਦਾਨ ਨਾਲ ਚੱਲ ਰਹੇ ਕਾਰਜਾਂ ਵਿਚ ਕਦੇ ਖੜੋਤ ਨਹੀਂ ਆਉਂਦੀ।

ਪੰਜਾਬ ਸਦਾ ਗੁਰਾਂ ਦੇ ਨਾਮ 'ਤੇ ਜੀਂਦਾ। ਪੰਜਾਬੀਆਂ ਨੂੰ ਆਪਣੇ ਗੁਰੂਆਂ ਦੀਆਂ ਬਖਸ਼ਿਸ਼ਾਂ ਜਿੰਦ-ਜਾਨ ਤੋਂ ਵੀ ਪਿਆਰੀਆਂ। ਉਹ ਗੁਰੂਆਂ ਦੇ ਪੂਰਨਿਆਂ ਤੇ ਚੱਲਦੇ, ਜਾਨ ਦੀ ਪ੍ਰਵਾਹ ਨਹੀਂ ਕਰਦੇ। ਇਹਨਾਂ ਦੀ ਗੈਰਤ ਨੂੰ ਕਿਸੇ ਨੇ ਲਲਕ-ਾਰਨ ਦੀ ਜੁਅਰਤ ਨਹੀਂ ਕੀਤੀ। ਆਪਣੇ ਅਸੂਲਾਂ ਤੇ ਜਿਉਣ ਦੀ ਦਮਦਾਰੀ ਨੇ ਕਿਰਸਾਨੀ ਸੰਘਰਸ਼ ਨੂੰ ਨਵੀਂ ਬੁਲੰਦੀ 'ਤੇ ਪਹੁੰਚਾ ਦਿਤਾ ਏ।

ਇਹ ਪੰਜਾਬੀ ਹੀ ਕਰ ਸਕਦੇ ਕਿ ਦੋ ਦਿਨਾਂ ਲਈ ਧਰਨੇ ਤੇ ਆਇਆਂ ਨੂੰ ਹੁਣ ਦਿੱਲੀਬਾਰਡਰ ਤੇ ਬੈਠਿਆਂ ਨੂੰ ਮਹੀਨੇ ਤੋਂ ਵੀ ਵੱਧ ਹੋ ਗਿਆ। ਨਹੀਂ ਕੋਈ ਸਹੂਲਤਾਂ ਦੀ ਘਾਟ। ਅੰਬਰ ਹੇਠ ਘਰ ਬਣਾ ਲਏ ਪੰਜਾਬੀਆਂ। ਚੱਲਦੇ ਨੇ ਦਿਨ ਰਾਤ ਲੰਗਰ, ਭਰੇ-ਭੰਡਾਰ, ਅਪਰ-ਆਪਾਰ ਅਤੇ ਨਹੀਂ ਕੋਈ ਪਾਰਾਵਾਰ। ਪੀਜੇ, ਪਿੰਨੀਆਂ, ਬਦਾਮਾਂ ਤੀਕ ਦੇ ਲੰਗਰ।ਇਹ ਪੰਜਾਬੀਆਂ ਦੀ ਖੁੱਲਦਿਲੀ ਤੇ ਦਾਨੀ ਸੁਭਾਅ ਕਰਕੇ ਹੀ ਹੈ। ਕੌਣ ਲਾਵੇਗਾ ਹਿਸਾਬ ਇਹਨਾਂ ਦੀ ਫਿਰਾਖਦਿਲੀ ਤੇ ਦਰਿਆ-ਦਿਲੀ ਦਾ। ਇਹ ਸਭ ਕੁਝ ਲੁਟਾ ਕੇ ਆਪਣੀ ਪਿੱਠ ਨਹੀਂ ਲੱਗਣ ਦੇਣਗੇ। ਇਹਨਾਂ ਲਈ ਸੱਭ ਤੋਂ ਅਜ਼ੀਮ ਏ ਅਣਖ, ਅਦਬ ਅਤੇ ਆਪਣੀਆਂ ਸ਼ਰਤਾਂ ਤੇ ਜਿਊਣ ਦਾ ਜ਼ਜ਼ਬਾ। ਟੈਂਅ ਨਹੀਂ ਮੰਨਦੇ ਕਿਸੇ ਦੀ, ਪਿਆਰ ਨਾਲ ਭਾਵੇਂ ਜੋ ਮਰਜੀ ਕਰਵਾ ਲਓ ਤੇ ਲੈ ਲਓ ਸਭ ਕੁਝ। ਕੁਰਬਾਨ ਕਰ ਦਿੰਦੇ। ਦਿਲੀ ਬਾਰਡਰ ਤੇ ਸੰਘਰਸ਼ ਦੌਰਾਨ ਪੰਜਾਬੀਆਂ ਵਲੋਂ ਤਾਰੀ ਜਾ ਰਹੀ ਆਰਥਿਕ ਕੀਮਤ ਦੇ ਅੰਦਾਜ਼ੇ ਲਈ ਹਿਸਾਬ ਦੇ ਅੰਕ ਵੀ ਛੋਟੇ ਪੈ ਜਾਣਗੇ। ਅੱਠ-ਦਸ ਲੱਖ ਪੰਜਾਬੀ ਇਸ ਧਰਨੇ ਵਿਚ ਸ਼ਾਮਲ ਨੇ। ਜੇ ਹਰੇਕ ਦੀ ਇਕ ਦਿਨ ਦੀ ਕਮਾਈ ਪੰਜ ਸੌ ਰੁਪਏ ਮੰਨੀਏ (ਮਜਦੂਰ ਦੀ ਦਿਹਾੜੀ ਦੇ ਬਰਾਬਰ) ਤਾਂ ਕੁਲ 40 ਕਰੋੜ ਰੋਜਾਨਾ ਬਣਦੀ ਹੈ ਅਤੇ ਇਕ ਮਹੀਨੇ ਦੇ 1200 ਕਰੋੜ ਰੁਪਏ। ਜੇਕਰ ਕੁਲ 50,000 ਟਰਾਲੀਆਂ ਹੋਣ ਅਤੇ ਇਥੇ ਪਹੁੰਚਣ ਲਈ 2000 ਦਾ ਡੀਜਲ ਲੱਗਾ ਹੋਵੇ ਤਾਂ ਇਥੇ ਆਉਣ ਵਿਚ 10 ਕਰੋੜ ਦਾ ਖਰਚ। ਤੇ ਟੁੱਟਭੱਜ ਵੱਖਰੀ। ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਜਿਵੇਂ ਲੰਗਰ, ਟੈਂਟ, ਆਦਿ ਲਈ ਜੇਕਰ ਇਕ ਵਿਅਕਤੀ ਤੇ 300 ਰੁਪਏ ਵੀ ਖਰਚਾ ਆਵੇ ਤਾਂ ਇਹ ਰੋਜਾਨਾ 24 ਕਰੋੜ ਰੁਪਏਅਤੇ ਮਹੀਨੇ ਲਈ 720 ਕਰੋੜ ਰੁਪਏ ਬਣਦਾ। ਰੋਜ਼ਾਨਾ4000-5000 ਕਾਰਾਂ ਟੈਂਪੂ ਟਰੈਕਟਰ ਖਾਣੇ ਦੀਆਂ ਵਸਤਾਂ ਲੈ ਕੇ ਆ ਰਹੇ। ਜੇ ਹਰੇਕ ਤੇ ਤੇਲ ਦਾ 2000 ਰੁਪਏ ਖਰਚ ਹੋਵੇ ਤਾਂ ਰੋਜਾਨਾ 60 ਲੱਖ ਦਾ ਖਰਚਾ। ਬਾਕੀ ਸਹੂਲਤਾਂ ਦੇ ਹੋਰ ਬਹੁਤ ਸਾਰੇ ਖਰਚੇ। ਇਹ ਸਾਰਾ ਖਰਚਾ ਪੰਜਾਬੀ ਆਪਣੇ ਸਿਰ 'ਤੇ ਜਰਦੇ, ਹੱਕ-ਸੱਚ ਦੀ ਲੜਾਈ ਲੜ ਰਹੇ ਨੇ। ਆਪਣਾ ਆਪ ਤੇ ਘਰ ਲੁਟਾ ਕੇ, ਜਿੱਤ ਦੇ ਝੰਡੇ ਗੱਡਣਾ ਸਿਰਫ਼ ਪੰਜਾਬੀ ਹੀ ਕਰ ਸਕਦੇ। ਇਹ ਕ੍ਰਿਸ਼ਮਾ ਵੀ ਪੰਜਾਬੀਆਂ ਨੇ ਹੀ ਕਰਨਾ ਸੀ ਕਿ ਨਸ਼ਈ, ਨਲਾਇਕ ਤੇ ਲਾਪ੍ਰਵਾਹ ਜਵਾਨੀ ਦਾ ਇਲਜ਼ਾਮ ਧੋਣ ਲਈ, ਸਮੁੱਚੇ ਨੌਜ਼ਵਾਨਾਂ ਨੇ ਬਜੁਰਗਾਂ ਦੀ ਰਹਿਨੁਮਾਈ 'ਚ ਸੰਘਰਸ਼ ਨੂੰ ਅਜੇਹੇ ਮੁਕਾਮ ਤੇ ਪਹੁੰਚਾ ਦਿਤਾ ਕਿ ਦੁਨੀਆਂ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਪੰਜਾਬੀ ਗਾਇਕੀ ਨਵੀਂ ਸੇਧ ਲੈ ਕੇ ਪੰਜਾਬੀਆਂ ਦੀ ਵੰਗਾਰ ਤੇ ਲਲਕਾਰ ਬਣੀ ਅਤੇ ਪੰਜਾਬੀ ਵਿਰਸੇ ਨੂੰ ਨਵੀਂ ਪਹਿਚਾਣ ਮਿਲੀ। ਕੇਹਾ ਗਜ਼ਬ ਏ ਕਿ ਹਰ ਰੋਜ਼ ਲੱਖਾਂ ਕਮਾਉਣ ਵਾਲੇ ਗਾਇਕਾਂ ਤੇ ਕਲਾਕਾਰਾਂਨੇ ਖੁਦ ਨੂੰ ਸੰਘਰਸ਼ ਦੇ ਲੇਖੇ ਲਾ, ਰਾਤ ਦੇ ਪਹਿਰਦਾਰ ਬਣ, ਜਾਗਦੇ ਰਹੋ ਦਾ ਹੋਕਰਾ ਬਣਾ ਲਿਆ।

ਪੰਜਾਬੀਆਂ ਦੇ ਜੋਸ਼ ਇਹ ਕੇਹਾ ਆਲਮ ਏ ਕਿ ਲਗਜ਼ਰੀ ਕਾਰਾਂ ਪਿੱਛੇ ਟਰਾਲੀਆਂ ਪਾ ਕੇ ਪੰਜਾਬੀਆਂ ਨੇ ਰਸਦਾਂ ਦੇ ਢੇਰ ਲਗਾ ਦਿਤੇ। ਧਰਨੇ ਦਾ ਕੇਹਾ ਚਾਅ ਕਿ ਕੋਈ ਮੋਟਰਸਾਈਕਲ ਨੂੰ ਘੜੂਕਾ ਬਣਾ ਕੇ ਸੇਵਾ ਕਰ ਰਿਹਾ, ਕੋਈ ਦੌੜ ਕੇ ਦਿੱਲੀ ਨੂੰ ਤੁੱਰ ਪਿਆ, ਕੋਈ ਟਰਾਈਸਾਈਕਲ 'ਤੇ ਵਾਹੋਦਾਹੀ ਜਾ ਰਿਹਾ। ਵਿਆਹ ਤੋਂ ਬਾਅਦ, ਰਾਂਗਲੇ ਦਿਨਾਂ ਦੀ ਸ਼ੁਰੂਆਤ ਜਦ ਕੋਈ ਧਰਨੇ ਤੋਂ ਕਰਦਾ ਤਾਂ ਉਸਦੇ ਮਨ ਦੀਆਂ ਭਾਂਵਨਾਵਾਂ ਦਾ ਅੰਦਾਜ਼ਾ ਲਾਇਆ ਜਾ ਸਕਦਾ। ਬਾਪ ਆਪਣੀ ਧੀ ਦੀ ਡੋਲੀ ਤੋਰਨ ਲਈ ਧਰਨੇ ਤੋਂ ਤੁੱਰਨ ਵੇਲੇ ਅੱਖਾਂ ਨਮ ਕਰਦਾ ਹੈ ਕਿਉਂਕਿ ਉਸਨੂੰ ਲੱਗਦਾ ਹੈ ਕਿ ਸੰਘਰਸ਼ ਉਸਦੇ ਸਾਹਾਂ ਦਾ ਜਾਮਨ ਹੈ ਜਦ ਕਿ ਆਂਦਰ ਨੂੰ ਤਾਂ ਬਾਅਦ 'ਚ ਵੀ ਮਿਲਿਆ ਜਾ ਸਕਦਾ।

ਇਹ ਵੀ ਦਾਨਾਈ ਵੀ ਪੰਜਾਬੀਆਂ ਦੇ ਹਿੱਸੇ ਹੀ ਆਈ ਕਿ ਵਿਦੇਸ਼ ਤੋਂ ਗਿਆ ਕੋਈ ਬਾਬਾ ਨੋਟਾਂ ਦਾ ਝੋਲਾ, ਤੁੱਛ ਭੇਟਾ ਵਜੋਂ ਅਰਪੱਤ ਕਰਦਾ। ਅਜਾਦੀ ਅੰਦੋਲਨ ਲਈ ਅਮਰੀਕਾ ਤੋਂ ਤੁਰੀ ਗਦਰ ਲਹਿਰ ਦੀ ਨਵੀਂ ਕਰਵਟ ਹੀ ਹੈ ਕਿ ਵਿਦੇਸ਼ਾਂ ਵਿਚ ਵੱਸੇ ਪੰਜਾਬੀਆਂ ਨੇ ਆਪਣੇ ਪੁਰਖਿਆਂ ਦੇ ਕਾਰਨਾਮਿਆਂ ਨੂੰ ਕਦੇ ਨਹੀਂ ਵਿਸਾਰਿਆ। ਪੰਜਾਬੀਆਂ ਵਿਚ ਲੈਣ ਨਾਲੋਂ ਹੱਥੋਂ ਕੁਝ ਦੇਣ ਦਾ ਹੌਂਸਲਾ ਅਤੇ ਨਿਮ-ਰਤਾ ਨੇ ਇਕ ਅਲੋਕਾਰੀ ਪਛਾਣ ਸਿਰਜੀ ਹੈ।

ਇਹ ਪੰਜਾਬੀਆਂ ਦਾ ਹੀ ਕਰਮ ਏ ਕਿ ਉਹ ਜਿਥੇ ਵੀ ਜਾਂਦੇ ਨੇ ਨਵਾਂ ਪੰਜਾਬ ਵਸਾ ਲੈਂਦੇ। ਦਿਲੀ ਦੇ ਬਾਰਡਰਤੇ ਲਾਇਆ ਧਰਨਾ ਹੀ ਤਾਂ ਹੈ ਨਵਾ ਨਿਵੇਕਲਾ ਵੱਸਿਆ ਪੰਜਾਬ। ਇਸਦੀ ਖੁਸ਼ਬੂ। ਅਮੀਰਪ੍ਰੰਪਰਾਵਾਂ ਦੀ ਪ੍ਰਦਰਸ਼ਨੀ। ਸਹਿਜ, ਸ਼ਾਂਤੀ, ਸਿਦਕ ਅਤੇ ਸਿਰੜ ਨਾਲ ਕੁਦਰਤ ਦੇ ਭਾਣੇ ਵਿਚ ਰਹਿੰਦਿਆਂ, ਹਾਕਮ ਨੂੰ ਕੁੰਭਕਰਨੀ ਨੀਂਦ ਵਿਚੋਂ ਜਗਾਉਣਾ, ਤੇ ਹੱਕ-ਸੱਚ ਦਾ ਪ੍ਰਚਮ ਲਹਿਰਾਉਣਾ। ਦੁਨੀਆਂ ਨੂੰ ਇਹ ਦਿਖਾਉਣਾ ਕਿ ਸੰਘਰਸ਼ ਇਸ ਤਰ੍ਹਾਂ ਵੀ ਲੜੇ ਜਾ ਸਕਦੇ। ਦਰਅਸਲ ਇਸ ਸੰਘਰਸ਼ ਨੇ ਬੀਤੇ ਇਤਿਹਾਸ ਨੂੰਪੁਨਰਸੰਜੀਵ ਕਰ ਦਿਤਾ। ਨਵੀਆਂ ਨਸਲਾਂ ਨੂੰ ਦਿਖਾ ਦਿਤਾ ਕਿ ਬਜੁਰਗਾਂ ਦੀਆਂ ਕੀਰਤੀਆਂ ਤੇ ਕੁਰਬਾਨੀਆਂ ਨੂੰ ਕਿਸ ਤਰ੍ਹਾਂ ਸਿਜਦਾ ਕੀਤਾ ਜਾ ਸਕਦਾ? ਜਦ ਇਹ ਪੰਜਾਬੀ ਜਿੱਤ ਤੋਂ ਬਾਅਦ ਆਪਣੇ ਘਰਾਂ ਨੂੰ ਪਰਤਣਗੇ ਤਾਂ ਬਹੁਤ ਯਾਦ ਆਵੇਗਾ।ਸੜਕਾਂ ਦੇ ਕੰਢਿਆਂ 'ਤੇਜਾਗਦਿਆਂ, ਬਿਤਾਈਆਂ ਰਾਤਾਂ। ਰਾਹਾਂ ਦੀਆਂ ਰੁਕਾਵਟਾਂ ਅਤੇ ਕੰਡਿਆਲੀਆਂ ਤਾਰਾਂ ਦੀ ਘੇਰਾਬੰਦੀ ਨੂੰ ਤੋੜਨ ਦਾ ਵਿਸਮਾਦ।ਮਨ ਦੀ ਮਸਤੀ ਨਾਲ ਫ਼ੱਕਰਤਾ ਨੂੰ ਹੰਢਾਉਣਾ, ਬਜੁਰਗਾਂ ਵਲੋਂ ਸੜਕਾਂ ਦੇ ਕੰਢਿਆਂ ਤੇ ਬੀਜੀਆਂ ਸਬਜੀਆਂ। ਬਹੁਤ ਯਾਦ ਕਰਨਗੇ ਆਲੇ-ਦੁਆਲੇ ਦੇ ਰਹਿਣ ਵਾਲੇ ਲੋਕ ਜਿਹਨਾਂ ਨੂੰ ਪੰਜਾਬੀਆਂ ਦੀ ਸੰਗਤ ਅਤੇ ਸੁਹਬਤ ਮਾਨਣ ਦਾ ਸ਼ਰਫ਼ ਹਾਸਲ ਹੋਇਆ। ਉਹਨਾਂ ਦੇ ਬੱਚਿਆਂ ਦੇ ਚੇਤਿਆਂ ਵਿਚ ਸਦਾ ਯਾਦ ਰਹੇਗੀ ਪੰਜਾਬੀ ਮਾਂ ਬੋਲੀ ਦੀ ਮਹਿਕ। ਪੰਜਾਬੀਆਂ ਦੀ ਸੇਵਾ ਭਾਵਨਾ। ਉਹਨਾਂ ਦੀਆਂ ਮੋਹਵੰਤੀਆਂ ਯਾਦਾਂ ਦਾ ਕਾਫ਼ਲਾ,ਬੱਚਿਆਂ ਦੇ ਸੱਮੁਚੇ ਜੀਵਨ ਦੇ ਨਾਲ ਨਾਲ ਹੀ ਤੁਰੇਗਾ। ਜਾਣ ਵੇਲੇ ਪੰਜਾਬੀ ਇਕ ਵਿਰਾਸਤ ਛੱਡ ਕੇ ਜਾਣਗੇ ਜਿਸਨੇ ਕਈ ਪੀਹੜੀਆਂ ਤੱਕ ਲੋਕਾਂ ਨੂੰ ਜਾਗਰੂਕ ਕਰਨਾ ਅਤੇ ਪੰਜਾਬੀਆਂ ਦੇ ਮੋਹਭਰੇ ਵਰਤਾਰੇ ਦੀਆਂ ਮਿੱਠੀਆਂ ਯਾਦਾਂ ਨੂੰ ਸਾਂਭੀ ਰੱਖਣਾ। ਇਤਿਹਾਸ ਬਣਨਗੀਆਂ ਪੰਜਾਬੀਆਂ ਦੀਆਂ ਟਰਾਲੀਆਂ ਵਿਚ ਬਿਤਾਈਆਂ ਰਾਤਾਂ, ਗਿਲੇ ਸ਼ਿਕਵੇ ਭੁਲਾ ਕੇ ਭਾਈਚਾਰਕ ਸਾਂਝ ਦੀਆਂ ਪੀਡੀਆਂ ਤੰਦਾਂ, ਰੂਹ ਦੀ ਤਾਮੀਦਾਰੀ ਅਤੇ ਮੁਹੱਬਤ ਦਾ ਪੈਗ਼ਾਮਨਾਮਾ।ਇਹ ਸੜਕਾਂ, ਮੋੜ, ਚੌਰੱਸਤੇ ਅਤੇ ਘੇਰਾਬੰਦੀ, ਹਰੇਕ ਸਖ਼ਸ਼ ਦੇ ਮਸਤਕ ਵਿਚ ਸਦੀਵੀ ਤੌਰ ਤੇ ਧਰੀਜਾਵੇਗੀ। ਪੰਜਾਬ, ਪੰਜਾਬੀਅਤ ਅਤੇ ਪੰਜਾਬੀਆਂ ਦੀ ਰਗ ਰਗ ਵੱਸਦੀ ਸੁਪਨਿਆਂ ਦੀ ਪ੍ਰਵਾਜ਼, ਜਿਊਣ ਦਾ ਨਿਰਾਲਾ ਅੰਦਾਜ਼। ਉਹਨਾਂ ਦੇ ਸਾਹਾਂ ਵਿਚ ਧੜਕਦਾ ਏ ਦੇਸ਼-ਭਗਤੀ ਦਾ ਰਿਆਜ਼ ਅਤੇ ਕਲਮਾਂ ਨੂੰ ਏ ਪੰਜਾਬੀ ਹੋਣ 'ਤੇ ਨਾਜ਼। ਤਾਂ ਹੀ ਕਲਮ 'ਚੋ ਕਵਿਤਾ ਉਗਦੀ ਹੈ

ਸੜਕ 'ਤੇ ਹੀ<br>
ਨਿਆਂ-ਨਗਰੀ ਦਾ ਕੇਹਾ ਵਿਸਥਾਰ<br>
ਸਜਿਆ ਏ ਲੋਕ-ਦਰਬਾਰ<br>
ਮਹਿਮਾ ਏ ਅਪਰ-ਅਪਾਰ<br>
ਕੇਹੀ ਰਹਿਮਤ-ਏ ਕਰਤਾਰ<br>
ਕਿ ਹੋ ਗਿਆ<br>
ਕਲਾਮਈ ਵਰਤਾਰਿਆਂ ਦਾ ਵਿਸਥਾਰ।

ਚਾਰੇ ਪਾਸੇ ਨਜ਼ਰ ਆਂਉਂਦੇ<br>
ਝੁੰਡ ਹੀ ਝੁੰਡ<br>
ਸਮੁੰਦਰਾਂ ਵਰਗੇ ਦਰਿਆਵਾਂ ਦੇ<br>
ਅੰਬਰਾਂ ਵਰਗੀਆਂ ਮਾਵਾਂ ਦੇ<br>
ਸੂਹੀਆਂ ਸੋਚ-ਸਭਾਵਾਂ ਦੇ<br>
ਤੇ ਚੜਦੀਆਂ ਕਲਾਵਾਂ ਦੇ।

ਤਖਤ ਨੂੰ ਜਾਂਦੇ ਰਾਹਾਂ ਤੇ<br>
ਕਾਰਵਾਂ ਹੀ ਕਾਰਵਾਂ<br>
ਕਿਰਤੀਆਂ, ਕਿਰਸਾਨਾਂ ਦੇ<br>
ਕਾਲਜੀਏਟ ਜਵਾਨਾਂ ਦੇ<br>
ਜ਼ੋਸ਼ੀਲੇ ਇਨਸਾਨਾਂ ਦੇ<br>
ਤੇ ਚੜਦੇ ਆਉਂਦੇ ਤੂਫ਼ਾਨਾਂ ਦੇ

ਦਿੱਲੀ ਵੱਲ ਨੂੰ ਹੀ ਮੂੰਹ ਹੈ<br>
ਕਾਰਾਂ ਦੀਆਂ ਕਤਾਰਾਂ ਦਾ<br>
ਟਰੈਕਟਰਾਂ ਦੀਆਂ ਮੁਹਾਰਾਂ ਦਾ<br>
ਸਾਈਕਲ ਅਸਵਾਰਾਂ ਦਾ<br>
ਤੇ ਉਡਣੇ ਸਰਦਾਰਾਂ ਦਾ

ਸਿਰਫ਼ ਪੰਜਾਬੀ<br>
ਪਾਉਂਦੇ ਕਾਰਾਂ ਮਗਰ ਟਰਾਲੀਆਂ<br>
ਰੁੱਸ਼ਨਾਉਂਦੇ ਰਾਤਾਂ ਕਾਲੀਆਂ<br>
ਪਾਲਦੇ ਖ਼ੁਆਬ-ਖਿਆਲੀਆਂ<br>
ਤੇ ਗਰਮਾਉਂਦੇ ਰਾਤਾਂ ਸਿਆਲੀਆਂ

ਜੀਂਦਾ ਰਹਿ ਪੰਜਾਬ ਸਿੰਹਾਂ!<br>
ਇਹ ਕਰਤਾਰੀ ਵਰਤਾਰਾ ਤੇਰਾ ਹੀ ਹਾਸਲ<br>
ਕਿਉਂਕਿ<br>
ਤੂੰ 'ਕੱਲਾ ਹੁੰਦਾ ਵੀ ਅਨੇਕ ਏਂ<br>
ਤੂੰ ਭੰਡਿਆ ਜਾਂਦਾ ਵੀ ਨੇਕ ਏਂ<br>
ਦੱਬਿਆਂ ਕੁੱਚਲਿਆਂ ਲਈ ਟੇਕ ਏਂ<br>
ਤੇ ਸਰਬੱਤ ਦੇ ਭਲੇ ਦੀ ਹੇਕ ਏਂ।

ਇਹ ਵੀ ਪੰਜਾਬੀ ਹੀ ਕਰ ਸਕਦੇ ਕਿ ਉਹ ਆਪਣੇ ਪਿੱਤਰੀ ਗਰਾਂ ਨੂੰ ਫਿਰ ਪਰਤਣ ਅਤੇ ਆਪਣੀਆਂ ਯਾਦਾਂ ਨੂੰ ਤਰੋ-ਤਾਜਾ ਕਰਨ ਲਈ ਵਾਰ ਵਾਰ ਪਰਤਦੇ ਰਹਿੰਦੇ। ਭਾਂਵੇਂ ਬਜੁਰਗਾਂ ਦਾ ਪਾਕਿਸਾਤਨ ਵਿਚ ਰਹਿ ਗਏ ਘਰਾਂ ਦੀ ਮਿੱਟੀ ਨੂੰ ਮੱਥੇ ਤੇ ਲਾਉਣਾ ਹੋਵੇ ਜਾਂ ਵਿਦੇਸ਼ਾਂ ਵਿਚ ਵੱਸਿਆਂ ਦਾ ਪੰਜਾਬ ਨੂੰ ਪਰਤਣਾ ਹੋਵੇ। ਹੁਣ ਭਵਿੱਖ 'ਚ ਪੰਜਾਬੀ ਵਾਰ ਵਾਰ ਸਿੰਘੂ, ਟਿਕਰੀ, ਗਾਜੀਪੁਰ, ਜੈਪੁਰ ਆਦਿ ਬਾਰਡਰਾਂ ਤੇ ਨੱਤਮਸਤਕ ਹੋਇਆ ਕਰਨਗੇ ਕਿਉਂ ਇਹ ਵੀ ਪੰਜਾਬੀਆਂ ਦੀਆਂ ਕਰਮ-ਰੇਖਾਂਵਾਂ ਬਣ ਗਏ ਨੇ।

ਇਸੇ ਲਈ ਤਾਂ ਦੁਨੀਆਂ ਸਾਨੂੰ ਪੰਜਾਬੀ ਕਹਿੰਦੀ ਆ।

ਫੋਨ# 001-216-556-2080


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ<br>
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ<br>
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ<br>
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ<br>
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ<br>
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ<br>
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com<br>
satsahibusa@gmail.com

647-739-4641<br>
346-714-0224





KAMAL SANDHU

Sales Representative

647.891.0143

RE/MAX GOLD

realtorkamalsandhu@gmail.com

www.arearealtor.com

Looking For a Nest..? Call the Best




CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2455 | 42' |

EXCLUSIVE FOR SALE IN WOODSTOCK



CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2250 | 36' |


FOR SALE

EXCLUSIVE

JAMES C

KAMAL SANDHU RE/MAX GOLD REALTY INC BROKERAGE

# ਨਿਆਂ ਪਾਲਿਕਾ ਦੇ ਅਕਸ ਨੂੰ ਖੋਰਾ ਨਹੀਂ ਲੱਗਣਾ ਚਾਹੀਦਾ, ਪਰ...



ਜਤਿੰਦਰ ਪੰਨੂ

ਸਾਰਾ ਭਾਰਤ ਦੇਸ਼ ਜਦੋਂ ਇਹ ਕਹਿ ਰਿਹਾ ਹੈ ਕਿ ਸਾਨੂੰ ਦੇਸ਼ ਦੀ ਨਿਆਂ ਪਾਲਿਕਾ ਉੱਤੇ ਪੂਰਾ ਭਰੋਸਾ ਹੈ ਤਾਂ ਸਾਡੇ ਵਰਗਾ ਇੱਕ ਬੰਦਾ ਇਹ ਗੱਲ ਕਹੇ ਜਾਂ ਨਾ ਕਹੇ, ਇਸ ਨਾਲ ਕੋਈ ਖਾਸ ਫਰਕ ਨਹੀਂ ਪੈਂਦਾ। ਅਸੀਂ ਇਹ ਬੜੀ ਵਾਰ ਸੁਣ ਚੁੱਕੇ ਹਾਂ ਕਿ ਹਾਥੀ ਦੇ ਦੰਦ ਖਾਣ ਦੇ ਹੋਰ ਅਤੇ ਵਿਖਾਉਣ ਦੇ ਹੋਰ ਹੋਇਆ ਕਰਦੇ ਹਨ। ਭਾਰਤ ਦੀ ਨਿਆਂ ਪਾਲਿਕਾ ਵਾਸਤੇ ਪੂਰਨ ਭਰੋਸੇ ਦੀਆਂ ਗੱਲਾਂ ਕਹਿਣ ਵਾਲੇ ਸਿਆਸੀ ਆਗੂਆਂ ਬਾਰੇ ਵੀ ਅਸੀਂ ਇਹੋ ਗੱਲ ਕਹਿ ਸਕਦੇ ਹਾਂ, ਜਿਹੜੇ ਭਰੋਸਾ ਵੀ ਪ੍ਰਗਟ ਕਰਦੇ ਹਨ ਅਤੇ ਮੌਕਾ ਮਿਲੇ ਤਾਂ ਇਸ ਨੂੰ ਆਪਣੀਆਂ ਖਾਹਿਸ਼ਾਂ ਲਈ ਵਰਤਣ ਵਿੱਚ ਕਿਸੇ ਵੀ ਹੱਦ ਨੂੰ ਉਲੰਘ ਸਕਦੇ ਹਨ। ਗੱਲ ਨਿਰੀ ਏਥੋਂ ਤੱਕ ਸੀਮਤ ਨਹੀਂ, ਸਾਡੇ ਕੋਲ ਏਦਾਂ ਦੀਆਂ ਕਈ ਮਿਸਾਲਾਂ ਵੀ ਹਨ, ਜਿੱਥੇ ਪੂੰਜੀਪਤੀਆਂ ਦੇ ਹਿੱਤਾਂ ਵਾਸਤੇ ਜਾਂ ਖੁਦ ਆਪਣੀਆਂ ਜੇਬਾਂ ਭਰਨ ਵਾਸਤੇ ਨਿਆਂ ਪਾਲਿਕਾ ਨਾਲ ਜੁੜੇ ਹੋਏ ਲੋਕਾਂ ਨੇ ਹੱਦਾਂ ਉਲੰਘਣ ਦੀ ਉਹ ਗਲਤੀ ਕੀਤੀ ਸੀ, ਜਿਹੜੀ ਉਨ੍ਹਾਂ ਦੇ ਅਕਸ ਲਈ ਵੀ ਅਤੇ ਨਿਆਂ ਪਾਲਿਕਾ ਲਈ ਵੀ ਮਾੜੀ ਸਾਬਤ ਹੋਈ ਸੀ।

ਇਹ ਕਿੱਸਾ ਅਸੀਂ ਇਸ ਵੇਲੇ ਇਸ ਲਈ ਛੋਹਿਆ ਹੈ ਕਿ ਗਿਆਰਾਂ ਤੇ ਬਾਰਾਂ ਜਨਵਰੀ ਨੂੰ ਸੁਪਰੀਮ ਕੋਰਟ ਵਿੱਚ ਜਿਵੇਂ ਸੁਣਵਾਈ ਹੋਈ ਅਤੇ ਜੋ ਕੁਝ ਸਾਹਮਣੇ ਆਇਆ, ਉਸ ਨਾਲ ਬਹੁਤ ਸਾਰੇ ਲੋਕਾਂ ਦੇ ਮਨਾਂ ਨੂੰ ਧੱਕਾ ਲੱਗਾ ਹੈ। ਇਸ ਸੁਣਵਾਈ ਦੇ ਪਹਿਲੇ ਦਿਨ ਜੱਜ ਸਾਹਿਬਾਨ ਨੇ ਸਰਕਾਰ ਨੂੰ ਏਨੀਆਂ ਝਾੜਾਂ ਅਤੇ ਫਿਟਕਾਰਾਂ ਪਾਈਆਂ ਕਿ ਸਰਕਾਰੀ ਧਿਰ ਦੇ ਵਕੀਲਾਂ ਨੂੰ ਪਸੀਨਾ ਆਈ ਜਾਂਦਾ ਸੀ ਤੇ ਅਗਲੇ ਦਿਨ ਇਸ ਤੋਂ ਉਲਟ ਅਦਾਲਤ ਨੇ ਕਿਸਾਨੀ ਮਸਲਿਆਂ ਦੇ ਹੱਲ ਲਈ ਏਦਾਂ ਦੀ ਚਾਰ ਮੈਂਬਰੀ ਕਮੇਟੀ ਬਣਾ ਦਿੱਤੀ, ਜਿਸ ਵਿੱਚ ਚਾਰੇ ਜਣੇ ਸਰਕਾਰ ਦੇ ਤਰਫਦਾਰ ਸਨ। ਕੋਈ ਜਣਾ ਅਜੇ ਕੁਝ ਦਿਨ ਪਹਿਲਾਂ ਪੁਆੜੇ ਦੀ ਜੜ੍ਹ ਬਣੇ ਖੇਤੀਬਾੜੀ ਕਾਨੂੰਨਾਂ ਦੀ ਹਮਾਇਤ ਵਿੱਚ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਖੁਦ ਲੋਕਾਂ ਵਿੱਚ ਬੁਰਾ ਬਣ ਚੁੱਕਾ ਸੀ, ਕੋਈ ਇਨ੍ਹਾਂ ਕਾਨੂੰਨਾਂ ਦੇ ਪੱਖ ਵਿੱਚ ਅਖਬਾਰਾਂ ਵਿੱਚ ਲੇਖ ਲਿਖ ਚੁੱਕਾ ਸੀ ਅਤੇ ਇਕ ਜਣਾ ਤਾਂ ਕਾਨੂੰਨ ਬਣਾਉਣ ਵਿੱਚ ਵੀ ਕਿਸੇ ਤਰ੍ਹਾਂ ਸ਼ਾਮਲ ਹੋ ਚੁੱਕਾ ਸੀ। ਉਨ੍ਹਾਂ ਦੀ ਕਮੇਟੀ ਨੂੰ ਕਿਸਾਨ ਮੰਨ ਹੀ ਨਹੀਂ ਸੀ ਸਕਦੇ।

ਅਸੀਂ ਇਹ ਮੁੱਦਾ ਏਥੇ ਛੱਡ ਸਕਦੇ ਹਾਂ ਅਤੇ ਇਹੋ ਜਿਹੀ ਕੋਈ ਗੱਲ ਨਹੀਂ ਕਹਿਣਾ ਚਾਹੁੰਦੇ ਕਿ ਜੱਜ ਸਾਹਿਬਾਨ ਨੇ ਇਹ ਕਮੇਟੀ ਕਿਸ ਦੇ ਕਹਿਣ ਉੱਤੇ ਬਣਾਈ ਹੈ, ਪਰ ਲੋਕਾਂ ਵਿੱਚ ਇਸ ਨਾਲ ਪ੍ਰਭਾਵ ਚੰਗਾ ਨਹੀਂ ਪੈ ਸਕਿਆ। ਅੱਗੋਂ ਜੱਜ ਸਾਹਿਬਾਨ ਨੇ ਇਸ ਬਾਰੇ ਕੀ ਕਾਰਵਾਈ ਕਰਨੀ ਹੈ, ਕਿਸ ਮਸਲੇ ਨੂੰ ਕਿੱਦਾਂ ਨਿਪਟਾਉਣਾ ਹੈ, ਉਸ ਦੀ ਗੱਲ ਓਦੋਂ ਵਿਚਾਰੀ ਜਾਵੇਗੀ, ਹਾਲ ਦੀ ਘੜੀ ਸਭ ਦਾ ਧਿਆਨ ਸਰਕਾਰ ਅਤੇ ਕਿਸਾਨਾਂ ਵਿਚਾਲੇ ਸੰਘਰਸ਼ ਵੱਲ ਹੈ।

ਉਂਜ ਨਿਆਂ ਪਾਲਿਕਾ ਦਾ ਅਕਸ ਜਿਸ ਤਰ੍ਹਾਂ ਕਿਸੇ ਕਿੰਤੂ ਤੋਂ ਉੱਪਰ ਹੋਣਾ ਚਾਹੀਦਾ ਹੈ, ਭਾਰਤ ਵਿੱਚ ਸਥਿਤੀ ਓਨੇ ਸਪੱਸ਼ਟ ਅਕਸ ਵਾਲੀ ਬੀਤੇ ਸਾਲਾਂ ਵਿੱਚ ਨਹੀਂ ਰਹੀ। ਏਥੇ ਕਈ ਕੇਸ ਇਸ ਤਰ੍ਹਾਂ ਦੇ ਵਾਪਰਦੇ ਰਹੇ ਹਨ, ਜਦੋਂ ਕਿਸੇ ਜੱਜ ਉੱਤੇ, ਅਤੇ ਉਹ ਵੀ ਹੇਠਲੇ ਪੱਧਰ ਦੇ ਨਹੀਂ, ਸਿਖਰਲੀ ਅਦਾਲਤ ਦੇ ਜੱਜਾਂ ਉੱਤੇ ਦੋਸ਼ ਲੱਗੇ ਅਤੇ ਪਾਰਲੀਮੈਂਟ ਵਿੱਚ ਉਨ੍ਹਾਂ ਵਿਰੁੱਧ ਮਹਾਂਦੋਸ਼ ਮਤਾ ਪੇਸ਼ ਹੋਣ ਤੱਕ ਗੱਲ ਗਈ ਸੀ। ਜਸਟਿਸ ਰਾਮਾਸਵਾਮੀ ਸੁਪਰੀਮ ਕੋਰਟ ਦਾ ਜੱਜ ਹੁੰਦਾ ਸੀ, ਜਦੋਂ ਉਸ ਦੇ ਵਿਰੁੱਧ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਨੇ ਗੱਲ ਚੁੱਕੀ ਤੇ ਓਸੇ ਦਿਨ ਚੀਫ ਜਸਟਿਸ ਨੇ ਇੱਕ ਬਿਆਨ ਜਾਰੀ ਕਰ ਕੇ ਆਪਣੇ ਸਾਥੀ ਜਸਟਿਸ ਰਾਮਾਸਵਾਮੀ ਨੂੰ ਅਦਾਲਤੀ ਕੰਮ ਤੋਂ ਪਰੇ ਰਹਿਣ ਨੂੰ ਕਹਿ ਦਿੱਤਾ ਸੀ ਤੇ ਫਿਰ ਇਹ ਕੇਸ ਲੋਕ ਸਭਾ ਵਿੱਚ ਮਹਾਂਦੋਸ਼ ਦੀ ਕਾਰਵਾਈ ਲਈ ਗਿਆ ਸੀ। ਓਥੇ ਜਾ ਕੇ ਰਾਮਾਸਵਾਮੀ ਇਸ ਲਈ ਬਚਣ ਵਿੱਚ ਸਫਲ ਹੋ ਗਿਆ ਕਿ ਭ੍ਰਿਸ਼ਟਾਚਾਰ ਦਾ ਭੜੋਲਾ ਗਿਣੇ ਜਾਂਦੇ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਤੱਕ ਪਹੁੰਚ ਕਰ ਕੇ ਉਸ ਨੇ ਕਾਂਗਰਸੀ ਮੈਂਬਰਾਂ ਨੂੰ ਵੋਟਾਂ ਨਾ ਪਾਉਣ ਨੂੰ ਮਨਾ ਲਿਆ ਸੀ। ਕੋਲਕਾਤਾ ਹਾਈ ਕੋਰਟ ਦੇ ਜੱਜ ਸੌਮਿਤਰਾ ਸੇਨ ਦੇ ਖਿਲਾਫ ਭ੍ਰਿਸ਼ਟਾਚਾਰ ਦੇ ਨੰਗੇ-ਚਿੱਟੇ ਦੋਸ਼ਾਂ ਪਿੱਛੋਂ ਪਾਰਲੀਮੈਂਟ ਦੇ ਉੱਪਰਲੇ ਹਾਊਸ ਰਾਜ ਸਭਾ ਦੇ ਅਠਵੰਜਾ ਮੈਂਬਰਾਂ ਨੇ ਮਹਾਂਦੋਸ਼ ਦਾ ਮਤਾ ਜਦੋਂ ਪੇਸ਼ ਕੀਤਾ ਤਾਂ ਇਸ ਉੱਤੇ ਬਹਿਸ ਪਿੱਛੋਂ 189 ਮੈਂਬਰਾਂ ਨੇ ਮਤੇ ਦੇ ਹੱਕ ਵਿੱਚ ਤੇ ਸਿਰਫ 17 ਨੇ ਜਸਟਿਸ ਸੌਮਿਤਰਾ ਸੇਨ ਨੂੰ ਬਚਾਉਣ ਵਾਸਤੇ ਵੋਟ ਪਾਈ ਸੀ। ਉਸ ਦੇ ਬਾਅਦ ਇਹ ਮਤਾ ਲੋਕ ਸਭਾ ਵਿੱਚ ਜਾਣਾ ਸੀ, ਪਰ ਕਾਰਵਾਈ ਅੱਗੇ ਵਧਣ ਅਤੇ ਲੋਕਾਂ ਵਿੱਚ ਹੋਰ ਖੇਹ ਉਡਾਉਣ ਤੋਂ ਪਹਿਲਾਂ ਜਸਟਿਸ ਸੌਮਿਤਰਾ ਸੇਨ ਅਸਤੀਫਾ ਦੇ ਕੇ ਆਪਣੇ ਘਰ ਨੂੰ ਤੁਰ ਗਿਆ ਸੀ। ਫਿਰ ਵੀ ਇਹ ਕੇਸ ਭ੍ਰਿਸ਼ਟਾਚਾਰ ਦੇ ਸਨ, ਸਿੱਧੇ ਪੱਖਪਾਤ ਦਾ ਕਿਸੇ ਤਰ੍ਹਾਂ ਦਾ ਦੋਸ਼ ਨਹੀਂ ਸੀ ਲੱਗਾ।

ਇਹੋ ਜਿਹਾ ਦੋਸ਼ ਇੱਕ ਜੱਜ ਜਸਟਿਸ ਏ ਐੱਚ ਅਹਿਮਦੀ ਉੱਤੇ ਲੱਗਾ ਸੀ, ਜਿਨ੍ਹਾਂ ਨੇ ਭੋਪਾਲ ਗੈਸ ਕਾਂਡ ਦਾ ਕੇਸ ਸੁਣਦੇ ਸਮੇਂ ਹਜ਼ਾਰਾਂ ਲੋਕਾਂ ਦੀ ਮੌਤ ਵਾਸਤੇ ਜਾਂਚ ਏਜੰਸੀ ਸੀ ਬੀ ਆਈ ਵੱਲੋਂ ਲਾਈ ਗਈ ਜੁਰਮ ਦੀ ਧਾਰਾ 304 (2) ਨੂੰ ਤੋੜ ਕੇ ਧਾਰਾ 304 (1) ਕਰ ਦਿੱਤੀ ਸੀ। ਪਹਿਲਾਂ ਲੱਗੀ ਧਾਰਾ ਨਾਲ ਇਸ ਕੇਸ ਦੇ ਦੋਸ਼ੀਆਂ ਨੂੰ ਦਸ ਸਾਲ ਤੱਕ ਕੈਦ ਹੋ ਸਕਦੀ ਸੀ, ਜਦ ਕਿ ਨਵੀਂ ਲਾਈ ਧਾਰਾ ਵਿੱਚ ਵੱਧ ਤੋਂ ਵੱਧ ਦੋ ਸਾਲ ਸਜ਼ਾ ਹੋ ਸਕਦੀ ਸੀ ਅਤੇ ਏਨੀ ਹੀ ਬਾਅਦ ਵਿੱਚ ਹੋਈ ਸੀ। ਜਸਟਿਸ ਅਹਿਮਦੀ ਨੇ ਇਹ ਧਾਰਾ ਬਦਲ ਕੇ ਗੈਸ ਕਾਂਡ ਦੀ ਦੋਸ਼ੀ ਜਿਸ ਯੂਨੀਅਨ ਕਾਰਬਾਈਡ ਕੰਪਨੀ ਲਈ ਤਰਫਦਾਰੀ ਕੀਤੀ, ਉਸ ਕੰਪਨੀ ਵੱਲੋਂ ਭੋਪਾਲ ਮੈਮੋਰੀਅਲ ਟਰੱਸਟ ਤੇ ਇਸ ਦੇ ਸਾਢੇ ਤਿੰਨ ਸੌ ਬਿਸਤਰਿਆਂ ਵਾਲੇ ਹਸਪਤਾਲ ਦਾ ਸਾਰੀ ਉਮਰ ਲਈ ਮੋਟੀ ਤਨਖਾਹ ਉੱਤੇ ਮੁਖੀ ਬਣਾ ਦਿੱਤਾ ਗਿਆ ਸੀ। ਇਸ ਕੰਪਨੀ ਨੇ ਆਪਣੇ ਅਦਾਰੇ ਦੇ ਨਿਯਮਾਂ ਵਿੱਚ ਲਿਖਿਆ ਸੀ ਕਿ ਇਸ ਟਰੱਸਟ ਦਾ ਚੇਅਰਮੈਨ ਸੁਪਰੀਮ ਦਾ ਕੋਰਟ ਦਾ ਸਾਬਕਾ ਜੱਜ ਬਣਾਇਆ ਜਾਵੇਗਾ ਤੇ ਇਹ ਗੱਲ ਓਦੋਂ ਲਿਖੀ ਸੀ, ਜਦੋਂ ਜਸਟਿਸ ਅਹਿਮਦੀ ਰਿਟਾਇਣ ਹੋਣ ਵਾਲਾ ਸੀ ਤੇ ਰਿਟਾਇਰ ਹੁੰਦੇ ਸਾਰ ਅਹਿਮਦੀ ਨੂੰ ਅਰਬਾਂ-ਖਰਬਾਂ ਦੀ ਮਾਲਕੀ ਵਾਲੇ ਟਰੱਸਟ ਦੀ ਚੇਅਰਮੈਨੀ ਦੇ ਨਾਲ ਬਾਕੀ ਉਮਰ ਲਈ ਮੋਟੀ ਤਨਖਾਹ ਤੇ ਭੱਤਿਆਂ ਦਾ ਗੱਫਾ ਮਿਲ ਗਿਆ ਸੀ। ਜਦੋਂ ਭੋਪਾਲ ਗੈਸ ਕਾਂਡ ਦੇ ਦੋਸ਼ੀਆਂ ਨੂੰ ਦੋ ਸਾਲ ਦੀ ਮਾਮੂਲੀ ਸਜ਼ਾ ਦੇਣ ਦਾ ਐਲਾਨ ਹੋਇਆ ਤਾਂ ਸਾਰੇ ਦੇਸ਼ ਵਿੱਚ ਇਸ ਨਾਲ ਭੁਚਾਲ ਆ ਗਿਆ ਅਤੇ ਜਸਟਿਸ ਅਹਿਮਦੀ ਦੀ ਹਰ ਥਾਂ ਏਨੀ ਭੰਡੀ ਹੋਣ ਲੱਗ ਪਈ ਕਿ ਜਨਤਕ ਦਬਾਅ ਹੇਠ ਉਹ ਚੇਅਰਮੈਨੀ ਦਾ ਅਹੁਦਾ ਛੱਡਣ ਨੂੰ ਮਜਬੂਰ ਹੋ ਗਿਆ ਸੀ। ਇਹ ਨਿਆਂ ਪਾਲਿਕਾ ਦੇ ਅਕਸ ਨੂੰ ਪ੍ਰਭਾਵਤ ਕਰਨ ਵਾਲਾ ਇੱਕ ਮਾਮਲਾ ਤਾਂ ਸੀ, ਪਰ ਇਹ ਇੱਕੋ-ਇੱਕ ਨਹੀਂ ਸੀ।


ਅਸੀਂ ਭਾਰਤ ਦੀ ਨਿਆਂ ਪਾਲਿਕਾ ਨੂੰ ਬਹੁਤ ਸਾਰੇ ਕੇਸਾਂ ਦੇ ਫੈਸਲੇ ਦੇਣ ਸਮੇਂ ਇਨਸਾਫ ਦਾ ਝੰਡਾ ਬੁਲੰਦ ਕਰਦੇ ਵੇਖਿਆ ਹੋਇਆ ਹੈ ਤੇ ਓਦੋਂ ਭਾਰਤ ਵਿੱਚ ਹੀ ਨਹੀਂ, ਦੁਨੀਆ ਭਰ ਵਿੱਚ ਵੀ ਇਸ ਦੀ ਸ਼ਲਾਘਾ ਹੋਈ ਸੀ, ਪਰ ਇਸ ਦਾ ਮਤਲਬ ਇਹ ਨਹੀਂ ਕਿ ਭਾਰਤੀ ਨਿਆਂ ਪਾਲਿਕਾ ਦਾ ਹਰ ਫੈਸਲਾ ਵਿਵਾਦਾਂ ਤੋਂ ਪਰੇ ਹੈ। ਜਸਟਿਸ ਗੋਗੋਈ ਦੇ ਵਕਤ ਉਨ੍ਹਾਂ ਦਾ ਦੋਹਰਾ ਵਿਹਾਰ ਲੋਕਾਂ ਵਿੱਚ ਚਰਚਾ ਦਾ ਮੁੱਦਾ ਬਣਿਆ ਸੀ ਅਤੇ ਜਦੋਂ ਰਿਟਾਇਰ ਹੋਣ ਦੇ ਛੇਤੀ ਬਾਅਦ ਉਨ੍ਹਾਂ ਨੂੰ ਰਾਜ ਸਭਾ ਦੀ ਮੈਂਬਰੀ ਦਿੱਤੀ ਗਈ, ਅਤੇ ਜਿਵੇਂ ਦਿੱਤੀ ਗਈ, ਵਿਵਾਦ ਉਸ ਤੋਂ ਵੀ ਛਿੜਿਆ ਸੀ ਅਤੇ ਫਿਰ ਕਈ ਕਿਸਮ ਦੇ ਦੋਸ਼ ਲੱਗਦੇ ਰਹੇ ਸਨ। ਇਹ ਉਹੋ ਜਸਟਿਸ ਰੰਜਨ ਗੋਗੋਈ ਸਨ, ਜਿਨ੍ਹਾਂ ਦੇ ਕੁਝ ਸਮਾਂ ਪਹਿਲਾਂ ਦੇ ਫੈਸਲੇ ਇਸ ਕਰ ਕੇ ਚਰਚਾ ਵਿੱਚ ਸਨ ਕਿ ਜਦੋਂ ਉਨ੍ਹਾਂ ਦੀ ਅਦਾਲਤ ਵਿੱਚ ਕੇਸ ਲੱਗਦਾ ਸੀ ਤਾਂ ਸਰਕਾਰਾਂ ਦੇ ਵਕੀਲਾਂ ਨੂੰ ਪਸੀਨੇ ਆਉਣ ਲੱਗ ਜਾਇਆ ਕਰਦੇ ਸਨ। ਅਚਾਨਕ ਬੰਦਾ ਕਿੰਨਾ ਬਦਲ ਜਾਂਦਾ ਹੈ, ਇਸ ਦਾ ਤਜਰਬਾ ਭਾਰਤ ਦੀ ਨਿਆਂ ਪਾਲਿਕਾ ਵਿੱਚ ਕਈ ਵਾਰੀ ਅੱਗੇ ਵੀ ਹੋ ਚੁੱਕਾ ਹੈ, ਭਵਿੱਖ ਵਿੱਚ ਵੀ ਹੋ ਸਕਦਾ ਹੈ, ਪਰ ਕਿਸੇ ਇੱਕ ਕੇਸ ਦਾ ਮੁੱਦਾ ਲੈ ਕੇ ਅਸੀਂ ਬਹੁਤਾ ਕੁਝ ਨਹੀਂ ਕਹਿਣਾ ਚਾਹੁੰਦੇ। ਇਸ ਬਾਰੇ ਖੁਦ ਨਿਆਂ ਪਾਲਕਾ ਨਾਲ ਜੁੜੇ ਹੋਏ ਲੋਕਾਂ ਨੂੰ ਸੋਚਣਾ ਪਵੇਗਾ। ਕਿਸੇ ਦੇਸ਼ ਵਿੱਚ ਜਦੋਂ ਹੋਰ ਕਿਤੋਂ ਵੀ ਆਸ ਨਾ ਰਹੇ ਤਾਂ ਨਾਗਰਿਕਾਂ ਲਈ ਆਸ ਦਾ ਆਖਰੀ ਦਰਵਾਜ਼ਾ ਅਦਾਲਤ ਹੁੰਦੀ ਹੈ ਤੇ ਇਸ ਦੇ ਅਕਸ ਨੂੰ ਖੋਰਾ ਨਹੀਂ ਲੱਗਣਾ ਚਾਹੀਦਾ, ਪਰ ਇਹ ਇੱਕ ਇੱਛਾ ਹੀ ਹੁੰਦੀ ਹੈ, ਹਕੀਕਤਾਂ ਇੱਛਾ ਦੀਆਂ ਮੁਥਾਜ ਨਹੀਂ ਹੁੰਦੀਆਂ।

# ਗਲ ਜਾਰੀ ਏ ਪੰਜਾਬ ਦੀ ਬਰਬਾਦੀ ਦੀ ?

ਕੇਂਦਰ ਸਰਕਾਰ ਵਲੋਂ ਬਣਾਏ ਗਏ ਖੇਤੀ ਕਾਨੂੰਨਾਂ, ਜਿਨ੍ਹਾਂ ਨੂੰ ਕਿਸਾਨਾਂ ਦੇ ਵੱਡੇ ਹਿਤਾਂ ਵਿਰੁਧ ਮੰਨਿਆ ਜਾ ਰਿਹਾ ਹੈ, ਦੇ ਵਿਰੁਧ ਅੱਜ ਭਾਵੇਂ ਸਮੁਚੇ ਦੇਸ਼ ਦੇ ਕਿਸਾਨ ਇੱਕ-ਜੁਟ ਹੋ ਸੰਘਰਸ਼ ਦੇ ਰਾਹ ਤੇ ਪੈ ਗਏ ਹੋਏ ਹਨ, ਪ੍ਰੰਤੂ ਸੱਚਾਈ ਇਹੀ ਹੈ ਕਿ ਇਸ ਸੰਘਰਸ਼ ਦੀ ਪਹਿਲ ਪੰਜਾਬ ਦੇ ਕਿਸਾਨਾਂ ਨੇ ਹੀ ਕੀਤੀ ਹੈ ਅਤੇ ਬੀਤੇ ਲਗਭਗ ਚਾਰ ਮਹੀਨਿਆਂ ਤੋਂ ਉਹੀ ਦੇਸ਼ ਦੇ ਸਮੁੱਚੇ ਕਿਸਨਾਂ ਦੀ ਅਗਵਾਈ ਸੰਭਾਲੀ ਚਲੇ ਆ ਰਹੇ ਹਨ। ਇਸਦਾ ਕਾਰਣ ਇਹ ਹੈ ਕਿ ਅੱਜ ਦੇ ਪੰਜਾਬ ਦੇ ਬਹੁਤੇ ਕਿਸਾਨ ਪੜ੍ਹੇ-ਲਿਖੇ ਹਨ। ਉਨ੍ਹਾਂ ਨੇ ਹੀ ਇਨ੍ਹਾਂ ਕਾਨੂੰਨਾਂ ਨੂੰ ਪੜ੍ਹਿਆ, ਘੋਖਿਆ ਅਤੇ ਸਮਝਿਆ। ਕਿਸਾਨ ਕਾਨੂੰਨਾਂ ਦੀ ਘੋਖ ਕਰਨ ਉਪਰੰਤ ਉਨ੍ਹਾਂ ਸਮਝਿਆ ਕਿ ਇਹ ਕਾਨੂੰਨ ਜ਼ਹਿਰ ਲਿਬੜੀ ਮਿਠੀ ਗੋਲੀ ਹੈ, ਜੋ ਕਿਸਾਨ ਨੂੰ ਖੁਆ, ਉਸਦੀ ਬਰਬਾਦੀ ਦਾ ਬਾਨ੍ਹਣੂ ਬੰਨਿਆ ਗਿਆ ਹੈ। ਇਹ ਗਲ ਸਾਮ੍ਹਣੇ ਆਉਂਦਿਆਂ ਹੀ ਉਨ੍ਹਾਂ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਨੂੰ ਲੈ ਕੇ ਸਰਕਾਰ ਗ੍ਰਿਧ ਮੋਰਚਾ ਖੋਲ੍ਹ ਦਿੱਤਾ। ਉਨ੍ਹਾਂ ਵਲੋਂ ਚੁਕੀ ਆਵਾਜ਼ ਨੂੰ ਹਰਿਆਣਾ ਦੇ ਕਿਸਨਾਂ ਨੇ ਵੀ ਸੁਣਿਆ ਤੇ ਸਮਝਿਆ ਫਲਸਰੂਪ ਉਹ ਵੀ ਉਨ੍ਹਾਂ ਨਾਲ ਆ ਖੜੇ ਹੋਏ। ਇਸ ਸਾਂਝ ਦੇਸ਼ ਭਰ ਦੇ ਕਿਸਾਨਾਂ ਪੁਰ ਅਸਰ ਹੋਇਆ ਤੇ ਉਹ ਵੀ ਜ਼ਹਿਰ ਲਿਬੜੀ ਮਿਠੀ ਗੋਲੀ ਦੀ ਸੱਚਾਈ ਜਾਣ ਉਨ੍ਹਾਂ ਨਾਲ ਆ ਜੁੜੇ। ਇਸ ਉਭਰੀ ਅਦੁੱਤੀ ਕਿਸਾਨੀ ਸਾਂਝ ਨੇ ਸਰਕਾਰ ਨੂੰ ਹਿਲਾ ਕੇ ਰਖ ਦਿੱਤਾ। ਫਲਸਰੂਪ ਇਸ ਸਾਂਝ ਨੂੰ ਤੋੜਨ ਲਈ ਉਸਨੇ ਇਨ੍ਹਾਂ ਕਿਸਾਨਾਂ ਦੀ ਅਗਵਾਈ ਕਰ ਰਹੇ ਪੰਜਾਬ ਦੇ ਕਿਸਾਨਾਂ ਨੂੰ 'ਖਾਲਿਸਤਾਨੀ, ਅੱਤਵਾਦੀ, ਮਾਊਵਾਦੀ ਆਦਿ ਕਈ ਦੇਸ਼-ਵਿਰੋਧੀ 'ਸਰਟੀਫਿਕੇਟ' ਦੇ ਕੇ ਦੇਸ਼ ਦੇ ਦੂਸਰੇ ਹਿਸਿਆਂ ਦੇ ਕਿਸਾਨਾਂ ਨੂੰ ਉਨ੍ਹਾਂ ਨਾਲੋਂ ਤੋੜਨ ਦੀ ਕੋਸ਼ਿਸ਼ ਕੀਤੀ। ਪ੍ਰੰਤੂ ਉਹ ਕਿਸਾਨ, ਜੋ ਸੱਚਾਈ ਨੂੰ ਸਮਝ ਚੁਕੇ ਹੋਏ ਸਨ, ਸਰਕਾਰ ਦੇ ਦੁਸ਼-ਪ੍ਰਚਾਰ ਦਾ ਸ਼ਿਕਾਰ ਨਾ ਹੋ ਸਕੇ। ਸਰਕਾਰ ਦੇ ਦੁਸ਼-ਪ੍ਰਚਾਰ ਦਾ ਜਵਾਬ ਉਨ੍ਹਾਂ ਨੇ ਛਾਤੀ ਤੇ ਹੱਥ ਮਾਰ ਇਹ ਕਹਿ ਕੇ ਦਿੱਤਾ ਕਿ 'ਇਹ ਖਾਲਿਸਤਾਨੀ ਹਨ ਤਾਂ ਮੈਂ ਵੀ ਖਾਲਿਸਤਾਨੀ ਹਾਂ'।

ਇਹ ਕਾਲਮ ਲਿਖੇ ਜਾਣ ਤਕ ਸਰਕਾਰ ਵਲੋਂ ਕਿਸਾਨਾਂ ਨੂੰ ਲੁਭਾਣ ਲਈ, ਉਨ੍ਹਾਂ ਨਾਲ ਦਸ ਬੈਠਕਾਂ ਕਰ ਅਤੇ ਯਾਰ੍ਹਵੀਂ ਬੈਟਕ ਲਈ ਵੀ ਤਾਰੀਖ ਮਿਥ ਚੁਕੀ ਹੈ। ਦੇਸ਼ ਦੇ ਆਰਥਕ ਮਾਹਿਰਾਂ ਅਨੁਸਾਰ ਖੇਤੀ ਦੀ ਉਪਜ ਦੇ ਮਾਮਲੇ ਤੇ ਪੰਜਾਬ ਭਾਵੇਂ ਤੀਜੇ ਨੰਬਰ ਤੇ ਹੈ, ਪ੍ਰੰਤੂ ਉਸਦੀ ਸਮੂਚੀ ਆਰਥਕਤਾ ਖੇਤੀ ਪੁਰ ਨਿਰਭਰ ਹੈ। ਜਿਸ ਕਾਰਣ ਪੰਜਾਬ ਦੀ ਆਰਥਕਤਾ ਪੁਰ ਨਜ਼ਰ ਰਖਣ ਵਾਲੇ ਮਾਹਿਰ ਇਨ੍ਹਾਂ ਖੇਤੀ ਕਾਨੂੰਨ ਪੰਜਾਬ ਲਈ ਬਹੁਤ ਹੀ ਘਾਤਕ ਅਤੇ ਉਸਦੀ ਆਰਥਕਤਾ ਪੁਰ ਮਾਰੂ ਹਮਲਾ ਕਰਾਰ ਦਿੰਦੇ ਹਨ।

ਪੰਜਾਬ ਵਿਰੋਧੀ ਮੁਹਿੰਮ ਕਈ ਦਹਾਕਿਆਂ ਤੋਂ ਜਾਰੀ ਹੈ। ਦਿੱਲੀ ਹਾਈਕੋਰਟ ਦੇ ਸਾਬਕਾ ਜੱਜ, ਜਸਟਿਸ ਆਰ ਐਸ ਸੋਢੀ, ਜੋ ਰਾਜਸੀ ਸੋਚ ਦੇ ਅਧਾਰ 'ਤੇ ਕਿਸੇ ਵੀ ਪਾਰਟੀ ਨਾਲ ਸੰਬੰਧਤ ਨਹੀਂ, ਫਿਰ ਵੀ ਸਮੇਂ-ਸਮੇਂ ਦੇਸ਼, ਸਮਾਜ, ਸਿੱਖ ਜਗਤ ਅਤੇ ਪੰਜਾਬ



ਜਸਵੰਤ ਸਿੰਘ 'ਅਜੀਤ'

ਨਾਲ ਜੁੜੀਆਂ ਚਲੀਆਂ ਆਉਂਦੀਆਂ ਸੱਮਸਿਆਵਾਂ ਪੁਰ ਆਪਣੀ ਬੇ-ਬਾਕ ਰਾਇ ਦਿੰਦੇ ਰਹਿੰਦੇ ਹਨ, ਨੇ ਸਰਕਾਰ ਵਲੋਂ ਬਣਾਏ ਗਏ, ਖੇਤੀ ਕਾਨੂੰਨਾਂ ਦੇ ਪੰਜਾਬ ਪੁਰ ਪੈਣ ਵਾਲੇ ਨਕਾਰਾਤਮਕ ਪ੍ਰਭਾਵਾਂ ਦਾ ਜ਼ਿਕਰ ਕਰਦਿਆਂ, ਉਨ੍ਹਾਂ ਨੂੰ ਪੰਜਾਬ-ਵਿਰੋਧੀ ਸੋਚੀ-ਸਮਝੀ ਸਾਜ਼ਿਸ਼ ਦਾ ਹੀ ਇਕ ਹਿੱਸਾ ਕਰਾਰ ਦਿੱਤਾ। ਇਸਦੇ ਨਾਲ ਹੀ ਉਨ੍ਹਾਂ ਕਿਹਾ ਕਿ ਜਾਪਦਾ ਹੈ ਕਿ ਪੰਜਾਬ ਨੂੰ ਤਬਾਹ ਤੇ ਬਰਬਾਦ ਕਰ ਦੇਣ ਦੀ ਕਾਫੀ ਸਮੇਂ ਤੋਂ ਚਲਦੀ ਆ ਰਹੀ ਸੋਚੀ-ਸਮਝੀ ਰਣਨੀਤੀ ਦੇ ਤਹਿਤ ਹੀ ਕਦਮ ਅਗੇ ਵਧਾਇਆ ਗਿਆ ਹੈ। ਉਨ੍ਹਾਂ ਸ਼ੰਕਾ ਪ੍ਰਗਟ ਕੀਤੀ ਕਿ ਸ਼ਾਇਦ ਇਹ ਕਹਾਣੀ ਉਸ ਸਮੇਂ ਸ਼ੁਰੂ ਹੋਈ ਜਦੋਂ ਪੰਜਾਬੀਆਂ ਵਲੋਂ ਕੀਤੇ ਗਏ ਇੱਕ ਲੰਮੇਂ ਸੰਘਰਸ਼ ਤੋਂ ਬਾਅਦ 'ਲੰਗੜੇ ਪੰਜਾਬੀ ਸੂਬੇ' ਦੇ ਰੂਪ ਵਿੱਚ ਪੰਜਾਬੀਆਂ ਨੂੰ 'ਲਾਲੀਪਾਪ' ਥਮਾਇਆ ਗਿਆ ਸੀ। ਉਨ੍ਹਾਂ ਇਹ ਵੀ ਸ਼ੰਕਾ ਪ੍ਰਗਟ ਕੀਤੀ ਕਿ ਇਸੇ ਸੋਚੀ-ਸਮਝੀ ਰਣਨੀਤੀ ਦੇ ਅਧਾਰ ਤੇ ਹੀ ਪੰਜਾਬ ਵਿੱਚ ਅੱਤਵਾਦ ਉਭਾਰ, ਪੰਜਾਬ ਦੇ ਸਦਭਾਵਨਾ ਪੂਰਣ ਵਾਤਾਵਰਣ ਵਿੱਚ ਅੱਗ ਲਾ, ਉਸਨੂੰ ਹਵਾ ਦਿੱਤੀ ਗਈ। ਜਸਟਿਸ ਸੋਢੀ ਨੇ ਹੋਰ ਕਿਹਾ ਕਿ ਪੰਜਾਬ ਵਿੱਚ ਵੱਧੇ ਅਤਿਵਾਦ ਦੀ ਅੱਗ, ਜਿਸਦੇ ਵਿਰੁਧ ਲੜਾਈ ਸਿੱਧੀ ਕੇਂਦਰ ਦੀ ਆਪਣੀ ਸੀ, ਉਸ ਅੱਗ ਨੂੰ ਬੁਝਾਣ ਵਿੱਚ ਪੰਜਾਬੀਆਂ ਦੇ ਮਿਲੇ ਸਹਿਯੋਗ ਨੂੰ ਨਜ਼ਰ-ਅੰਦਾਜ਼ ਕਰ, ਉਸ ਲੜਾਈ ਪੁਰ ਹੋਏ ਸਾਰੇ ਖਰਚੇ ਨੂੰ, ਨਾ ਕੇਵਲ ਮੂਲ ਰੂਪ ਵਿੱਚ ਹੀ ਨਹੀਂ, ਸਗੋਂ ਉਸ ਪੁਰ ਵਿਆਜ ਦਰ ਵਿਆਜ ਲਾ ਪੰਜਾਬੀਆਂ ਦੇ ਸਿਰ ਮੜ੍ਹ, ਪੰਜਾਬ ਦੀ ਆਰਥਕਤਾ ਨੂੰ ਤਬਾਹ ਕਰਨ ਲਈ, ਸਦੀਵੀ ਘੁਣ ਲਾ ਦਿੱਤਾ ਗਿਆ। ਜਿਸਦੇ ਚਲਦਿਆਂ ਪੰਜਾਬ ਦੀ ਆਰਥਕ ਹਾਲਤ ਅਜਿਹੇ ਦੌਰ ਵਿੱਚ ਜਾ ਪੁਜੀ ਕਿ ਤਿੰਨ ਦਹਾਕਿਆਂ (36 ਵਰ੍ਹਿਆਂ) ਤੋਂ ਕਿਤੇ ਵੱਧ ਦਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਪੰਜਾਬ ਲਈ ਉਸ ਕਰਜ਼ ਦੀ ਲੋੜੀਂਦੀ ਕਿਸ਼ਤ ਤਕ ਚੁਕਾ ਪਾਣਾ ਹੀ ਮੁਹਾਲ ਨਹੀਂ, ਸਗੋਂ ਕਰਜ਼ੇ ਦਾ ਵਿਆਜ ਤਕ ਦੇ ਪਾਣਾ ਵੀ ਉਸਦੇ ਗਲੇ ਦੀ ਹੱਡੀ ਬਣਿਆ ਹੋਇਆ ਹੈ। ਉਨ੍ਹਾਂ ਦਸਿਆ ਕਿ ਇਸਦੇ ਵਿਰੁਧ ਕਸ਼ਮੀਰ ਸਹਿਤ ਦੇਸ਼ ਦੇ ਕਈ ਹੋਰ ਰਾਜਾਂ ਵਿੱਚ ਫੈਲੇ ਅਤਿਵਾਦ ਨੂੰ ਦਬਾਣ ਲਈ ਹੁੰਦੇ ਚਲੇ ਆ ਸਾਰੇ ਖਰਚ ਕੇਂਦਰ ਸਰਕਾਰ ਆਪਣੇ ਸਿਰ ਤੇ ਲੈ ਰਹੀ ਹੈ। ਪਰ ਪੰਜਾਬ ਵਿੱਚ ਹੋਏ ਖਰਚ ਨੂੰ ਪੰਜਾਬੀਆਂ ਦੇ ਮੱਥੇ ਮੜ੍ਹ ਦਿਤਾ ਗਿਆ ਹੈ। ਸੁਆਲ ਉਠਦਾ ਹੈ ਕਿ ਪੰਜਾਬ ਨਾਲ ਇਹ ਵਿਤਕਰਾ ਕਿਉਂ? ਕੀ ਪੰਜਾਬ ਦੇਸ਼ ਦਾ ਹੀ ਹਿੱਸਾ ਨਹੀਂ, ਜਾਂ ਫਿਰ ਦੇਸ਼ ਦੀ ਅਜ਼ਾਦੀ ਅਤੇ ਅਜ਼ਾਦੀ ਤੋਂ ਬਾਅਦ ਉਸਦੀਆਂ ਸਰਹਦਾਂ ਦੀ ਰਖਿਆ ਕਰਨ ਲਈ ਹੋਈਆਂ ਲੜਾਈਆਂ ਵਿੱਚ ਸਭ ਤੋਂ ਵੱਧ ਦਿੱਤੀਆਂ ਕੁਰਬਾਨੀਆਂ ਦੀ ਸਜ਼ਾ ਉਸਨੂੰ ਦਿੱਤੀ ਜਾ ਰਹੀ ਹੈ?

ਜਸਟਿਸ ਸੋਢੀ ਨੇ ਕਿਹਾ ਕਿ ਗਲ ਇਥੇ ਹੀ ਨਹੀਂ ਮੁਕੀ, ਇਸਤੋਂ ਅਗੇ ਵੱਧੀ, ਪੰਜਾਬ ਦੀ ਅਰਥਕਤਾ ਨੂੰ ਪਟੜੀਉਂ ਉਤਾਰਨ ਲਈ ਪੰਜਾਬ ਦੇ ਗੁਆਂਢੀ ਰਾਜਾਂ ਵਿੱਚ ਉਦਯੋਗ ਲਾਉਣ ਲਈ ਉਦਯੋਗਪਤੀਆਂ ਨੂੰ ਉਤਸਾਹਿਤ ਕਰਨ ਲਈ ਕਈ ਰਿਆਇਤਾਂ ਅਤੇ ਸਹੂਲਤਾਂ ਦਿੱਤੀਆਂ ਗਈਆਂ, ਜਿਸਦੇ ਮੁਕਾਬਲੇ ਪੰਜਾਬ ਦੇ ਉਦਯੋਗਾਂ ਨੂੰ ਉਜੜਨ ਤੋਂ ਬਚਾਣ ਲਈ ਕੋਈ ਵੀ ਰਿਆਇਤ ਜਾਂ ਸਹੂਲਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਜਿਸਦੇ ਨਤੀਜੇ ਵਜੋਂ ਪੰਜਾਬ ਦਾ ਉਦਯੋਗ ਉਜੜਦਾ ਚਲਿਆ ਜਾ ਰਿਹਾ ਹੈ ਤੇ ਉਸਦੇ ਗੁਆਂਢੀ ਰਾਜਾਂ ਦੇ ਉਦਯੋਗ ਵੱਧ-ਫੁਲ ਰਿਹਾ ਹੈ।

ਜਸਟਿਸ ਸੋਢੀ ਨੇ ਕਿਹਾ ਕਿ ਇਤਨਾ ਹੀ ਨਹੀਂ ਪੰਜਾਬ ਦੀ ਵੰਡ ਕਰਦਿਆਂ ਉਸਦੀਆਂ ਸੋਨਾ ਉਗਲਦੀਆਂ ਜ਼ਮੀਨਾਂ ਨੂੰ ਬੰਜਰ ਬਨਾਉਣ ਲਈ ਉਸ ਪਾਸੋਂ ਪਾਣੀਆਂ ਨੂੰ ਤਾਂ ਖੋਹਿਆਂ ਹੀ ਸੀ, ਹੁਣ ਖੇਤੀ (ਵਿਰੋਧੀ) ਕਾਨੂੰਨ ਬਣਾ ਪਹਿਲਾਂ ਤੋਂ ਹੀ ਬਰਬਾਦੀ ਦੀ ਰਾਹ ਤੇ ਅਗੇ ਵੱਧ ਰਹੇ ਪੰਜਾਬ ਦੀ 'ਰੀੜ੍ਹ ਦੀ ਹੱਡੀ' ਕਿਸਾਨੀ ਪੁਰ ਵੀ ਮਾਰੂ ਚੋਟ ਮਾਰ, ਉਸਨੂੰ ਹੋਰ ਤਬਾਹੀ ਦੇ ਰਸਤੇ ਧਕਿਆ ਜਾ ਰਿਹਾ ਹੈ। ਜਸਟਿਸ ਸੋਢੀ ਨੇ ਚਿਤਾਵਨੀ ਦਿੱਤੀ ਕਿ ਕਿਸੇ ਸਮੇਂ ਦੇਸ਼ ਦੇ ਸਭ ਤੋਂ ਵੱਧ ਖੁਸ਼ਹਾਲ ਅਤੇ ਦੇਸ਼ ਦੀ (ਰਖਿਅਕ) ਭੁਜਾ ਮੰਨੇ ਜਾਂਦੇ ਰਹੇ ਪੰਜਾਬ ਨੂੰ, ਜਿਸਤਰ੍ਹਾਂ ਸੋਚੀ-ਸਮਝੀ ਰਣਨੀਤੀ ਦੇ ਤਹਿਤ ਬਰਬਾਦੀ ਵੱਲ਼ ਧਕਿਆ ਜਾ ਰਿਹਾ ਹੈ, ਉਹ ਕਿਸੇ ਵੀ ਤਰ੍ਹਾਂ ਦੇਸ਼ ਦੇ ਵੱਡੇ ਹਿਤਾਂ ਵਿੱਚ ਨਹੀਂ ਹੋਵੇਗਾ।

...ਅਤੇ ਅੰਤ ਵਿੱਚ: ਜੇ ਸੱਚਾਈ ਸਵੀਕਾਰ ਕਰਨ ਦੀ ਦਲੇਰੀ ਹੋਵੇ ਤਾਂ ਇੱਕ ਸੱਚਾਈ ਇਹ ਵੀ ਹੈ ਕਿ ਅਣਵੰਡੇ ਪੰਜਾਬ ਵਿੱਚ ਜੋ ਪੰਜਾਬੀ ਰਾਜਸੀ ਵਿਚਾਰਧਾਰਕ ਸੋਚ ਤੋਂ ਉਪਰ ਉਠ, ਸਾਂਝਾ, ਸਦੱਭਾਵਨਾ-ਪੂਰਣ ਤੇ ਪਿਆਰ ਭਰਿਆ ਜੀਵਨ ਜੀਉਂਦੇ ਤੇ ਦਿਲਾਂ ਦੀਆਂ ਡੂੰਘਿਆਈਆਂ ਵਿਚੋਂ ਉਮੜੇ ਪਿਆਰ ਨਾਲ ਇੱਕ-ਦੂਸਰੇ ਦੇ ਦੁੱਖ-ਸੁੱਖ ਵਿੱਚ ਸ਼ਾਮਲ ਹੁੰਦੇ ਚਲੇ ਆ ਰਹੇ ਸਨ, ਉਹ ਭਾਂਵੇਂ ਅੱਜ ਵੀ ਇੱਕ-ਦੂਸਰੇ ਦਾ ਦੁਖ-ਸੁਖ ਵੰਡਾਣ ਲਈ ਅੱਗੇ ਆ ਜਾਂਦੇ ਹਨ, ਪ੍ਰੰਤੂ ਰਾਜਸੀ ਵਿਚਾਰਧਾਰਕ ਸੋਚ ਦੇ ਅਧਾਰ 'ਤੇ ਉਹ ਉਸੇ ਤਰ੍ਹਾਂ ਵੰਡੇ ਹੋਏ ਹਨ, ਜਿਵੇਂ ਪੰਜਾਬੀ ਸੂਬਾ ਮੋਰਚੇ ਦੇ ਦੌਰਾਨ ਉਹ ਵੰਡੇ ਗਏ ਸਨ।

ਅੱਜ, ਪੰਜਾਬੀ ਸੂਬੇ ਨੂੰ ਹੋਂਦ ਵਿੱਚ ਆਇਆਂ ਭਾਵੇਂ ਲਗਭਗ ਤਿੰਨ ਦਹਾਕਿਆਂ ਤੋਂ ਵੀ ਵੱਧ ਦਾ ਸਮਾਂ ਬੀਤ ਗਿਆ ਹੈ, ਫਿਰ ਵੀ ਇੱਕ ਪਾਸੇ ਭਾਜਪਾ ਪੰਜਾਬੀ ਸੂਬਾ ਮੋਰਚੇ ਦੌਰਾਨ ਹਿੰਦੂਆਂ ਦੀ ਪ੍ਰਤੀਨਿਧ ਜੱਥੇਬੰਦੀ ਹੋਣ ਦੇ ਮਿਲੇ ਉਭਾਰ ਤੋਂ ਆਪਣੇ ਆਪਨੂੰ ਮੁਕੱਤ ਨਹੀਂ ਕਰ ਸਕੀ 'ਤੇ ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਵੀ ਪੰਜਾਬੀ ਮੋਰਚੇ ਦੌਰਾਨ ਸਿੱਖਾਂ ਦੀ ਜਥੇਬੰਦੀ ਹੋਣ ਦੇ ਮਿਲੇ ਉਭਾਰ ਤੋਂ ਮੁਕਤ ਨਹੀਂ ਹੋ ਸਕਿਆ। ਇਹੀ ਕਾਰਣ ਹੈ ਕਿ ਅੱਜ ਵੀ ਪੰਜਾਬ ਵਿੱਚ ਵਧੇਰੇ ਹਿੰਦੂ ਅਤੇ ਸਿੱਖ ਰਾਜਸੀ ਵਿਚਾਰਧਾਰਕ ਸੋਚ ਦੇ ਚਲਦਿਆਂ ਆਪੋ ਵਿੱਚ ਵੰਡੇ ਚਲੇ ਆ ਰਹੇ ਹਨ।

# ਇੱਕ ਰਾਸ਼ਟਰ-ਇੱਕ ਚੋਣ, ਦੇਸ਼ ਦੇ ਸੰਘੀ ਢਾਂਚੇ ਉਤੇ ਹੋਵੇਗਾ ਵੱਡਾ ਹਮਲਾ



-ਗੁਰਮੀਤ ਸਿੰਘ ਪਲਾਹੀ-

ਭਾਰਤ ਵਿੱਚ ਚੋਣਾਂ ਕਰਾਉਣਾ ਇੱਕ ਔਖਾ ਕੰਮ ਹੈ। ਸਿਰਫ਼ ਔਖਾ ਕੰਮ ਹੀ ਨਹੀਂ, ਖ਼ਰਚੀਲਾ ਕੰਮ ਵੀ ਹੈ। ਪਹਾੜੀ ਅਤੇ ਜੰਗਲੀ ਇਲਾਕਿਆਂ ਵਿੱਚ ਚੋਣਾਂ ਕਰਾਉਣ ਵਾਸਤੇ ਈ.ਵੀ.ਐਮ. ਮਸ਼ੀਨਾਂ ਭੇਜਣੀਆਂ ਹੁੰਦੀਆਂ ਹਨ ਅਤੇ ਪ੍ਰਸ਼ਾਸਨਿਕ ਅਧਿਕਾਰੀ ਵੀ। ਇਹ ਮਸ਼ੀਨਾਂ ਭੇਜਣ ਲਈ ਹਾਥੀਆਂ ਦੀ ਸਵਾਰੀ ਦੀ ਵਰਤੋਂ ਕਰਨੀ ਪੈਂਦੀ ਹੈ। ਸੰਸਦੀ ਸਥਾਈ ਕਮੇਟੀ ਦੀ 2015 ਵਿੱਚ ਆਈ 79ਵੀਂ ਰਿਪੋਰਟ ਅਨੁਸਾਰ ਸਾਲ 2014 ਵਿੱਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਉਤੇ 4500 ਕਰੋੜ ਰੁਪਏ ਦਾ ਖ਼ਰਚ ਆਇਆ।

ਇਹ ਖ਼ਰਚਾ ਤਾਂ ਸਰਕਾਰੀ ਖ਼ਰਚਾ ਹੈ। ਉਮੀਦਵਾਰਾਂ ਨੇ ਜੋ ਖ਼ਰਚਾ ਚੋਣਾਂ ਲੜਨ ਲਈ ਕੀਤਾ ਉਹ ਇਸ ਤੋਂ ਵੱਖਰਾ ਅਤੇ ਕਈ ਗੁਣਾ ਜਿਆਦਾ ਹੈ, ਕਿਉਂਕਿ ਭਾਰਤ ਵਿੱਚ ਚੋਣਾਂ ਹੋਰ ਦੇਸ਼ਾਂ ਦੇ ਮੁਕਾਬਲੇ ਬਹੁਤ ਮਹਿੰਗੀਆਂ ਹਨ ਅਤੇ ਇਹਨਾ ਚੋਣਾਂ ਵਿੱਚ ਪੈਸਾ, ਪਾਣੀ ਵਾਂਗਰ ਵਹਾਇਆ ਜਾਂਦਾ ਹੈ, ਭਾਵੇਂ ਕਿ ਇਹ ਚੋਣ ਸਧਾਰਨ ਪਿੰਡ ਦੇ ਪੰਚਾਇਤ ਦੇ ਸਰਪੰਚ ਦੀ ਹੀ ਕਿਉਂ ਨਾ ਹੋਵੇ?

ਦੇਸ਼ ਵਿੱਚ ਚੋਣਾਂ ਸਿਰਫ਼ ਲੋਕ ਸਭਾ, ਵਿਧਾਨ ਸਭਾਵਾਂ, ਦੀਆਂ ਹੀ ਨਹੀਂ ਹੁੰਦੀਆਂ ਸਗੋਂ ਸਥਾਨਕ ਸਰਕਾਰਾਂ, ਜਿਹਨਾ ਵਿੱਚ ਮਿਊਂਸਪਲ ਕਾਰਪੋਰੇਸ਼ਨ, ਮਿਊਂਸਪਲ ਕਮੇਟੀਆਂ, ਨੋਟੀਫਾਈਡ ਏਰੀਆ ਕਮੇਟੀਆਂ, ਜ਼ਿਲਾ ਪ੍ਰੀਸ਼ਦਾਂ, ਬਲਾਕ ਸੰਮਤੀਆਂ, ਗ੍ਰਾਮ ਪੰਚਾਇਤਾਂ ਦੀਆਂ ਚੋਣਾਂ ਵੀ ਹੁੰਦੀਆਂ ਹਨ। ਪੰਜ ਵਰ੍ਹਿਆਂ ਬਾਅਦ ਲੋਕ ਸਭਾ ਚੋਣਾਂ ਦੇ ਨਾਲ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਹੁੰਦੀਆਂ ਸਨ। ਸਾਲ 1951-52 ਵਿੱਚ ਪਹਿਲੀਆਂ ਲੋਕ ਸਭਾ ਆਮ ਲੋਕਾਂ ਵੇਲੇ ਵਿਧਾਨ ਸਭਾਵਾਂ ਦੀਆਂ ਚੋਣਾਂ ਵੀ ਕਰਵਾਈਆਂ ਗਈਆਂ ਸਨ। ਇਸ ਤੋਂ ਅਗਲੀਆਂ ਤਿੰਨ ਚੋਣਾਂ ਵੀ ਇਕੱਠੀਆਂ ਹੀ ਹੋਈਆਂ। ਫਿਰ ਜਦੋਂ ਕੁਝ ਵਿਧਾਨ ਸਭਾਵਾਂ ਨੂੰ ਕਿਸੇ ਨਾ ਕਿਸੇ ਕਾਰਨ ਕੇਂਦਰ ਸਰਕਾਰਾਂ ਵਲੋਂ ਭੰਗ ਕਰ ਦਿੱਤਾ ਗਿਆ ਤਾਂ ਮੱਧ ਕਾਲੀ ਚੋਣਾਂ ਕਰਾਉਣੀਆਂ ਪਈਆਂ। ਇਸ ਦਾ ਨਤੀਜਾ ਇਹ ਹੋਇਆ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਦੀਆਂ ਚੋਣਾਂ ਇਕੋ ਵੇਲੇ ਹੋਣੀਆਂ ਖ਼ਤਮ ਹੋ ਗਈਆਂ। ਹੁਣ ਸਥਿਤੀ ਇਹ ਹੋ ਗਈ ਹੈ ਕਿ ਦੇਸ਼ ਦੇ ਸਿਆਸੀ ਦਲ ਹਰ ਵੇਲੇ ਚੋਣ ਮੋਡ ਵਿੱਚ ਰਹਿੰਦੇ ਹਨ, ਕਿਉਂਕਿ ਕਿਸੇ ਨਾ ਕਿਸੇ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਸਿਰ ਤੇ ਪਈਆਂ ਹੀ ਰਹਿੰਦੀਆਂ ਹਨ। ਸਿਆਸੀ ਦਲਾਂ ਦੀ ਲੋਕ ਸਭਾ ਜਾਂ ਵਿਧਾਨ ਸਭਾ 'ਚ ਜਿੱਤ ਕਿਉਂਕਿ ਸਥਾਨਕ ਸਰਕਾਰਾਂ ਦੀ ਜਿੱਤ ਤੋਂ ਹੀ ਆਂਕੀ ਜਾਣ ਲੱਗ ਪਈ ਹੈ, ਇਸ ਕਰਕੇ ਮਿਊਂਸੀਪਲ ਕਾਰਪੋਰੇਸ਼ਨਾਂ, ਕਮੇਟੀਆਂ, ਜ਼ਿਲਾ ਪ੍ਰੀਸ਼ਦਾਂ ਬਲਾਕ ਸੰਮਤੀਆਂ ਦੀਆਂ ਚੋਣਾਂ ਲਈ ਵੀ ਸਿਆਸੀ ਦਲ ਅੱਡੀਆਂ ਚੁੱਕ ਕੇ ਆਪਣੇ ਪਾਰਟੀ ਚੋਣ ਨਿਸ਼ਾਨ ਉਤੇ ਚੋਣ ਲੜਦੇ ਹਨ।

ਦੇਸ਼ ਵਿੱਚ ਹੁੰਦੀਆਂ ਚੋਣਾਂ ਲਈ ਦੇਸ਼ ਦੀ ਭਾਰਤੀ ਚੋਣ ਕਮਿਸ਼ਨ ਨੂੰ ਤਾਂ ਪੱਬਾਂ ਭਾਰ ਹੋਣਾ ਹੀ ਪੈਂਦਾ ਹੈ, ਸਥਾਨਕ ਸਰਕਾਰਾਂ ਦੀਆਂ ਚੋਣਾਂ ਲਈ ਰਾਜਾਂ 'ਚ ਸਥਾਪਤ ਚੋਣ ਕਮਿਸ਼ਨਾਂ ਨੂੰ ਵੀ ਵਾਹਵਾ ਤਿਆਰੀ ਕਰਨੀ ਪੈਂਦੀ ਹੈ। ਪਰ ਇਹਨਾ ਉਪਰਲੀਆਂ, ਹੇਠਲੀਆਂ, ਲੋਕ ਸਭਾ, ਵਿਧਾਨ ਸਭਾ ਜਾਂ ਸਥਾਨਕ ਸਰਾਕਰਾਂ ਦੀਆਂ ਚੋਣ ਡਿਊਟੀਆਂ ਲੱਗਦੀਆਂ ਹਨ, ਜਿਸ ਕਾਰਨ ਬਾਕੀ ਸਰਕਾਰੀ ਕੰਮ ਕਾਜ ਲਗਭਗ ਠੱਪ ਹੋ ਕੇ ਰਹਿ ਜਾਂਦਾ ਹੈ। ਇਥੇ ਹੀ ਬੱਸ ਨਹੀਂ, ਪੁਲਿਸ ਸੁਰੱਖਿਆ ਬਲ, ਸੀ.ਆਰ.ਪੀ. ਆਦਿ ਦੀ ਡਿਊਟੀ ਚੋਣਾਂ 'ਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਲੱਗਦੀ ਹੈ, ਕਿਉਂਕਿ ਚੋਣਾਂ 'ਚ "ਤਾਕਤ ਦੀ ਵਰਤੋਂ" ਆਮ ਹੋਣ ਲੱਗ ਪਈ ਹੈ।

ਤਾਮਿਲਨਾਡੂ ਵਿਧਾਨ ਸਭਾ ਚੋਣਾਂ ਮਈ 'ਚ ਹੋਣੀਆਂ ਹਨ। ਵਿਧਾਨ ਸਭਾ ਚੋਣਾਂ ਲਈ ਤਿੰਨ ਲੱਖ ਤੋਂ ਜਿਆਦਾ ਅਧਿਆਪਕ ਡਿਊਟੀ ਤੇ ਲਗਾਏ ਜਾਣਗੇ। ਆਮ ਤੌਰ 'ਤੇ ਚੋਣਾਂ ਵੇਲੇ ਲਗਭਗ ਇੱਕ ਮਹੀਨਾ ਮੁਲਾਜ਼ਮ ਡਿਊਟੀ ਤੇ ਰਹਿੰਦੇ ਹਨ। ਸਕੂਲਾਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਉਸ ਵੇਲੇ ਵੱਡਾ ਨੁਕਸਾਨ ਦੇਖਣ ਨੂੰ ਮਿਲੇਗਾ, ਜਦੋਂ ਟੀਚਰ ਚੋਣ ਡਿਊਟੀ ਉਤੇ ਚਲੇ ਜਾਣਗੇ, ਕਿਉਂਕਿ ਉਸੇ ਸਮੇਂ ਮਈ ਮਹੀਨੇ 'ਚ ਵਿੱਦਿਆਰਥੀਆਂ ਦੇ ਸਲਾਨਾ ਇਮਤਿਹਾਨ ਹਨ। ਇਹ ਤਾਂ ਇੱਕ ਸੂਬੇ ਦੀ ਉਦਾਹਰਨ ਹੈ, ਅਸਲ ਵਿੱਚ ਤਾਂ ਹਰ ਆਏ ਮਹੀਨੇ, ਆਈ ਤਿਮਾਹੀ, ਆਉਣ ਵਾਲੀ ਛਿਮਾਹੀ ਕੋਈ ਨਾ ਕੋਈ ਚੋਣ ਆਈ ਹੀ ਰਹਿੰਦੀ ਹੈ।

ਦੇਸ਼ ਦੀ ਲੋਕ ਸਭਾ ਚੋਣ 2019 'ਚ ਹੋਈ। ਫਿਰ ਬਿਹਾਰ ਚੋਣਾਂ ਹੋਈਆਂ। ਕੁਝ ਸੂਬਿਆਂ 'ਚ ਉਪ ਚੋਣਾਂ ਹੋਈਆਂ। ਮੱਧ ਪ੍ਰਦੇਸ਼ 'ਚ ਉਪ ਚੋਣਾਂ ਵਿਧਾਨ ਸਭਾ ਮੈਂਬਰਾਂ ਦੇ ਇਧਰ-ਉਧਰ ਖਿਸਕਣ ਕਾਰਨ ਲੋਕਾਂ ਤੇ ਥੋਪੀਆਂ ਗਈਆਂ। ਹੁਣ 2021 ਵਿੱਚ ਅਸਾਮ, ਕੇਰਲਾ, ਤਾਮਿਲਨਾਡੂ, ਪੱਛਮੀ ਬੰਗਾਲ ਦੀਆਂ, 2022 'ਚ ਗੋਆ, ਗੁਜਰਾਤ, ਹਿਮਾਚਲ ਪ੍ਰਦੇਸ਼, ਪੰਜਾਬ, ਉੱਤਰ ਪ੍ਰਦੇਸ਼ ਅਤੇ 2023 'ਚ ਰਾਜਸਥਾਨ, ਛਤੀਸਗੜ੍ਹ, ਕਰਨਾਟਕ, ਮੱਧ ਪ੍ਰਦੇਸ਼, ਮੇਘਾਲਿਆ, ਨਾਗਾਲੈਂਡ, ਤਿਲੰਗਾਨਾ, ਤ੍ਰਿਪੁਰਾ ਅਤੇ 2024 'ਚ ਆਂਧਰਾ ਪ੍ਰਦੇਸ਼, ਅਰੁਣਾਚਲ ਪ੍ਰਦੇਸ਼, ਝਾਰਖੰਡ, ਮਹਾਂਰਾਸ਼ਟਰ, ਉੜੀਸਾ, ਸਿਕੱਮ ਵਿੱਚ ਹੋਣਗੀਆਂ। ਭਾਵ ਹਰ ਵਰ੍ਹੇ ਕੋਈ ਨਾ ਕੋਈ ਸੂਬਾ ਚੋਣ ਮੋਡ ਵਿੱਚ ਹੋਏਗਾ ਤੇ ਸਿਆਸੀ ਧਿਰਾਂ ਦੀ ਅੱਖ "ਤਾਕਤ" ਹਥਿਆਉਣ ਦੀ ਹੋਏਗੀ।

ਜਿਸ ਵੇਲੇ ਕੋਈ ਵੀ ਚੋਣ ਭਾਵੇਂ ਉਤੇ ਮੁੱਖ ਚੋਣ ਹੋਵੇ ਜਾਂ ਸਥਾਨਕ ਸਰਕਾਰ ਦੀ ਤਾਂ ਚੋਣ ਦਾ ਕੋਡ (ਇਲੈਕਸ਼ਨ ਕਕੋਡ) ਲੱਗ ਜਾਦਾ ਹੈ, ਜਿਸ ਤਹਿਤ ਕੋਈ ਨਵਾਂ ਪ੍ਰਾਜੈਕਟ ਚਾਲੂ ਨਹੀਂ ਹੋ ਸਕਦਾ। ਇਸਦਾ ਅਸਰ ਵਿਕਾਸ ਕੰਮ ਉਤੇ ਪੈਂਦਾ ਹੈ। ਵਿਕਾਸ ਦੇ ਕੰਮ ਥੰਮ ਜਾਂਦੇ ਹਨ। ਸਰਕਾਰੀ ਕੰਮ ਕਾਜ ਸਥਿਰ ਹੋ ਜਾਂਦਾ ਹੈ। ਕੋਈ ਵੀ ਨੀਤੀਗਤ ਫ਼ੈਸਲੇ ਲੈਣ ਉਤੇ ਰੋਕ ਲੱਗ ਜਾਂਦੀ ਹੈ।

ਲਗਾਤਾਰ ਹੋਣ ਵਾਲੀਆਂ ਚੋਣਾਂ ਕਾਰਨ ਸਮਾਜ ਨੂੰ ਵੱਡੀ ਕੀਮਤ ਵੀ ਚੁਕਾਉਣੀ ਪੈਂਦੀ ਹੈ। ਆਮ ਲੋਕਾਂ ਖ਼ਾਸ ਕਰਕੇ ਗਰੀਬ ਲੋਕਾਂ ਉਤੇ ਤਾਂ ਇਸਦਾ ਵੱਡਾ ਅਸਰ ਵੇਖਣ ਨੂੰ ਮਿਲਦਾ ਹੈ,ਜਿਹਨਾ ਉਤੇ ਵੋਟ ਪਾਉਣ ਦਾ ਦਬਾਅ ਲਗਾਤਾਰ ਵੱਧਦਾ ਹੈ ਅਤੇ ਜਿਸਦੀ ਵੋਟ ਖ਼ਰੀਦਣ ਲਈ ਜਾਂ ਪ੍ਰਾਪਤ ਕਰਨ ਲਈ ਧੱਕੜਸ਼ਾਹ ਉਮੀਦਵਾਰ ਸਾਮ-ਦਾਮ-ਦੰਡ ਦੀ ਵਰਤੋਂ ਕਰਦੇ ਹਨ। ਇਹਨਾ ਦੀ ਵੋਟ ਪ੍ਰਾਪਤ ਕਰਨ ਲਈ ਧਨ ਤੇ ਨਸ਼ਿਆਂ ਦੀ ਵਰਤੋਂ ਆਮ ਵੇਖੀ ਜਾਂਦੀ ਹੈ।

ਇਸ ਤਰ੍ਹਾਂ ਸਮਾਜ ਵਲੋਂ ਚੁਕਾਈ ਜਾਂਦੀ ਵੱਡੀ ਕੀਮਤ ਦੇ ਮੱਦੇ ਨਜ਼ਰ ਦੇਸ਼ ਵਿੱਚ ਇਕੋ ਵੇਲੇ ਚੋਣਾਂ ਕਰਾਉਣ ਦੀ ਸੋਚ ਸਾਹਮਣੇ ਆ ਰਹੀ ਹੈ, ਜਿਸਦੀ ਵਕਾਲਤ ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਰ ਰਿਹਾ ਹੈ। ਕੁਝ ਹੋਰ ਸਿਆਸੀ ਦਲ ਵੀ ਇਸਦੇ ਹੱਕ ਵਿੱਚ ਹਨ, ਜਿਹੜੇ ਇਸ ਵਿਚਾਰ ਦੇ ਹਨ ਕਿ ਪੰਚਾਇਤਾਂ, ਨਗਰਪਾਲਿਕਾਵਾਂ, ਵਿਧਾਨ ਸਭਾਵਾਂ ਦੀਆਂ ਚੋਣਾਂ ਇੱਕ ਵੇਲੇ ਅਤੇ ਲੋਕ ਸਭਾ ਚੋਣਾਂ ਇੱਕ ਵੇਲੇ ਹੋ ਸਕਦੀਆਂ ਹਨ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਦੇਸ਼ ਕੋਲ ਇੱਕੋ ਵੇਲੇ ਇਹ ਸਾਰੀਆਂ ਚੋਣਾਂ ਕਰਾਉਣ ਲਈ ਬੁਨਿਆਦੀ ਢਾਂਚਾ ਮੌਜੂਦ ਹੈ? ਕੀ ਦੇਸ਼ 'ਚ ਈ ਵੀ ਐਮ ਮਸ਼ੀਨਾਂ ਦਾ ਇੰਨਾ ਸਟਾਕ ਹੈ? ਕੀ ਈ ਵੀ ਮੈਟ ਪੇਪਰ ਅਤੇ ਚੋਣ ਸਿਆਹੀ ਉਪਲੱਬਧ ਹੋ ਸਕਦੀ ਹੈ? ਕੀ ਇਕੋ ਵੇਲੇ ਪੋਸਟਲ ਪੇਪਰਾਂ ਦੀ ਗਿਣਤੀ ਲਈ ਯੋਗ ਪ੍ਰਬੰਧ ਹੋ ਸਕਣਗੇ? ਕੀ ਦੇਸ਼ ਦਾ ਵੋਟਰ ਜਿਸ ਵਿੱਚ ਵੱਡੀ ਗਿਣਤੀ ਪੜ੍ਹਿਆ-ਲਿਖਿਆ ਨਹੀਂ ਹੈ, ਉਹ ਵੋਟ ਦੀ ਸਹੀ ਵਰਤੋਂ ਕਰ ਸਕੇਗਾ?

ਦੂਜੇ ਦੇਸ਼, ਚੋਣਾਂ ਦਾ ਕੰਮ ਵੱਖਰੇ ਢੰਗ ਨਾਲ ਕਰਦੇ ਹਨ। ਸਵੀਡਨ ਵਿੱਚ ਸਥਾਨਕ ਸਰਕਾਰਾਂ ਤੇ ਮਿਊਂਸੀਪਲ ਕੌਂਸਲਾਂ ਦੀਆਂ ਚੋਣਾਂ ਆਮ ਚੋਣਾਂ ਦੇ ਨਾਲ ਸਤੰਬਰ ਦੇ ਦੂਜੇ ਹਫਤੇ ਐਤਵਾਰ ਨੂੰ ਹੁੰਦੀਆਂ ਹਨ। ਦੱਖਣੀ ਅਫਰੀਕਾ ਵਿੱਚ ਰਾਸ਼ਟਰਪਤੀ ਸੂਬਾ ਸਰਕਾਰਾਂ ਦੀਆਂ ਚੋਣਾਂ ਇੱਕ ਵੇਲੇ ਹੁੰਦੀਆਂ ਹਨ ਅਤੇ ਉਸਦੇ ਦੋ ਸਾਲਾਂ ਬਾਅਦ ਨਗਰ ਪਾਲਿਕਾਵਾਂ ਦੀਆਂ ਚੋਣਾਂ ਹੁੰਦੀਆਂ ਹਨ। ਬਰਤਾਨੀਆਂ ਵਿੱਚ ਚੋਣਾਂ ਹਰ ਪੰਜ ਸਾਲ ਬਾਅਦ ਮਈ ਮਹੀਨੇ ਦੇ ਪਹਿਲੇ ਬੁੱਧਵਾਰ ਨੂੰ ਕਰਵਾਈਆਂ ਜਾਂਦੀਆਂ ਹਨ। ਜੇਕਰ ਸਮੇਂ ਤੋਂ ਪਹਿਲਾਂ ਚੋਣਾਂ ਕਰਵਾਉਣੀਆਂ ਹਨ ਜਾਣੀ ਮੱਧ ਕਾਲੀ ਚੋਣਾਂ ਤਾਂ ਪਾਰਲੀਮੈਂਟ ਦੇ ਦੋ ਤਿਹਾਈ ਮੈਂਬਰ ਇਸ ਦੀ ਮਨਜ਼ੂਰੀ ਦਿੰਦੇ ਹਨ।

ਭਾਰਤ ਦੇਸ਼ ਵਿੱਚ ਚੋਣਾਂ 'ਚ ਕਈ ਹਾਲਤਾਂ 'ਚ ਕੁਲ ਬਣੇ ਹੋਏ 60 ਫੀਸਦੀ ਵੋਟਰ ਹਿੱਸਾ ਲੈਂਦੇ ਹਨ। ਕਈ ਸੂਬਾ ਚੋਣਾਂ 'ਚ ਤਾਂ 50 ਫੀਸਦੀ ਵੋਟਰ ਹੀ ਹਿੱਸਾ ਲੈਂਦੇ ਹਨ। ਚੋਣ ਕਮਿਸ਼ਨ ਵੱਧ ਤੋਂ ਵੱਧ ਵੋਟਰਾਂ ਨੂੰ ਚੋਣਾਂ 'ਚ ਹਿੱਸਾ ਲੈਣ ਲਈ ਪ੍ਰੇਰਿਤ ਕਰਦਾ ਹੈ। ਪਰ ਦੇਸ਼ ਦਾ ਵੱਡਾ ਹਿੱਸਾ ਵੋਟਰ ਮੌਜੂਦਾ ਸਿਸਟਮ ਤੋਂ ਨਾ ਖੁਸ਼ ਹਨ, ਜਾਂ ਫਿਰ ਆਪਣੀ ਰੋਜ਼ੀ-ਰੋਟੀ ਦੇ ਜੁਗਾੜ 'ਚ ਕੁਝ ਵੋਟਾਂ ਪਾਉਣ ਲਈ ਪੋਲਿੰਗ ਬੂਥ ਤੇ ਨਹੀਂ ਆਉਂਦੇ। ਉਂਜ ਵੀ ਚੋਣ-ਪ੍ਰਣਾਲੀ 'ਚ ਇੰਨੇ ਵੱਡੇ ਨੁਕਸ ਹਨ ਕਿ ਹਾਕਮ ਧਿਰ ਚੋਣ ਕਮਿਸ਼ਨ, ਸਰਕਾਰੀ ਮਸ਼ੀਨਰੀ ਦੀ ਦੁਰ ਵਰਤੋਂ ਕਰਦੀ ਹੈ। ਲੱਠਮਾਰ ਲੋਕ ਲਗਾਤਾਰ ਪਾਰਲੀਮੈਂਟ ਵਿਧਾਨ ਸਭਾਵਾਂ 'ਚ ਪੁੱਜ ਰਹੇ ਹਨ। ਉਹ ਲੋਕ ਜਿਹਨਾਂ ਉਤੇ ਅਪਰਾਧਿਕ ਮਾਮਲੇ ਦਰਜ਼ ਹਨ, ਉਹ ਵੀ ਪਾਰਲੀਮੈਂਟ ਵਿਧਾਨ ਸਭਾ 'ਚ ਬੈਠੇ ਹਨ, ਜਿਸ ਕਾਰਨ ਲੋਕਾਂ ਵਿੱਚ ਮੌਜੂਦਾ ਭਾਰਤੀ ਲੋਕਤੰਤਰ ਅਤੇ ਸਰਕਾਰ ਪ੍ਰਤੀ ਅਵਿਸ਼ਵਾਸ ਵਧਦਾ ਜਾ ਰਿਹਾ ਹੈ। ਭਾਵੇਂ ਕਿ ਭਾਰਤੀ ਚੋਣ ਕਮਿਸ਼ਨ ਨੇ ਚੋਣ ਕਾਨੂੰਨਾਂ 'ਚ ਸੁਧਾਰਾਂ ਲਈ 170ਵੀਂ ਰਿਪੋਰਟ ਪੇਸ਼ ਕੀਤੀ ਹੈ, ਪਰ ਇਸ ਉਤੇ ਅਮਲ ਕਰਨ ਜਾਂ ਕਰਵਾਉਣਾ ਤਾਂ ਸਰਕਾਰਾਂ ਦੇ ਹਿੱਸੇ ਦਾ ਕੰਮ ਹੈ।

ਅੱਜ ਦੇ ਸਮੇਂ ਜਦੋਂ ਹਾਕਮ ਧਿਰ ਦੇਸ਼ ਨੂੰ ਭਗਵਾਂਕਰਨ ਦੇ ਰਸਤੇ ਪਾ ਰਹੀ ਹੈ। ਹਰ ਸੂਬੇ ਵਿੱਚ ਆਪਣੀ ਸਰਕਾਰ ਕਿਸੇ ਵੀ ਹੀਲੇ ਬਨਾਉਣ ਦੇ ਰਾਹ ਹੈ। ਮੱਧ ਪ੍ਰਦੇਸ਼ ਇਸਦੀ ਉਦਾਹਰਨ ਹੈ, ਜਿਥੇ ਪਹਿਲਾਂ ਭਾਜਪਾ ਨੇ ਕਾਂਗਰਸ ਦੇ 22 ਚੁਣੇ ਹੋਏ ਵਿਧਾਇਕਾਂ ਤੋਂ ਅਸਤੀਫਾ ਦੁਆਇਆ। ਫਿਰ ਉਪ ਚੋਣਾਂ ਕਰਵਾਈਆਂ। ਹਰ ਤਰੀਕਾ ਵਰਤਕੇ ਉਹਨਾਂ ਵਿੱਚ ਬਹੁਤਿਆਂ ਨੂੰ ਚੋਣ ਜਿਤਾਈ ਤੇ ਇੰਜ ਕਾਂਗਰਸ ਦੀ ਬਣੀ ਹੋਈ ਸਰਕਾਰ ਢਾਅ ਕੇ ਆਪਣੀ ਬਣਾ ਲਈ। ਇਸ ਕਰਕੇ ਇੱਕੋ ਵੇਲੇ ਚੋਣਾਂ ਕਰਾਉਣ ਨੂੰ ਦੇਸ਼ ਵਾਸੀ ਹਾਕਮ ਧਿਰ ਉਤੇ, ਦੇਸ਼ ਉਤੇ ਇਕ ਰਾਸ਼ਟਰ, ਇਕ ਪਾਰਟੀ, ਇਕ ਬੋਲੀ, ਇਕ ਧਰਮ, ਇੱਕ ਨੇਤਾ ਦਾ ਝੰਡਾ ਫਹਿਰਾਉਣ ਦਾ ਦੋਸ਼ ਲਾਉਂਦੇ ਹਨ।

ਮੌਜੂਦਾ ਹਾਕਮ, ਜਦੋਂ ਸੰਘੀ ਢਾਂਚੇ ਦੀ ਸੰਘੀ ਘੁੱਟ ਰਿਹਾ ਹੈ। ਕਿਸਾਨਾਂ ਸਬੰਧੀ ਤਿੰਨ ਕਾਲੇ ਖੇਤੀ ਕਾਨੂੰਨ ਪਾਸ ਕਰਕੇ ਦੇਸ਼ ਨੂੰ ਧਨ ਕੁਬੇਰਾਂ ਦੇ ਹੱਥ ਫੜਾਉਣ ਲਈ ਸ਼ਤਰੰਜੀ ਚਾਲ ਚੱਲ ਰਿਹਾ ਹੈ ਤਾਂ ਦੇਸ਼ ਦੇ ਲੋਕ ਇਕ ਰਾਸ਼ਟਰ ਇਕ ਚੋਣ ਨੂੰ ਵੀ ਹਾਕਮਾਂ ਦੀ ਡਿਕਟੇਟਰਾਨਾ ਚਾਲ ਵਜੋਂ ਵੇਖ ਰਹੇ ਹਨ ਅਤੇ ਦੇਸ਼ ਦੇ ਸੰਘੀ ਢਾਂਚੇ ਉਤੇ ਇੱਕ ਵੱਡਾ ਹਮਲਾ ਗਿਣ ਰਹੇ ਹਨ।


ਦੇਸ਼ ਦੇ ਹਾਕਮ ਜਦੋਂ ਇੱਕ ਰਾਸ਼ਟਰ, ਇੱਕ ਚੋਣ ਦੀ ਗੱਲ ਕਰਦੇ ਹਨ ਤੇ ਕਹਿੰਦੇ ਹਨ ਕਿ ਦੇਸ਼ ਦੀ ਸਰਕਾਰੀ ਮਸ਼ੀਨਰੀ ਤਾਂ ਚੋਣਾਂ 'ਚ ਹੀ ਲੱਗੀ ਰਹਿੰਦੀ ਹੈ। ਦੇਸ਼ ਦੇ ਪੈਸੇ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਉਥੇ ਸਵਾਲ ਹੈ ਕਿ ਕੀ ਚੋਣਾਂ ਤੋਂ ਬਿਨਾਂ ਜੋ ਨੁਕਸਾਨ ਦੇਸ਼ ਦਾ ਹੋਰ ਘਪਲਿਆਂ, ਘੁਟਾਲਿਆਂ ਤੇ ਹੋ ਰਿਹਾ ਹੈ, ਉਹ ਹਾਕਮਾਂ ਨੇ ਕਦੇ ਪਰਖਿਆ ਹੈ? ਹਾਕਮ ਕਹਿੰਦੇ ਹਨ ਕਿ ਦੇਸ਼ ਦੇ ਨੇਤਾ ਤਾਂ ਹਰ ਵੇਲੇ ਚੋਣਾਂ 'ਚ ਲੱਗੇ ਲੋਕਾਂ ਦੀ ਬਰੂਹਾਂ ਤੇ ਅਟਕੇ ਰਹਿੰਦੇ ਹਨ। ਪਰ ਇੱਕ ਗੱਲ ਉਹ ਭੁੱਲ ਰਹੇ ਹਨ ਕਿ ਜੇਕਰ ਪੰਜ ਸਾਲਾਂ ਬਾਅਦ ਇੱਕੋ ਵੇਰ ਚੋਣ ਹੋਏਗੀ ਤਾਂ ਫਿਰ ਨੇਤਾ ਚੋਣਾਂ ਦੇ ਦਿਨਾਂ ਤੋਂ ਬਾਅਦ ਅਗਲੇ ਪੌਣੇ ਪੰਜ ਸਾਲ ਲੋਕਾਂ ਦੇ ਦਰੀਂ ਪੁੱਜਣਗੇ ਹੀ ਨਹੀਂ।

ਦੇਸ਼ ਦੀ ਹਾਕਮ ਧਿਰ ਦੀ ਚਿੰਤਾ ਇਹ ਹੈ ਕਿ ਦੇਸ਼ ਇੱਕ ਹਿੰਦੂ ਰਾਸ਼ਟਰ ਬਣੇ, ਇਥੇ ਇੱਕੋ ਚੋਣ ਹੋਵੇ, ਇੱਕੋ ਨੇਤਾ ਇਥੇ ਉਭਰੇ, ਦੇਸ਼ ਦੇ ਸੰਘੀ ਢਾਂਚੇ ਨੂੰ ਖ਼ਤਮ ਕਰਕੇ ਸਾਰੀਆਂ ਤਾਕਤਾਂ ਕੇਂਦਰ ਕੋਲ ਰਹਿਣ ਪਰ ਦੇਸ਼ ਦੇ ਲੋਕ ਇਹ ਕਦੇ ਪ੍ਰਵਾਨ ਨਹੀਂ ਕਰਨਗੇ, ਜਿਵੇਂ ਕਿ ਉਹਨਾ ਨੇ ਸੰਘੀ ਢਾਂਚੇ ਨੂੰ ਤਹਿਸ਼-ਨਹਿਸ਼ ਕਰਨ ਲਈ ਪਾਸ ਕੀਤੇ ਤਿੰਨੇ ਖੇਤੀ ਕਾਨੂੰਨਾਂ ਨੂੰ ਪ੍ਰਵਾਨ ਨਹੀਂ ਕੀਤਾ ਅਤੇ ਦਿੱਲੀ ਦੀਆਂ ਬਰੂਹਾਂ 'ਤੇ ਰੋਸ ਵਿੱਚ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਸ਼ਾਂਤੀਮਈ ਢੰਗ ਨਾਲ ਬੈਠੇ ਹਨ।

-ਗੁਰਮੀਤ ਸਿੰਘ ਪਲਾਹੀ
-9815802070

## ਵਰਦੀ

ਭੂਰੀ ਵਰਦੀ ਵਾਲੇ ਵੀਰੋ ਤੁਸੀਂ
ਕਹਿਰ ਨਾ ਗੁਜ਼ਾਰਿਓ ਜੇ,
ਆਪਣੀ ਵਰਦੀ ਨੂੰ ਕਿਸੇ ਮੰਤਰੀ ਦੀ
ਗੁਲਾਮੀ ਚ ਨਾ ਲਾ ਦਿਓ ਜੇ।
ਆਉਣ ਵਾਲੀਆਂ ਨਸਲਾਂ ਤੁਹਾਨੂੰ ਕੌਮ
ਦੇ ਦੁਸ਼ਮਣ ਕਹਿਣ ਇਹ ਕਹਿਰ ਨਾ
ਗੁਜ਼ਾਰਿਓ ਜੇ,
ਲੜ ਰਹੇ ਦਿੱਲੀ ਚ ਜੋ ਤੁਹਾਡੇ ਹੱਕਾਂ
ਲਈ ਉਹਨਾਂ ਦਾ ਸਾਥ ਦੇ ਇਤਿਹਾਸ
ਚ ਨਾਂ ਦਰਜ ਕਰਾਇਓ ਜੇ।
ਤੁਸੀਂ ਵੀ ਤਾਂ ਦੇਖ ਰਹੇ ਹੋ, ਕਿਵੇਂ
ਹਾਕਮ ਸਾਡੇ ਤੇ ਕਹਿਰ ਕਮਾਈ
ਜਾਂਦਾ ਏ
ਉਹਦੇ ਖਿਲਾਫ ਆਵਾਜ਼ ਚੱਕਣ
ਵਾਲਿਆਂ ਨੂੰ ਆਤੰਕਵਾਦੀ ਕਰਾਰ
ਦਈ ਜਾਂਦਾਏ।
ਆਪਣੀ ਵਰਦੀ ਦੀ ਸ਼ਾਨ ਵਧਾਇਓ ਜੇ,
ਕਿਸਾਨਾਂ ਦਾ ਸਾਥ ਦੇ ਆਪਣੀ
ਵਰਦੀਨੂੰ ਚਾਰ ਚੰਨ ਲਾਇਓ ਜੇ।
ਕਈ ਮਾਵਾਂ ਦੇ ਪੁੱਤ ਕਈ ਸੁਹਾਗਣਾ
ਦੇ ਸੁਹਾਗ ਸ਼ਹੀਦ ਹੋ ਗਏ ਇਸ
ਅੰਦੋਲਣ ਚ,
ਗਲਤ ਪਾਸੇ ਦਾ ਸਾਥ ਦੇਕੇ ਇਹਨਾਂ
ਦੀ ਸ਼ਹੀਦੀ ਨੂੰ ਵਿਅਰਥ ਨਾ ਕਰਿਓ ਜੇ।
ਭੂਰੀ ਵਰਦੀ ਵਾਲੇ ਵੀਰੋ ਤੁਸੀਂ
ਕਹਿਰ ਨਾ ਗੁਜ਼ਾਰਿਓ ਜੇ,
ਆਪਣੀ ਵਰਦੀ ਨੂੰ ਕਿਸੇ ਮੰਤਰੀ ਦੀ
ਗੁਲਾਮੀ ਚ ਨਾ ਲਾ ਦਿਓ ਜੇ।



ਲਵਲੀਨ ਕੌਰ ਸੰਧੂ




ਕਿਸਾਨੀ ਸੰਘਰਸ਼ ਦਾ ਮੁੱਦਾ

## ਗੁਜਰਾਤ ਦੇ ਉਪ ਮੁੱਖ ਮੰਤਰੀ ਸਮੇਤ 4 ਭਾਜਪਾ ਆਗੂਆਂ ਨੂੰ ਕਾਨੂੰਨੀ ਨੋਟਿਸ ਨਿਕਲਿਆ

ਫ਼ਿਰੋਜ਼ਪੁਰ, 21 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਲੰਮੇ ਸਮੇਂ ਤੋਂ ਕਿਸਾਨ ਜਥੇਬੰਦੀਆਂ ਵੱਲੋਂ ਲਗਾਤਾਰ ਸੰਘਰਸ਼ ਤੋਂ ਚਿੜੇ ਹੋਏ ਭਾਜਪਾ ਮੰਤਰੀਆਂ ਅਤੇ ਲੀਡਰਾਂ ਵੱਲੋਂ ਸੰਘਰਸ਼ ਵਿੱਚ ਬੈਠੇ ਕਿਸਾਨਾਂ ਨੂੰ ਬਦਨਾਮ ਕਰਨ ਲਈ ਵਿਵਾਦਤ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਇਨ੍ਹਾਂ ਲੀਡਰਾਂ ਵੱਲੋਂ ਬੋਲੇ ਗਏ ਇਨ੍ਹਾਂ ਸ਼ਬਦਾਂ ਨੂੰ ਵਾਪਸ ਲੈਣ ਅਤੇ ਜਨਤਕ ਤੌਰ ’ਤੇ ਮਾਫ਼ੀ ਮੰਗਣ ਦੇ ਕਾਨੂੰਨੀ ਨੋਟਿਸ ਭੇਜੇ ਗਏ ਹਨ।

ਸੀਨੀਅਰ ਐਡਵੋਕੇਟ ਰਜਨੀਸ਼ ਦਾਹੀਆ ਵੱਲੋਂ ਭੇਜੇ ਕਾਨੂੰਨੀ ਨੋਟਿਸ ਰਾਹੀਂ ਭਾਜਪਾ ਦੇ ਆਗੂਆਂ ਵੱਲੋਂ ਜਨਤਕ ਮੁਆਫ਼ੀ ਮੰਗਣ ਨੂੰ ਕਿਹਾ ਗਿਆ ਹੈ। ਜੇ ਇਨ੍ਹਾਂ ਨੇ ਮੁਆਫ਼ੀ ਨਾ ਮੰਗੀ ਤਾਂ ਇਨ੍ਹਾਂ ਵਿਰੁੱਧ ਫ਼ੌਜਦਾਰੀ ਮੁਕੱਦਮੇ ਦਾਇਰ ਕੀਤੇ ਜਾਣਗੇ। ਐਡਵੋਕੇਟ ਦਾਹੀਆ ਨੇ ਦੱਸਿਆ ਕਿ ਫ਼ਿਰੋਜ਼ਪੁਰ ਦੇ ਪਿੰਡ ਕਟੋਰਾ ਦੇ ਕਿਸਾਨ ਬਲਰਾਜ ਸਿੰਘ, ਬੋਰਾਂਵਾਲੀ ਦੇ ਜਗਜੀਤ ਸਿੰਘ ਅਤੇ ਹੋਰਨਾਂ ਵੱਲੋਂ ਇਹ ਨੋਟਿਸ ਭੇਜੇ ਗਏ ਹਨ। ਉਨ੍ਹਾਂ ਕਿਹਾ ਕਿ ਗੁਜਰਾਤ ਦੇ ਉਪ ਮੁੱਖ ਮੰਤਰੀ ਨਿਤਿਨ ਪਟੇਲ ਨੇ 18 ਦਸੰਬਰ ਨੂੰ ਕਿਸਾਨੀ ਸੰਘਰਸ਼ ਬਾਰੇ



ਗੁਜਰਾਤ ਦੇ ਉਪ ਮੁੱਖ ਮੰਤਰੀ ਨਿਤਿਨ ਪਟੇਲ

ਕਿਹਾ ਸੀ ਕਿ ਧਰਨੇ ਵਿੱਚ ਪੀਜ਼ਾ ਪਕੌੜੇ ਮੁਫ਼ਤ ਵਿੱਚ ਕਿੱਥੋਂ ਆ ਰਹੇ ਹਨ, ਇਨ੍ਹਾਂ ਪਿੱਛੇ ਚੀਨ ਤੇ ਖ਼ਾਲਿਸਤਾਨੀਆਂ ਦੇ ਛਿਪੇ ਏਜੰਡੇ ਸ਼ਾਮਲ ਹਨ। ਭਾਜਪਾ ਦੇ ਕੌਮੀ ਸਕੱਤਰ ਰਾਮ ਮਾਧਵ ਨੇ 30 ਦਸੰਬਰ 2020 ਨੂੰ ਟਵੀਟ ਰਾਹੀਂ ਸਵਾਲ ਕੀਤਾ ਸੀ ਕਿ ਕਿਤੇ ਕਿਸਾਨਾਂ ਦੇ ਪਿੱਛੇ ਖ਼ਾਲਿਸਤਾਨ ਤਾਂ ਨਹੀਂ। ਪਾਰਲੀਮੈਂਟ ਦੇ ਮੈਂਬਰ ਤੇ ਕਲਾਕਾਰ ਰਵੀ ਕਿਸ਼ਨ ਨੇ 24 ਦਸੰਬਰ 2020 ਨੂੰ ਟਵੀਟ ਕਰ ਕੇ ਧਰਨੇ ਵਿੱਚ ਬੈਠੇ ਕਿਸਾਨਾਂ ਨੂੰ ਢੌਂਗੀ ਅਤੇ ਪਸ਼ੂ ਪਾਲਣ ਤੇ ਮੱਛੀ ਪਾਲਣ ਬਾਰੇ ਕੇਂਦਰੀ ਮੰਤਰੀ ਨੇਇੱਕ ਬਿਆਨ ਰਾਹੀਂ ਕਿਸਾਨੀ ਅੰਦੋਲਨ ਵਿੱਚ ਵਿਦੇਸ਼ੀ ਤਾਕਤਾਂ ਦੀ ਘੁਸਪੈਠ ਅਤੇ ਸ਼ਰਜੀਲ ਇਮਾਮ ਦੇ ਪੋਸਟਰ ਲਾਏ ਜਾਣ ਦੀ ਗੱਲ ਕੀਤੀ ਸੀ।

## ਸੁਪਰੀਮ ਕੋਰਟ ਦੇ ਫੈਸਲੇ ਦੀ ਪਾਲਣਾ ਨਾ ਕਰਨ ਉੱਤੇ ਹਾਈ ਕੋਰਟ ਨੂੰ ਨਾਰਾਜ਼ਗੀ

* ਜ਼ਿਲਾ ਜੱਜ ਦੀ ਯੋਗਤਾ ’ਤੇ ਸਵਾਲ ਉੱਠਿਆ

ਚੰਡੀਗੜ੍ਹ, 21 ਜਨਵਰੀ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਅਗਾਊਂ ਜ਼ਮਾਨਤ ਬਾਰੇ ਸੁਪਰੀਮ ਕੋਰਟ ਦੇ ਇੱਕ ਫੈਸਲੇ ਦੀ ਪਾਲਣਾ ਨਾ ਕਰਨ ਉਤੇ ਲੁਧਿਆਣੇ ਦੇ ਐਡੀਸ਼ਨਲ ਸੈਸ਼ਨ ਜੱਜ ਦੀ ਯੋਗਤਾ ਉੱਤੇ ਸਵਾਲ ਚੁੱਕਿਆ ਤੇ ਹੁਕਮ ਦਿੱਤਾ ਹੈ ਕਿ ਉਹ ਅਗਾਊਂ ਜ਼ਮਾਨਤ ਦੇਣ ਨਾਲ ਸਬੰਧਤ ਸੁਪਰੀਮ ਕੋਰਟ ਦੇ ਘੱਟੋ ਘੱਟ10 ਫੈਸਲਿਆਂ ਨੂੰ ਪੜ੍ਹ ਕੇ ਸੀ ਆਰ ਪੀ ਸੀ ਦੀ ਧਾਰਾ 438 ਹੇਠ ਜੱਜ ਦੇ ਅਧਿਕਾਰ ਖੇਤਰ ਦੇ ਅਭਿਆਸ ਅਤੇ ਲਿਖਤੀ ਸਾਰ ਤੀਹ ਦਿਨਾਂ ਦੇ ਅੰਦਰ ਡਾਇਰੈਕਟਰ ਜੁਡੀਸ਼ਲ ਅਕਾਦਮੀ ਦੇ ਸਾਹਮਣੇ ਰਿਪੋਰਟ ਪੇਸ਼ ਕਰੇ।

ਅਮਰਜੀਤ ਸਿੰਘ ਅਤੇ ਹੋਰ ਦੋ ਪੁਲਸ ਅਧਿਕਾਰੀਆਂ ਵੱਲੋਂ ਦਾਇਰ ਪਟੀਸ਼ਨ ’ਤੇ ਸੁਣਵਾਈ ਕਰਦੇ ਹੋਏ ਇਹ ਹੁਕਮ ਹਾਈ ਕੋਰਟ ਦੇ ਜਸਟਿਸ ਅਰਵਿੰਦ ਸਾਂਗਵਾਨ ਨੇ ਕੀਤਾ ਹੈ। ਤਿੰਨ ਪੁਲਸ ਅਫਸਰਾਂ ਨੂੰ ਹਿਰਾਸਤ ਵਿੱਚ ਕਤਲ ਕੇਸ ਵਿੱਚ ਪਿਛਲੇ 15 ਸਾਲਾਂ ਤੋਂ ਗੈਰ ਜ਼ਰੂਰੀ ਅਪਰਾਧਕ ਟਰਾਇਲ ਭੁਗਤਣਾ ਪੈ ਰਿਹਾ ਹੈ। ਐਡੀਸ਼ਨਲ ਵਧੀਕ ਸੈਸ਼ਨਜੱਜ ਨੂੰ ਇਹ ਗੱਲ ਦੱਸੀ ਗਈ ਸੀ ਕਿ ਹਿਰਾਸਤ ਵਿੱਚ ਜਿਸ ਵਿਅਕਤੀ ਦੀ ਕਤਲ ਦਾ ਦੋਸ਼ ਲੱਗਾ ਹੈ, ਉਹ ਜ਼ਿੰਦਾ ਸੀ, ਪਰ ਇਹ ਜਾਣਦੇ ਹੋਏ ਵੀ ਜੱਜ ਨੇ ਉਨ੍ਹਾਂ ਦੀ



ਅਗਾਊਂ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ। ਹਾਈ ਕੋਰਟ ਨੇ ਮੰਨਿਆ ਕਿ ਲੁਧਿਆਣਾ ਦੇ ਐਡੀਸ਼ਨਲ ਸੈਸ਼ਨ ਜੱਜ ਅਤੇ ਫਸਟ ਕਲਾਸ ਮੈਜਿਸਟਰੇਟ ਆਪਣੇ ਅਧਿਕਾਰ ਖੇਤਰ ਦੀ ਵਰਤੋਂ ਕਰਨ ਵਿੱਚ ਅਸਫਲ ਰਹੇ ਹਨ। ਹਾਈ ਕੋਰਟ ਨੇ ਕਿਹਾ ਕਿ ਇੱਕ ਮਰਿਆ ਵਿਅਕਤੀ ਜ਼ਿੰਦਾ ਮਿਲਿਆ, ਇਸ ਤੋਂ ਬਾਅਦ ਵੀ ਪਟੀਸ਼ਨਰਾਂ ਨੂੰ 15 ਸਾਲ ਲੰਬੀ ਪੀੜ ਹੇਠਲੀ ਅਦਾਲਤ ਨੇ ਦਿੱਤੀ ਹੈ। ਇਸ ਬਾਰੇ ਦਾਇਰ ਪਟੀਸ਼ਨ ਵਿੱਚ ਹਾਈ ਕੋਰਟ ਨੂੰ ਦੱਸਿਆ ਗਿਆ ਕਿ ਉਨ੍ਹਾਂ ਦੇ ਖਿਲਾਫ 2005 ਵਿੱਚ ਹਰਦੀਪ ਸਿੰਘ ਦੀ ਹਿਰਾਸਤ ਵਿੱਚ ਮੌਤ ਦਾ ਕੇਸ ਦਰਜ ਹੋਇਆ ਸੀ। ਹਰਦੀਪ ਸਿੰਘ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ ਵਿੱਚ ਫੜਿਆ ਗਿਆ ਸੀ। ਉਸ ਦੇ ਪਿਤਾ ਨਾਗੇਂਦਰ ਨੇ ਅਦਾਲਤ ਵਿੱਚ ਪਟੀਸ਼ਨ ਦਾਇਰ ਕਰ ਕੇ ਹਰਦੀਪ ਨੂੰ ਪੁਲਸ ਹਿਰਾਸਤ ਵਿੱਚ ਰੱਖਣ ਦਾ ਦੋਸ਼ ਲਾਇਆ ਸੀ। ਫਿਰ ਤਲਾਬ ਤੋਂ ਮਿਲੀ ਲਾਸ਼ ਪਛਾਣ ਹਰਦੀਪ ਦੀ ਕਹਿ ਕੇ ਨਾਗੇਂਦਰ ਨੇ ਪੁਲਸ ਅਫਸਰਾਂ ’ਤੇ ਬੇਟੇ ਦਾ ਹਿਰਾ-ਸਤ ਵਿੱਚ ਕਤਲ ਕਰਨ ਦਾ ਦੋਸ਼ ਲਾਇਆ ਸੀ।

ਤਲਾਬ ਵਿੱਚ ਮਿਲੀ ਲਾਸ਼ ਅਸਲ ਵਿੱਚ ਹਰਦੀਪ ਦੀ ਨਹੀਂ ਸੀ। ਟਰਾਇਲ ਕੋਰਟ ਨੂੰ ਵਿਦੇਸ਼ ਜਾਂਚ ਟੀਮ ਨੇ ਕਿਹਾ ਕਿ ਹਰਦੀਪ ਮਰਿਆ ਨਹੀਂ, ਪੁਲਸ ਹਿਰਾਸਤ ਵਿੱਚੋਂ ਨੱਸ ਗਿਆ ਸੀ। ਇਸ ਦੇ ਬਾਵਜੂਦ 2019 ਵਿੱਚ ਮੈਜਿਸਟਰੇਟ ਨੇ ਪਟੀਸ਼ਨਰਾਂ ਨੂੰ ਸੰਮਨ ਕੀਤਾ। ਪਟੀਸ਼ਨਰਾਂ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ। ਪੁਲਸ ਕਮਿਸ਼ਨਰ ਨੇ ਕੋਰਟ ਨੂੰ ਦੱਸਿਆ ਕਿ ਹਰਦੀਪ ਜ਼ਿੰਦਾ ਸੀ। ਹਾਈ ਕੋਰਟ ਨੇ ਟਰਾਇਲ ਕੋਰਟ ਨੂੰ ਪਟੀਸ਼ਨ ਨਿਪਟਾਉਣ ਦਾ ਹੁਕਮ ਦਿੱਤਾ ਸੀ। ਪਟੀਸ਼ਨਰਾਂ ਨੇ ਐਡੀਸ਼ਨਲ ਸੈਸ਼ਨ ਜੱਜ ਤੋਂ ਅਗਾਊਂ ਜ਼ਮਾਨਤ ਮੰਗੀ ਤਾਂ ਉਨ੍ਹਾਂ ਦੀ ਅਰਜ਼ੀ ਰੱਦ ਕਰ ਦਿੱਤੀ ਗਈ। ਉਹ ਫਿਰ ਹਾਈ ਕੋਰਟ ਗਏ ਤਾਂ ਹਾਈ ਕੋਰਟ ਨੇ ਸੰਮਨ ਰੱਦ ਕਰ ਕੇ ਕਿਹਾ ਕਿ ਟਰਾਇਲ ਕੋਰਟ ਅਧਿਕਾਰ ਖੇਤਰ ਦੀ ਵਰਤੋਂ ਕਰਨ ਤੋਂ ਅਸਫਲ ਰਹੀ ਹੈ। ਹਰਦੀਪ ਦੇ ਪਿਤਾ ਨਾਗੇਂਦਰ ਤੇ ਹੋਰਾਂ ਨੇ ਝੂਠੇ ਬਿਆਨਾਂ ਤੇ ਫਰਜ਼ੀ ਮੁਜਰਮ ਬਣਾਉਣ ਦੀ ਸਾਜ਼ਿਸ਼ ਰਚੀ ਸੀ। ਹਾਈ ਕੋਰਟ ਨੇ ਨਾਗੇਂਦਰ ਸਿੰਘ ਨੂੰ ਦੋ ਲੱਖ ਰੁਪਏ ਅਤੇ ਹੋਰ ਫਰਜ਼ੀ ਗਵਾਹਾਂ ਨੂੰ ਪੰਜਾਹ ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ, ਜਿਸ ਕਾਰਨ ਇਹ ਆਪਣੀ ਕਿਸਮ ਦਾ ਕੇਸ ਸਾਬਤ ਹੋ ਗਿਆ ਹੈ।

## ਡੇਰਾਬੱਸੀ ਵਿੱਚ ਮੁਰਗੀਆਂ ਵਿੱਚ ਬਰਡ ਫਲੂ ਫੈਲਣ ਦੀ ਪੁਸ਼ਟੀ

ਜਲੰਧਰ, 21 ਜਨਵਰੀ (ਪੋਸਟ ਬਿਊਰੋ)- ਪੰਜਾਬ ਵਿੱਚ ਪਰਵਾਸੀ ਪੰਛੀਆਂ ਤੋਂ ਬਾਅਦ ਮੁਰਗੀਆਂ ਵਿੱਚ ਬਰਡ ਫਲੂ ਦਾ ਕੇਸ ਸਾਹਮਣੇ ਆਇਆ ਹੈ। ਰੋਪੜ ਦੇ ਪਰਵਾਸੀ ਪੰਛੀਆਂ ਤੋਂ ਬਾਅਦ ਡੇਰਾਬੱਸੀ ਦੇ ਪਿੰਡ ਬੇਹਰਾ ਦੇ ਦੋ ਪੋਲਟਰੀ ਫਾਰਮਾਂ ਵਿੱਚ ਮੁਰਗੀਆਂ ਵਿੱਚ ਬਰਡ ਫਲੂ ਦੀ ਪੁਸ਼ਟੀ ਬਾਕਾਇਦਾ ਤੌਰ ਉੱਤੇ ਹੋਈ ਹੈ।



ਨਾਰਦਰਨ ਰੀਜ਼ਨਲ ਡਿਜੀਜ਼ ਡਾਇਗਨੋਸਟਿਕ ਲੈਬਾਰਟਰੀ (ਐਨ ਆਰ ਡੀ ਡੀ ਐਲ) ਦੀ ਜਾਂਚ ਦੇ ਦੌਰਾਨ ਇਨ੍ਹਾਂ ਪੋਲਟਰੀ ਫਾਰਮਾਂ ਵਿੱਚ ਬਰਡ ਫਲੂ ਹੋਣ ਦਾ ਪਤਾ ਲੱਗਾ ਹੈ। ਜਾਂਚ ਅਤੇ ਪੁਸ਼ਟੀਲਈ ਇਨ੍ਹਾਂ ਸੈਂਪਲਾਂ ਨੂੰ ਭੋਪਾਲ ਭੇਜਿਆ ਗਿਆ ਸੀ। ਐਨ ਆਰ ਡੀ ਡੀ ਐਲ ਦੇ ਮੁਖੀ ਡਾਕਟਰ ਮਹਿੰਦਰ ਪਾਲ ਸਿੰਘ ਨੇ ਦੱਸਿਆ ਕਿ ਲੈਬ ਵਿੱਚ ਆਰ ਟੀ ਪੀ ਸੀ ਆਰ ਟੈਸਟ ਕਰਨ ਤੋਂ ਬਾਅਦ ਬਰਡ ਫਲੂ ਦਾ ਸ਼ੱਕ ਪ੍ਰਗਟ ਕੀਤਾ ਗਿਆ ਸੀ। ਇਸ ਨੂੰ ਸ਼ੱਕੀ ਬਰਡ ਫਲੂ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਸੀ। ਕੱਲ੍ਹ ਨੈਸ਼ਨਲ ਇੰਸਟੀਚਿਊਟ ਆਫ ਹਾਈ ਸਕਿਓਰਿਟੀ ਐਨੀਮਲ ਡਿਜੀਜ਼ ਭੋਪਾਲ ਨੇ ਬਰਡ ਫਲੂ ਦੀ ਪੁਸ਼ਟੀ ਕਰ ਦਿੱਤੀ ਹੈ। ਲੈਬ ਰਿਪੋਰਟ ਵਿਭਾਗ ਦੇ ਡਾਇਰੈਕਟਰ ਡਾਕਟਰ ਐਚ ਐਸ ਕਾਹਲੋਂ ਰਾਹੀਂ ਵਿਭਾਗ ਦੇ ਸੈਕਟਰੀ ਵੀ ਕੇ ਜੰਜੂਆ ਅਤੇ ਸੂਬਾ ਸਰਕਾਰ ਦੀ ਪ੍ਰਮੁੱਖ ਸਕੱਤਰ ਵਿੰਨੀ ਮਹਾਜਨ ਨੂੰ ਭੇਜ ਦਿੱਤੀ ਗਈ ਹੈ। ਉਕਤ ਦੋਵਾਂ ਪੋਲਟਰੀ ਫਾਰਮਾਂ ਵਿੱਚ ਲਗਭਗ ਸਵਾ ਲੱਖ ਮੁਰਗੀਆਂ ਹਨ, ਜਿਨ੍ਹਾਂ ਬਾਰੇ ਸਰਕਾਰ ਅਗਲਾ ਫੈਸਲਾ ਕਰ ਸਕਦੀ ਹੈ।

## ਦੁਬਈ ਤੋਂ ਪਰਤੀ ਮੁਸਾਫਰ ਕੋਲੋਂ 16.30 ਲੱਖ ਦਾ ਸੋਨਾ ਮਿਲਿਆ

ਅੰਮ੍ਰਿਤਸਰ, 21 ਜਨਵਰੀ (ਪੋਸਟ ਬਿਊਰੋ)- ਰਾਜਾਸਾਂਸੀ ਏਅਰਪੋਰਟ ਉੱਤੇ ਕਸਟਮ ਕਮਿਸ਼ਨਰੇਟ ਦੀ ਟੀਮ ਨੇ ਕੱਲ੍ਹ ਦੁਬਈ ਤੋਂ ਪਰਤੀ ਇੱਕ ਮੁਸਾਫਰ ਕੋਲੋਂ 16.30 ਲੱਖ ਦੀ ਕੀਮਤ ਦਾ ਸੋਨਾ ਬਰਾਮਦ ਕੀਤਾ ਹੈ। ਇਹ ਇਸਤਰੀ ਮੁਸਾਫਰ ਸਵੇਰੇ ਛੇ ਵਜੇ ਇੰਡੀਗੋ ਦੀ ਫਲਾਈਟ ਰਾਹੀਂ ਏਥੇ ਪੁੱਜੀ ਸੀ ਤੇ ਸੋਨਾ ਸਮੱਗਲਿੰਗ ਦਾ ਯਤਨ ਕਰ ਰਹੀ ਸੀ।

ਇਸ ਬਾਰੇ ਕਸਟਮ ਵਿਭਾਗ ਦੀ ਹਵਾਈ



ਅੱਡੇ ’ਤੇ ਤੈਨਾਤ ਟੀਮ ਦੇ ਅਫਸਰ ਸਵੇਰੇ ਦੁਬਈ ਤੋਂ ਪਹੁੰਚੀ ਫਲਾਈਟ ਰਾਹੀਂ ਆਉਣ ਵਾਲੇ ਮੁਸਾਫਰਾਂ ਦੀ ਚੈਕਿੰਗ ਕਰ ਰਹੇ ਸਨ ਤਾਂ ਇਸਤਰੀ ਯਾਤਰੀ ਦੇ ਸਾਮਾਨ ਅੰਦਰੋਂ ਪੇਸਟ ਦੇ ਰੂਪ ਵਿੱਚ ਸੋਨਾ ਮਿਲਿਆ। ਇਸ ਪੇਸਟ ਦਾ ਵਜ਼ਨ ਕਰੀਬ ਸਾਢੇ ਚਾਰ ਕਿਲੋ ਨਿਕਲਿਆ, ਜਦ ਕਿ ਸੋਨੇ ਦਾ ਵਜ਼ਨ ਕਰੀਬ 321.72 ਗਰਾਮ ਦੱਸਿਆ ਗਿਆ ਹੈ। ਇਸ ਦੀ ਕੁੱਲ ਕੀਮਤ ਸਾਢੇ 16 ਲੱਖ ਮੰਨੀ ਗਈ ਹੈ। ਅਫਸਰਾਂ ਨੇ ਸੋਨਾ ਕਬਜ਼ੇ ਵਿੱਚ ਲੈ ਕੇ ਕਸਟਮ ਐਕਟ ਤਹਿਤ ਕਾਰਵਾਈ ਸ਼ੁਰੂ ਕਰ ਦਿੱਤੀ ਹੈ, ਪਰ ਇਸਤਰੀ ਮੁਸਾਫਰ ਦਾ ਨਾਂਅ ਨਹੀਂ ਦੱਸਿਆ।

## ਪੀ ਟੀ ਯੂ ਘੋਟਾਲੇ ਵਿੱਚ ਹਾਈ ਕੋਰਟ ਵੱਲੋਂ ਰਿਟ ਪਟੀਸ਼ਨ ਸਵੀਕਾਰ

* ਵਿਜੀਲੈਂਸ ਡਾਇਰੈਕਟਰ ਅਤੇ ਗ੍ਰਹਿ ਵਿਭਾਗ ਨੂੰ ਨੋਟਿਸ ਜਾਰੀ

ਜਲੰਧਰ, 21 ਜਨਵਰੀ (ਪੋਸਟ ਬਿਊਰੋ)- ਪੰਜਾਬ ਟੈਕਨੀਕਲ ਯੂਨੀਵਰਸਿਟੀ(ਪੀ ਟੀ ਯੂ) ਦੇ ਘੋਟਾਲੇ ਦਾ ਮਾਮਲਾ ਇੱਕ ਵਾਰ ਫਿਰ ਨਿਕਲ ਆਇਆ ਹੈ। ਕਰੋੜਾਂ ਰੁਪਏ ਦੇ ਇਸ ਘੋਟਾਲੇ ਵਿੱਚ ਸਾਬਕਾ ਵਾਈਸ ਚਾਂਸਲਰ ਡਾ: ਰਜਨੀਸ਼ ਅਰੋੜਾ ਨੂੰ ਵਿਜੀਲੈਂਸ ਬਿਊਰੋ ਕਲੀਨ ਚਿੱਟ ਦੇ ਚੁੱਕਾ ਹੈ।ਇਸ ਕਲੀਨ ਚਿੱਟ ਦੇ ਬਾਅਦ ਅਦਾਲਤ ਨੇ ਇਸ ਕੇਸ ਨੂੰ ਕਲੋਜ਼ ਕਰ ਦਿੱਤਾ ਸੀ, ਪਰ ਡਾਕਟਰ ਨਰਿੰਦਰ ਪਾਲ ਸਿੰਘ ਨੇ ਇਸ ਬਾਰੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਕੇ ਮੰਗ ਕੀਤੀ ਹੈ ਕਿ ਪੂਰੇ ਕੇਸ ਦੀ ਸੀ ਬੀ ਆਈ ਜਾਂਚ ਕਰਵਾਈ ਜਾਏ।

ਅਦਾਲਤ ਨੇ ਡਾਕਟਰ ਸਿੰਘ ਦੀ ਪਟੀਸ਼ਨ ਪ੍ਰਵਾਨ ਕਰ ਕੇ ਇਸ ਕੇਸ ਵਿੱਚ ਵਿਜੀਲੈਂਸ ਬਿਊਰੋ ਦੇ ਡਾਇਰੈਕਟਰ, ਗ੍ਰਹਿ ਮੰਤਰਾਲੇ, ਐਸ ਐਸ ਪੀ ਵਿਜੀਲੈਂਸ ਅਤੇ ਡਾਕਟਰ ਰਜਨੀਸ਼ ਅਰੋੜਾ ਨੂੰ ਵੀ ਨੋਟਿਸ ਜਾਰੀ ਕੀਤਾ ਹੈ। ਇਸ ਕੇਸ ਦੀ ਅਗਲੀ ਤਰੀਕ ਅਦਾਲਤ ਨੇ ਪੰਜ ਮਾਰਚ




ਮੁਕੱਰਰ ਕੀਤੀ ਗਈ ਹੈ। ਵਰਨਣ ਯੋਗ ਹੈ ਕਿ ਡਾ: ਰਜਨੀਸ਼ ਅਰੋੜਾ ’ਤੇ ਦੋਸ਼ ਲੱਗੇ ਸਨ ਕਿ ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਮਨਮਰਜ਼ੀ ਨਾਲ ਨਿਯੁਕਤੀਆਂ ਕੀਤੀਆਂ ਤੇ ਬੇਨਿਯਮੀਆਂ ਨਾਲ ਚਾਲੀ ਕਰੋੜ ਤੋਂ ਵੀ ਵੱਧ ਦਾ ਘੋਟਾਲਾ ਕੀਤਾ ਸੀ। ਇਸ ਕੇਸ ਵਿੱਚ ਵਿਜੀਲੈਂਸ ਬਿਊਰੋ ਨੇ ਡਾ: ਰਜਨੀਸ਼ ਅਰੋੜਾ ਨੂੰ ਗ੍ਰਿਫਤਾਰ ਕੀਤਾ ਸੀ, ਪਰ ਬਾਅਦ ਵਿੱਚ ਵਿਜੀਲੈਂਸ ਨੇ ਇਸ ਬਾਰੇ 72 ਸਫਿਆਂ ਦੀ ਜਾਂਚ ਰਿਪੋਰਟ ਅਦਾਲਤ ਵਿੱਚ ਤਿੰਨ ਅਗਸਤ 2020 ਨੂੰਪੇਸ਼ ਕੀਤੀ ਸੀ। ਇਸ ਮਾਮਲੇ ਵਿੱਚ ਅਰੋੜਾ ਤਕਰੀਬਨ 84 ਦਿਨ ਜੇਲ੍ਹ ਵਿੱਚ ਵੀ ਰਹੇ ਸਨ। ਵਿਜੀਲੈਂਸ ਦੀ ਜਾਂਚ ਰਿਪੋਰਟ ਦੇ ਬਾਅਦ ਅਦਾਲਤ ਨੇ ਇਹ ਕੇਸ ਨੂੰ ਰੱਦ ਕਰ ਦਿੱਤਾ ਸੀ। ਕੱਲ੍ਹ ਇੱਕ ਵਾਰ ਫਿਰ ਇਸ ਕੇਸ ਵਿੱਚ ਨਵਾਂ ਮੋੜ ਆਇਆ, ਜਦ ਡਾ: ਨਰਿੰਦਰ ਪਾਲ ਸਿੰਘ ਨੇ ਇਸ ਨੂੰ ਦੋਬਾਰਾ ਓਪਨ ਕਰ ਕੇ ਜਾਂਚ ਸੀ ਬੀ ਆਈ ਨੂੰ ਸੌਂਪਣ ਦੀ ਮੰਗ ਕੀਤੀ ਹੈ। ਅਦਾਲਤ ਨੇ ਇਸ ਰਿੱਟ ਪਟੀਸ਼ਨ ਨੂੰ ਪ੍ਰਵਾਨ ਕਰ ਕੇ ਸਬੰਧਤ ਲੋਕਾਂ ਨੂੰ ਨੋਟਿਸ ਜਾਰੀ ਕੀਤਾ ਹੈ।

## ਬਰਡ ਫਲੂ ਦੇ ਸ਼ੱਕ ਕਾਰਨ ਮੁਰਗੀਆਂ ਨੂੰ ਮਾਰਨ ’ਤੇ ਹਾਈ ਕੋਰਟ ਵੱਲੋਂ ਰੋਕ

ਚੰਡੀਗੜ੍ਹ, 21 ਜਨਵਰੀ (ਪੋਸਟ ਬਿਊਰੋ)- ਬਰਡ ਫ਼ਲੂ ਫੈਲਣ ਦੇ ਸ਼ੱਕ ਕਾਰਨ ਹਰਿਆਣਾ ਪੰਚਕੂਲਾ ਜ਼ਿਲ੍ਹੇ ਦੇ ਬਰਵਾਲਾ ਖੇਤਰ ਵਿੱਚ ਸਰਕਾਰੀ ਵਿਭਾਗ ਵੱਲੋਂ ਪੋਲਟਰੀ ਫ਼ਾਰਮਾਂ ਦੀਆਂ ਹਜ਼ਾਰਾਂ ਮੁਰਗੀਆਂ ਮਾਰ ਦੇਣ ਕਰ ਕੇ ਪੋਲਟਰੀ ਫ਼ਾਰਮਰਜ਼ ਐਸੋਸੀਏਸ਼ਨ ਦੀ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਜਸਟਿਸ ਮਹਾਵੀਰ ਸਿੰਘ ਸਿੱਧੂ ਦੀ ਬੈਂਚ ਨੇ ਮੁਰਗੀਆਂ ਮਾਰਨ ਦੀ ਕਾਰਵਾਈ ’ਤੇ ਰੋਕ ਲਾ ਕੇ ਕੇਂਦਰ ਤੇ ਹਰਿਆਣਾ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗ ਲਿਆ ਹੈ।

ਪੋਲਟਰੀ ਫ਼ਾਰਮਰਜ਼ ਐਸੋਸੀਏਸ਼ਨ ਨੇ ਐਡਵੋਕੇਟ ਆਸ਼ੀਸ਼ ਚੋਪੜਾ ਰਾਹੀਂ ਪੇਸ਼ ਕੀਤੀ ਪਟੀਸ਼ਨ ’ਚ ਦੋਸ਼ ਲਾਇਆ ਹੈ ਕਿ ਬਰਡ ਫ਼ਲੂ ਦੇ ਸ਼ੱਕ ਕਾਰਨ ਪਸ਼ੂ ਪਾਲਣ ਵਿਭਾਗ ਨੇ ਬਰਵਾਲਾ ਵਿੱਚ ਸਿੱਧਾਰਥ ਪੋਲਟਰੀ ਫ਼ਾਰਮ ਨੂੰ ਐਪੀਸੈਂਟਰ ਬਣਾਇਆ ਅਤੇ ਇਸਦੇ ਇੱਕ ਕਿਲੋਮੀਟਰ ਘੇਰੇਵਿੱਚ ਪੈਂਦੇ ਨਰਿੰਦਰ ਪੋਲਟਰੀ



ਫ਼ਾਰਮ ਨੂੰ ਅਲਰਟ ਜ਼ੋਨ ਐਲਾਨ ਦਿੱਤਾ ਸੀ ਤੇ ਬਗ਼ੈਰ ਨੋਟਿਸ ਦਿੱਤੇ ਮੁਰਗੀਆਂ ਮਾਰ ਦਿੱਤੀਆਂ ਹਨ। ਇਸ ਪਟੀਸ਼ਨ ਵਿੱਚ ਕਿਹਾ ਗਿਆ ਕਿ ਇਸ ਮੌਖੇ ਇਹ ਨਹੀਂ ਵੇਖਿਆ ਗਿਆ ਕਿ ਮੁਰਗੀਆਂ ਬਰਡ ਫ਼ਲੂ ਤੋਂ ਪੀੜਤ ਸਨ ਜਾਂ ਨਹੀਂ। ਹਾਈਕੋਰਟ ਨੂੰ ਦੱਸਿਆ ਗਿਆ ਕਿ ਹਰਿਆਣਾ ਸਰਕਾਰ ਨੇ ਇੱਕ ਤਜਵੀਜ਼ ਬਣਾਈ ਸੀ ਕਿ ਬਰਡ ਫ਼ਲੂ ਦੀ ਰੋਕਥਾਮ ਲਈ ਟੀਕਾਕਰਨ ਅਤੇ ਹੋਰ ਵਸੀਲੇ ਵਰਤੇ ਜਾਣਗੇ ਪਰ ਫ਼ਲੂ ਦੇ ਸ਼ੰਕੇ ਕਾਰਨ ਬਰਵਾਲਾ ਖੇਤਰ ਵਿੱਚ ਸਿੱਧੇ ਤੌਰ ’ਤੇ ਮੁਰਗੀਆਂ ਮਾਰਨ ਦਾ ਕੰਮ ਕੀਤਾ ਜਾਣ ਲੱਗਾ। ਮੁਰਗੀਆਂ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ ਕਿ ਕੀ ਉਹ ਬਰਡ ਫ਼ਲੂ ਨਾਲ ਪੀੜਤ ਵੀ ਹਨ ਜਾਂ ਨਹੀਂ ਤੇ ਫ਼ਲੂ ਦੀ ਰੋਕਥਾਮ ਲਈ ਟੀਕਾਕਰਨ ਕੀਤਾ ਜਾਣਾ ਚਾਹੀਦਾ ਹੈ ਪਰ ਮੁਰਗੀਆਂ ਮਾਰਨ ਨਾਲ ਪੋਲਟਰੀ ਫ਼ਾਰਮ ਮਾਲਕਾਂ ਨੂੰ ਨੁਕਸਾਨ ਹੋ ਰਿਹਾ ਹੈ। ਇਸ ਤਰ੍ਹਾਂ ਮੁਰਗੀਆਂ ਮਾਰਨ ਦਾ ਮੁਆਵਜ਼ਾ ਦੇਣ ਦੀ ਤਜਵੀਜ਼ ਵੀ ਹੈ, ਪਰ ਖ਼ਬਰਾਂ ਤੋਂ ਪਤਾ ਲੱਗਾ ਹੈ ਕਿ ਇੱਕ ਮੁਰਗੀ ਪਿੱਛੇ 90 ਰੁਪਏ ਦਿੱਤੇ ਜਾਣੇ ਹਨ, ਜਦੋਂ ਕਿ ਮੁਰਗੀਆਂ ਪਾਲਣ ’ਤੇ ਫ਼ਾਰਮ ਮਾਲਕਾਂ ਦਾ ਖਰਚ ਵਧੇਰੇ ਆਉਂਦਾ ਹੈ। ਇਹ ਮੰਗ ਕੀਤੀ ਗਈ ਹੈ ਕਿ ਮੁਰਗੀਆਂ, ਦਵਾਈਆਂ ਤੇ ਖੁਰਾਕ ਦੇ ਬਦਲੇ ਘੱਟੋ ਘੱਟ 450 ਰੁਪਏ ਪ੍ਰਤੀ ਮੁਰਗੀ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ। ਹਾਈਕੋਰਟ ਨੇ ਪਟੀਸ਼ਨ ’ਤੇ ਸੁਣਵਾਈ ਦੇ ਬਾਅਦ ਕਿਹਾ ਹੈ ਕਿ ਪਟੀਸ਼ਨਰ ਸੰਸਥਾ ਦੇ ਵਕੀਲ ਦੇ ਮੁਤਾਬਕ ਤਜਵੀਜ਼ ਹੈ ਕਿ ਮੁਰਗੀਆਂ ਮਾਰਨ ਵੇਲੇ ਮੌਕੇ ’ਤੇ ਮੁਆਵਜ਼ਾ ਦੇਣਾ ਚਾਹੀਦਾ ਹੈ ਪਰ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ। ਹਾਈ ਕੋਰਟ ਨੇ ਨੋਟਿਸ ਜਾਰੀ ਕਰਦਿਆਂ ਅਗਲੇ ਹੁਕਮ ਤੱਕ ਕਾਰਵਾਈ ’ਤੇ ਰੋਕ ਲਾ ਦਿੱਤੀ ਹੈ।

## ਜਲੰਧਰ ਨੇੜੇ ਪਿੰਡ ’ਚ ਤੇਜ਼ਧਾਰ ਹਥਿਆਰਾਂ ਨਾਲ ਬਜ਼ੁਰਗ ਦਾ ਕਤਲ

ਜਲੰਧਰ, 21 ਜਨਵਰੀ (ਪੋਸਟ ਬਿਊਰੋ)- ਨੇਵਲੇ ਪਿੰਡ ਨੌਗੱਜਾ ਵਿੱਚ ਅਣਪਛਾਤੇ ਵਿਅਕਤੀਆਂ ਨੇ ਤੇਜ਼ਧਾਰ ਹਥਿਆਰਾਂ ਨਾਲ ਬਜ਼ੁਰਗ ਦੀ ਹੱਤਿਆ ਕਰ ਦਿੱਤੀ ਹੈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਸੇਵਾ ਸਿੰਘ ਪੁੱਤਰ ਭਗਤ ਸਿੰਘ ਪਿੰਡ ਨੌਗੱਜਾ ਕੱਲ੍ਹ ਸ਼ਾਮ ਰੋਜ਼ ਵਾਂਗ ਪਸ਼ੂਆਂ ਦਾ ਚਾਰਾ ਲੈਣ ਲਈ ਆਪਣੇ ਖੇਤਾਂ ਵਿੱਚ ਗਿਆ ਥਾਂ ਕਾਫੀ ਸਮੇਂ ਤੱਕ ਵਾਪਸ ਘਰ ਨਹੀਂ ਆਇਆ। ਪਰਵਾਰਕ ਜੀਆਂ ਨੇ ਉਸ ਦੀ ਤਲਾਸ਼ ਸ਼ੁਰੂ ਕੀਤੀ ਤਾਂ ਜਦ ਉਹ ਖੇਤ ਪਹੁੰਚੇ, ਬਜ਼ੁਰਗ ਦਾ ਸਾਈਕਲ, ਜਿਸ ’ਤੇ ਚਾਰਾ ਪਿਆ ਸੀ, ਇੱਕ ਪਾਸੇ ਡਿਗਿਆ ਪਿਆ ਸੀ ਅਤੇ ਨੇੜੇ ਸੇਵਾ ਸਿੰਘ ਦੀ ਖ਼ੂਨ ਨਾਲ ਲਥਪਥ ਲਾਸ਼ ਪਈ ਸੀ। ਬਜ਼ੁਰਗ ਨੂੰ ਤੇਜ਼ਧਾਰ ਹਥਿਆਰਾਂ ਨਾਲ ਕਤਲ ਕੀਤਾ ਗਿਆ ਸੀ। ਉਸ ਦੇ ਸਿਰ ਅਤੇ ਗਰਦਨ ਉਤੇ ਡੂੰਘੇ ਜ਼ਖਮ ਸਨ। ਘਟਨਾ ਦੀ ਸੂਚਨਾ ਮਿਲਣ ਉੱਤੇ ਐਸ ਪੀ (ਡੀ) ਮਨਦੀਪ ਸਿੰਘ ਅਤੇ ਹੋਰ ਅਧਿਕਾਰੀ ਘਟਨਾ ਵਾਲੀ ਥਾਂ ਪਹੁੰਚੇ ਅਤੇ ਜਾਂਚ ਸ਼ੁਰੂ ਕਰਵਾਈ, ਪਰ ਕਾਤਲਾਂ ਦਾ ਪਤਾ ਨਹੀਂ ਲੱਗ ਸਕਿਆ।

## ਔਰਤ ਨੂੰ ਲੁੱਟਣ ਲੱਗਾ ਦੋਸ਼ੀ ਲੋਕਾਂ ਨੇ ਫੜ ਕੇ ਪੁਲਸ ਹਵਾਲੇ ਕੀਤਾ

ਜਲੰਧਰ, 21 ਜਨਵਰੀ (ਪੋਸਟ ਬਿਊਰੋ)- ਇਸ ਸ਼ਹਿਰ ਦੇ ਮਾਡਲ ਟਾਊਨ ਵਿਖੇ ਦੋ ਮੋਟਰਸਾਈਕਲ ਸਵਾਰ ਲੁਟੇਰਿਆਂ ਨੇ ਇੱਕ ਬਜ਼ੁਰਗ ਔਰਤ ਨੂੰ ਲੁੱਟਣ ਦੀ ਕੋਸ਼ਿਸ਼ ਕੀਤੀ ਤਾਂ ਓਥੇ ਮੌਜੂਦ ਲੋਕਾਂ ਨੇ ਇੱਕ ਦੋਸ਼ੀ ਫੜ ਕੇ ਥਾਣਾ ਛੇ ਦੀ ਪੁਲਸ ਦੇ ਹਵਾਲੇ ਕਰ ਦਿੱਤਾ, ਜਦਕਿ ਉਸਦਾ ਇੱਕ ਸਾਥੀ ਫਰਾਰ ਹੋ ਗਿਆ। ਪੁਲਸ ਨੇ ਕੇਸ ਦਰਜ ਕਰ ਲਿਆ ਹੈ। ਥਾਣਾ ਛੇ ਦੇ ਮੁੱਖੀ ਇੰਸਪੈਕਟਰ ਸੁਰਜੀਤ ਸਿੰਘ ਨੇ ਦੱਸਿਆ ਕਿ ਦੋਸ਼ੀ ਦੀ ਪਛਾਮੋਹਮੰਦ ਨਿਵਾਸੀ ਪਿੰਡ ਸਰੀਂਹ, ਥਾਣਾ ਸਦਰ ਨਕੋਦਰ ਅਤੇ ਉਸ ਦੇ ਫਰਾਰ ਸਾਥੀ ਦੀ ਪਛਾਣ ਚਮਕੌਰ ਸਿੰਘ ਪਿੰਡ ਧੁਗੜ ਮਹਿਤਪੁਰ ਵਜੋਂ ਹੋਈ ਹੈ। ਸੁਰਜੀਤ ਸਿੰਘ ਨੇ ਦੱਸਿਆ ਕਿ ਦੋਸ਼ੀ ਨੇ ਆਪਣੇ ਸਾਥੀ ਸਮੇਤ ਮਾਡਲ ਟਾਊਨ ਵਿਖੇ ਔਰਤ ਨੂੰ ਲੁੱਟਣ ਦੀ ਕੋਸ਼ਿਸ਼ ਕੀਤੀ ਸੀ।

## ਬਲਾਤਕਾਰ ਦਾ ਵਿਰੋਧ ਕਰਨ ਉਤੇ ਬਿਊਟੀ ਪਾਰਲਰ ਵਾਲੀ ਲੜਕੀ ਦਾ ਕਤਲ

ਮੋਗਾ, 21 ਜਨਵਰੀ (ਪੋਸਟ ਬਿਊਰੋ)- ਪਿੰਡ ਦੁੱਨੇਕੇ ਵਿੱਚ ਕਿਰ-ਾਏ ਦੇ ਮਕਾਨ ’ਚ ਰਹਿੰਦੀ ਬਿਊਟੀ ਪਾਰਲਰ ਸੰਚਾਲਿਕਾ ਅਮਨਦੀਪ ਕੌਰ ਦਾ ਉਸ ਦੇ ਗੁਆਂਢ ’ਚ ਰਹਿੰਦੇ ਇੱਕ ਪ੍ਰਵਾਸੀ ਲੜਕੇ ਨੇਬਲਾਤਕਾਰ ਦਾ ਵਿਰੋਧ ਕਰਨ ’ਤੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਹੈ। ਇਸ ਦੀ ਜਾਣਕਾਰੀ ਮਿਲਣ ਉਤੇ ਡੀ ਐਸ ਪੀ ਸਿਟੀ ਰਮਨਦੀਪ ਸਿੰਘ ਭੁੱਲਰਘਟਨਾ ਸਥਾਨ ’ਤੇ ਪੁੱਜੇ ਅਤੇ ਇਸ ਕੇਸ ਦੀ ਜਾਂਚ ਸ਼ੁਰੂ ਕਰਵਾਈ ਹੈ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਮ੍ਰਿਤਕਾ ਦੀ ਮਾਤਾ ਕੁਲਦੀਪ ਕੌਰ ਪਿੰਡ ਸਿੰਘਾਂਵਾਲਾ ਨੇ ਦੱਸਿਆ ਹੈ ਕਿ ਉਹ ਮਿਹਨਤ ਮਜ਼ਦੂਰੀ ਕਰਦੇ ਹਨ, ਉਸਦੀ ਲੜਕੀ ਅਮਨਦੀਪ ਕੌਰ ਦਾ ਵਿਆਹ ਛੇ ਸਾਲ ਪਹਿਲਾਂ ਬਲਵੀਰ ਸਿੰਘ ਨਿਵਾਸੀ ਜਗਰਾਉਂ ਨਾਲ



ਹੋਇਆ ਸੀ, ਜਿਸ ਦੀ ਇੱਕ ਚਾਰ ਸਾਲਾ ਬੇਟੀ ਹੈ। ਲੱਗਭਗ ਛੇ ਮਹੀਨੇ ਪਹਿਲਾਂ ਅਮਨਦੀਪ ਦਾ ਆਪਣੇ ਪਤੀ ਨਾਲ ਤਲਾਕ ਹੋ ਗਿਆ, ਜਿਸ ’ਤੇ ਉਹ ਸਾਡੇ ਕੋਲ ਰਹਿਣ ਲੱਗੀ। ਉਸ ਨੇ ਕਿਹਾ ਕਿ ਲੱਗਭਗ ਢਾਈ ਮਹੀਨੇ ਪਹਿਲਾਂ ਅਮਨਦੀਪ ਕੌਰ ਨੇ ਪੱਟੀ ਵਾਲੀ ਗਲੀ ਮੋਗਾ ਵਿੱਚ ਸਲੂਨ ਉਤੇ ਕੰਮ ਕਰਨਾ ਸ਼ੁਰੂ ਕੀਤਾ ਅਤੇ ਉਹ ਕੁਝ ਦਿਨਾਂ ਤੋਂ ਪਿੰਡ ਦੁੱਨੇਕੇ ਵਿੱਚ ਮੁਲਖ ਰਾਜ ਦੇ ਕਮਰੇ ਵਿੱਚ ਕਿਰਾਏ ’ਤੇ ਰਹਿੰਦੀ ਸੀ ਅਤੇ ਉਥੇ ਹੋਰ ਵੀ ਕਈ ਲੋਕ ਰਹਿੰਦੇ ਸਨ। ਕੱਲ੍ਹ ਰਾਤ ਮੈਂ ਆਪਣੀ ਬੇਟੀ ਨੂੰ ਮਿਲਣ ਲਈ ਆਈ ਤਾਂ ਸਵੇਰੇ ਚਾਰ ਵਜੇ ਦੇ ਕਰੀਬ ਜਦ ਮੈਂ ਬਾਥਰੂਮ ਲਈ ਕਮਰੇ ਤੋਂ ਬਾਹਰ ਆਈ ਤਾਂ ਦੇਖਿਆ ਕਿ ਮੇਰੀ ਬੇਟੀ ਦਾ ਕਮਰਾ ਅੰਦਰੋਂ ਬੰਦ ਸੀ ਤੇ ਚੀਕਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਮੈਂ ਅੰਦਰ ਝਾਕ ਕੇ ਦੇਖਿਆ ਤਾਂ ਇੱਕ ਲੜਕਾ ਉਸ ਨਾਲ ਬਲਾਤਕਾਰ ਦਾ ਯਤਨ ਕਰ ਰਿਹਾ ਸੀ ਅਤੇ ਅਮਨਦੀਪ ਉਸਦੀ ਵਿਰੋਧਤਾ ਕਰ ਰਹੀ ਸੀ। ਮੇਰੇ ਦੇਖਦੇ ਹੀ ਦੋਸ਼ੀ ਲੜਕੇ ਨੇ ਉਸ ਦੀ ਗਰਦਨ ਦਬਾਈ ਅਤੇ ਤੇਜ਼ਧਾਰ ਚਾਕੂ ਨਾਲ ਉਸਦਾ ਗਲਾ ਕੱਟ ਕੇ ਦਰਵਾਜ਼ਾ ਖੋਲ੍ਹ ਕੇ ਭੱਜ ਗਿਆ। ਲੋਕ ਇਕੱਠੇ ਹੋ ਏ ਬਾਅਦ ਵਿੱਚ ਮੈਨੂੰ ਪਤਾ ਲੱਗਾ ਕਿ ਦੋਸ਼ੀ ਉਥੇ ਹੀ ਰਹਿੰਦਾ ਹੈ, ਜਿਸਦਾ ਨਾਮ ਸੰਜੀਤ ਰਾਮ ਪੁੱਤਰ ਚੰਦੇਸ਼ਵਰ ਰਾਮ ਵਾਸੀ ਗੋਬਿੰਦਪੁਰ ਵੈਸ਼ਾਲੀ (ਹਾਜੀਪੁਰ, ਬਿਹਾਰ) ਹੈ।

## ਡੇਅਰੀ ਫਾਰਮ ਮਾਲਕ ਦੇ ਪੇਟ ’ਚ ਤਰੰਗਲੀ ਮਾਰ ਕੇ ਕਤਲ

ਗੁਰੂ ਹਰਸਹਾਇ (ਫਿਰੋਜ਼ਪੁਰ), 21 ਜਨਵਰੀ (ਪੋਸਟ ਬਿਊਰੋ)- ਗੁਰੂ ਹਰਸਹਾਇ ਦੇ ਇੰਪੀਰੀਅਲ ਇਨਕਲੇਵ ਦੀ ਬਸਤੀ ਕਰਮ ਸਿੰਘ ਵਾਲੀ ਵਿੱਚ ਦੁੱਧ ਦੀ ਡੇਅਰੀ ਦੇ ਮਾਲਕ ਦੀ ਹੱਤਿਆ ਕਰ ਦਿੱਤੀ ਗਈ ਹੈ। ਹਮਲਾਵਰਾਂ ਨੇ ਬਜ਼ੁਰਗ ਦੇ ਸਿਰ, ਨੱਕ, ਮੋਢਿਆਂ ਅਤੇ ਪੈਰਾਂ ’ਤੇ ਸੱਬਲ ਅਤੇ ਪੇਟ ਵਿੱਚ ਤੂੜੀ ਵਾਲੀ ਤਰੰਗਲੀ ਨਾਲ ਵਾਰ ਕੀਤੇ। ਇਸ ਕਾਰਨ ਬਜ਼ੁਰਗ ਦੀ ਨੱਕ ਦੀ ਹੱਡੀ ਟੁੱਟ ਗਈ। ਲੋਕਾਂ ਨੇ ਕਿਹਾ ਕਿ ਡੇਅਰੀ ਵਿੱਚ ਪਸ਼ੂ ਚੋਰੀ ਕਰਨ ਆਏ ਕਾਤਲਾਂ ਦਾ ਬਜ਼ੁਰਗ ਨੇ ਵਿਰੋਧ ਕੀਤਾ ਤਾਂ ਉਸ ਦੀ ਹੱਤਿਆ ਕਰ ਦਿੱਤੀ ਗਈ ਹੈ। ਕਾਤਲ ਇੱਕ ਮੱਝ, ਕੱਟਾ ਤੇ ਬਜ਼ੁਰਗ ਦੀ ਬਾਈਕ ਲੈ ਕੇ ਫਰਾਰ ਹੋ ਗਏ। ਘਟਨਾ ਸਥਾਨ ਤੋਂ ਕੁਝ ਦੂਰੀ ’ਤੇ ਜਾ ਕੇ ਬਾਈਕ ਦਾ ਤੇਲ ਖਤਮ ਹੋ ਜਾਣ ’ਤੇ





ਦੋਸ਼ੀ ਬਾਈਕ ਨੂੰ ਉਥੇ ਛੱਡ ਗਏ। ਕੁਝ ਦੂਰ ਕੱਟਾ ਮਿਲ ਗਿਆ। ਥਾਣਾ ਗੁਰੂ ਹਰਸਹਾਇ ਪੁਲਸ ਨੇ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ।

ਬਜ਼ੁਰਗ ਦਾ ਬੇਰਹਿਮੀ ਨਾਲ ਕਤਲ ’ਤੇ ਪਰਵਾਰ ਅਤੇ ਮੁਹੱਲਾ ਵਾਸੀਆਂ ਨੇਵੱਡੇ ਰੋਸਕਾਰਨ ਉਸ ਦੀ ਲਾਸ਼ ਗੁਰੂ ਹਰਸਹਾਇ ਦੇ ਮੇਨ ਫਰੀਦਕੋਟ ਬਾਈਪਾਸ ਰੋਡ ’ਤੇ ਡੇਅਰੀ ਫਾਰਮ ਅੱਗੇ ਰੱਖ ਕੇ ਜਾਮ ਲਾ ਦਿੱਤਾ। ਵਿਖਾਵਾਕਾਰੀਆਂ ਦਾ ਕਹਿਣਾ ਸੀ ਕਿ ਪਹਿਲਾਂ ਦੋਸ਼ੀਆਂ ਦੀ ਗ੍ਰਿਫਤਾਰੀ ਕੀਤੀ ਜਾਏ, ਉਸ ਦੇ ਬਾਅਦ ਲਾਸ਼ ਦਾ ਪੋਸਟਮਾਰਟਮ ਅਤੇ ਸੰਸਕਾਰ ਹੋਵੇਗਾ। ਪੁਲਸ ਨੇ ਭਰੋਸਾ ਦਿੱਤਾ ਕਿ ਦੋਸ਼ੀਆਂ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਏਗਾ।



# ਜਾਅਲੀ ਬਾਬਿਆਂ ਦੇ ਵਿਰੁੱਧ ਅਸੀਂ ਕੁਝ ਨਹੀਂ ਕਰ ਸਕਦੇ, ਸਰਕਾਰ ਕੋਲ ਜਾਓ: ਸੁਪਰੀਮ ਕੋਰਟ



ਨਵੀਂ ਦਿੱਲੀ, 21 ਜਨਵਰੀ (ਪੋਸਟ ਬਿਊਰੋ)- ਭਾਰਤ ਵਿੱਚ ਫੈਲੇ ਫਰਜ਼ੀ ਬਾਬਿਆਂ ਵਿਰੁੱਧ ਕਾਰਵਾਈ ਦੀ ਮੰਗ ਦੇ ਲਈ ਸੁਪਰੀਮ ਕੋਰਟ ਵਿੱਚ ਦਾਇਰ ਹੋਈ ਇੱਕ ਪਟੀਸ਼ਨ ਕੱਲ੍ਹ ਸੁਣਵਾਈ ਲਈ ਆਈ ਤਾਂ ਅਦਾਲਤ ਨੇ ਸੁਣਵਾਈ ਕਰਨ ਜਾਂ ਕੋਈ ਹੁਕਮ ਦੇਣ ਤੋਂ ਨਾਂਹ ਕਰ ਕੇ ਪਟੀਸ਼ਨਰ ਨੂੰ ਆਪਣੀ ਮੰਗ ਕੇਂਦਰ ਸਰਕਾਰ ਅੱਗੇ ਰੱਖਣ ਨੂੰ ਕਿਹਾ। ਕੇਂਦਰ ਵੱਲੋਂ ਪੇਸ਼ ਹੋਏ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਵੀ ਇਸ ਪਟੀਸ਼ਨ ਦਾ ਵਿਰੋਧ ਕੀਤਾ।

ਕੱਲ੍ਹ ਇਸ ਪਟੀਸ਼ਨ ’ਤੇ ਸੁਣਵਾਈ ਸ਼ੁਰੂ ਹੁੰਦੇ ਸਾਰ ਚੀਫ ਜਸਟਿਸ ਐਸ ਏ ਬੋਬੜੇ ਨੇ ਕਿਹਾ ਕਿ ਅਦਾਲਤ ਇਸ ਬਾਰੇ ਕੀ ਕਰੇਗੀ? ਇਸ ’ਤੇ ਪਟੀਸ਼ਨਰ ਦੇ ਵਕੀਲ ਨੇ ਕਿਹਾ ਕਿ ਅਦਾਲਤ ਸਰਕਾਰ ਨੂੰ ਇਸ ਬਾਰੇ ਹੁਕਮ ਦੇਵੇ। ਉਨ੍ਹਾਂ ਕਿਹਾ ਕਿ ਸਰਬ ਭਾਰਤੀ ਅਖਾੜਾ ਕੌਂਸਲ ਨੇ ਅਜਿਹੇ ਫਰਜ਼ੀ ਬਾਬਿਆਂ ਦੀ ਇੱਕ ਸੂਚੀ ਬਣਾਈ ਹੈ, ਉਸ ਮੁਤਾਬਕ ਫਰਜ਼ੀ ਬਾਬਿਆਂ ਅਤੇ ਅਧਿਆਤਮਕ ਗੁਰੂਆਂ ਦੇ ਆਸ਼ਰਮ ਬੰਦ ਕਰਾਏ ਜਾਣ। ਇਸ ਉੱਤੇ ਚੀਫ ਜਸਟਿਸ ਬੋਬੜੇ ਨੇ ਪੁੱਛਿਆ ਕਿ ਅਦਾਲਤ ਕਿਵੇਂ ਤੈਅ ਕਰੇਗੀ ਕਿ ਫਲਾਣਾ ਬਾਬਾ ਫਰਜ਼ੀ ਹੈ ਅਤੇ ਫਲਾਣਾ ਫਰਜ਼ੀ ਨਹੀਂ। ਅਸੀਂ ਨਹੀਂ ਜਾਣਦੇ ਕਿ ਸਰਬ ਭਾਰਤੀ ਅਖਾੜਾ ਕੌਂਸਲ ਕੀ ਹੈ? ਅਸੀਂ ਕਿਸੇ ਅਖਾੜੇ ਦਾ ਅਨਾਦਰ ਨਹੀਂ ਕਰ ਰਹੇ। ਕੀ ਇਹ ਸੂਚੀ ਬਣਾਉਣ ਵੇਲੇ ਉਨ੍ਹਾ ਬਾਬਿਆਂ ਦਾ ਪੱਖ ਸੁਣਿਆ ਗਿਆ ਸੀ, ਅਸੀਂ ਨਹੀਂ ਜਾਣਦੇ। ਇਹ ਕਿਸੇ ਠੇਕੇਦਾਰ ਦੀ ਸੂਚੀ ਨਹੀਂ ਹੈ ਕਿ ਉਸ ਨੂੰ ਬਲੈਕਲਿਸਟ ਕੀਤਾ ਜਾਵੇ। ਪਟੀਸ਼ਨਰ ਦੇ ਵਕੀਲ ਨੇ ਗੁਰਮੀਤ ਰਾਮ ਰਹੀਮ ਦੇ ਹਵਾਲੇ ਨਾਲ ਕਿਹਾ ਕਿ ਕਈ ਬਾਬੇ ਭਗੌੜੇ ਹਨ। ਚੀਫ ਜਸਟਿਸ ਬੋਬੜੇ ਨੇ ਕਿਹਾ ਕਿ ਅਸੀਂ ਸੂਚੀ ਕਿਵੇਂ ਮੰਨ ਲਈਏ? ਤੁਸੀਂ ਕੇਂਦਰ ਸਰਕਾਰ ਕੋਲ ਆਪਣੀ ਗੱਲ ਰੱਖੋ। ਜੇ ਕੇਂਦਰ ਨੂੰ ਤੁਹਾਡੀ ਮੰਗ ਜਾਇਜ਼ ਲੱਗੇ ਤਾਂ ਉਹ ਕਦਮ ਚੁੱਕੇਗਾ। ਅਸੀਂ ਇਸ ਵਿੱਚ ਕੁਝ ਨਹੀਂ ਕਰ ਸਕਦੇ। ਇਸ ਲਈ ਅਸੀਂ ਇਸ ਬਾਰੇ ਕੋਈ ਹੁਕਮ ਨਹੀਂ ਦਿਆਂਗੇ। ਉਸ ਤੋਂ ਬਾਅਦ ਪਟੀਸ਼ਨਰ ਦੇ ਵਕੀਲ ਨੇ ਪਟੀਸ਼ਨ ਵਾਪਸ ਲੈ ਲਈ।

# 144 ਸਾਲਾਂ ਤੋਂ ਰੇਟ ਤੈਅ ਕਰਨ ਵਾਲਾ ਲੰਡਨ ਮੈਟਲ ਐਕਸਚੇਂਜ ਦਾ ਹਾਲ ਬੰਦ ਹੋਣ ਲੱਗਾ



ਮੁੰਬਈ, 21 ਜਨਵਰੀ (ਪੋਸਟ ਬਿਊਰੋ)- ਦੁਨੀਆ ਭਰ ’ਚ ਮੈਟਲ ਦੇ ਬੈਂਚਮਾਰਕ ਰੇਟ ਤੈਅ ਕਰਨ ਵਾਲਾ ਲੰਡਨ ਮੈਟਲ ਐਕਸਚੇਂਜ (ਐਲ ਐਮ ਈ) ਦਾ ਓਪਨ ਟ੍ਰੇਡਿੰਗ ਫਲੋਰ ‘ਦਿ ਰਿੰਗ’ ਪੱਕਾ ਬੰਦ ਹੋਣ ਲੱਗਾ ਹੈ।

ਪਿਛਲੇ 144 ਸਾਲਾਂ ਤੋਂ ਇਸ ਹਾਲ ਵਿੱਚ ਤਾਂਬਾ, ਜ਼ਿੰਕ ਅਤੇ ਐਲੂਮਿਨੀਅਮ ਆਦਿ ਮੈਟਲਾਂ ਦੇ ਰੇਟ ਤੈਅ ਹੁੰਦੇ ਰਹੇ ਤੇ ਇਹ ਦੁਨੀਆ ਵਿੱਚ ਆਪਣੀ ਕਿਸਮ ਦਾ ਇਕੱਲਾ ਟ੍ਰੇਡਿੰਗ ਫਲੋਰ ਸੀ, ਜਿੱਥੇ ਆਹਮੋ-ਸਾਹਮਣੇ ਰੌਲਾ ਪਾ ਕੇ ਹੱਥਾਂ ਦੇ ਇਸ਼ਾਰੇ ਨਾਲ ਸੌਦੇ ਕੀਤੇ ਜਾਂਦੇ ਸਨ।ਐਕਸਚੇਂਜ ਦੇ ਇਸ ਟ੍ਰੇਡਿੰਗ ਹਾਲ ਦੀ ਸਥਾਪਨਾ 1877 ਵਿੱਚ ਹੋਈ ਸੀ। ਉਦੋਂ ਤੋਂ ਇਥੇ ਟ੍ਰੇਡਿੰਗ ਜਾਰੀ ਸੀ, ਪਰ ਕੋਰੋਨਾ ਦੇ ਕਾਰਨ ਲੱਗੇ ਲਾਕਡਾਊਨ ਦੌਰਾਨ ਟ੍ਰੇਡਿੰਗ ਹਾਲ ਨੂੰ ਬੰਦ ਕਰ ਦਿੱਤਾ ਗਿਆ। ਇਸ ਬੰਦੀ ਨੂੰ ਅੱਗੋਂ ਲੰਡਨ ਮੈਟਲ ਐਕਸਚੇਂਜ ਪੱਕੀ ਬੰਦੀ ਕੀਤਾ ਜਾਣ ਲੱਗਾ ਹੈ।ਐਕਸਚੇਂਜ ਮੈਨੇਜਮੈਂਟ ਨੇ ਕੱਲ੍ਹ ਮੈਂਬਰਾਂ ਨੂੰ ਦੱਸਿਆ ਹੈ ਕਿ ਇੱਥੇ ਮੈਟਲ ਦੀ ਟ੍ਰੇਡਿੰਗ ਸਿਰਫ ਇਲੈਕਟ੍ਰਾਨਿਕ ਹੋਵੇਗੀ।

ਲੰਡਨ ਮੈਟਲ ਐਕਸਚੇਂਜ ਦੇ ਸੀ ਈ ਓ ਮੈਥਿਊ ਚੈਂਬਰਲੇਨ ਨੇ ਆਖਿਆ ਕਿ ਤੁਸੀਂ ਰਿੰਗ ਨੂੰ ਪਿਆਰ ਕੀਤੇ ਬਿਨਾਂ ਐਲ ਐਮ ਈ ਉਤੇ ਕੰਮ ਨਹੀਂ ਕਰ ਸਕਦੇ। ਇਹ ਸਾਡੇ ਇਤਿਹਾਸ ਤੇ ਸਾਡੇ ਸਭਿਆਚਾਰ ਦਾ ਵੱਡਾ ਹਿੱਸਾ ਰਿਹਾ ਹੈ ਪਰ ਅੱਗੋਂ ਇੰਡਸਟਰੀ ਬਹੁਤ ਵਧ ਚੁੱਕੀ ਹੈ ਅਤੇ ਸਾਨੂੰ ਵੀ ਅੱਗੇ ਵਧਣਾ ਹੋਵੇਗਾ।ਇਸ ਮੌਜੂਦਾ ਦੌਰ ਦੀ ਖਾਸ ਗੱਲ ਇਹ ਸੀ ਕਿ ਰੋਚਕ ਟ੍ਰੇਡਿੰਗ ਦੌਰਾਨ ਹਾਲ ’ਚ ਰੱਖੇ ਲਾਲ ਰੰਗੇ ਦੇ ਸੋਫੇ ’ਤੇ ਲਗਾਤਾਰ ਬੈਠੇ ਰਹਿਣਾ ਜ਼ਰੂਰੀ ਸੀ।ਖਾਸ ਗੱਲ ਇਹ ਵੀ ਹੈ ਕਿ ਲੰਡਨ ਮੈਟਲ ਐਕਸਚੇਂਜ ਦਾ ਮਾਲਕੀ ਹੱਕ ਐਚ ਕੇ ਈ ਐਕਸਚੇਂਜ ਕੋਲ ਹਨ, ਜਿਹੜਾ ਹਾਂਗਕਾਂਗ ਸਟਾਕ ਐਕਸਚੇਂਜ ਦੀ ਵੀ ਮਾਲਕ ਹੈ। ਇਸ ਤੋਂ ਪਹਿਲਾਂ ਸੰਨ 2000 ’ਚ ਲੰਡਨ ਇੰਟਰਨੈਸ਼ਨਲ ਫਾਇਨਾਂਸ਼ੀਅਲ ਫਿਊਚਰਸ ਐਕਸਚੇਂਜ ਅਤੇ 2005 ’ਚ ਇੰਟਰਨੈਸ਼ਨਲ ਪੈਟਰੋਲੀਅਮ ਐਕਸਚੇਂਜ ’ਚ ਈ-ਟ੍ਰੇਡਿੰਗ ਲਈ ਏਦਾਂ ਦੇ ਬਦਲਾਅ ਕੀਤੇ ਗਏ ਸਨ, ਜਿਸ ਦੇ ਤਹਿਤ ਖੁੱਲ੍ਹੇ ਤੌਰ ’ਤੇ ਏਜੰਟ ਵੱਲੋਂ ਕੀਤੀ ਜਾਣ ਵਾਲੀ ਟ੍ਰੇਡਿੰਗ ਨੂੰ ਬੰਦ ਕੀਤਾ ਗਿਆ ਸੀ।

# ਪੱਛਮੀ ਬੰਗਾਲ ਵਿੱਚ ਸੜਕ ਹਾਦਸੇ ਵਿੱਚ 14 ਬਰਾਤੀਆਂ ਦੀ ਮੌਤ





ਜਲਪਾਈਗੁੜੀ, 21 ਜਨਵਰੀ (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਜਲਪਾਈਗੁੜੀ ਜ਼ਿਲ੍ਹੇ ਵਿੱਚ ਬਰਾਤ ਲੈ ਜਾ ਰਹੇ ਤਿੰਨ ਵਾਹਨਾਂ ਅਤੇ ਪੱਥਰ ਨਾਲ ਭਰੇ ਟਰੱਕ ਦੀ ਟੱਕਰ ਵਿੱਚ ਚਾਰ ਬੱਚਿਆਂ ਸਣੇ 14 ਲੋਕਾਂ ਦੀ ਮੌਤ ਹੋ ਗਈ ਤੇ 10 ਜ਼ਖ਼ਮੀ ਹੋ ਗਏ। ਇੱਕ ਸੀਨੀਅਰ ਪੁਲਸ ਅਧਿਕਾਰੀ ਮੁਤਾਬਕ ਹਾਦਸਾ ਧੂਪਗੁੜੀ ਬਲਾਕ ਦੇ ਜਲਢਾਕਾ ਇਲਾਕੇ ਵਿੱਚ ਰਾਤ ਦੇ ਵਕਤ ਵਾਪਰਿਆ, ਜਿਸ ਦੇ ਜ਼ਖਮੀਆਂ ਨੂੰ ਹਸਪਤਾਲ ਪੁਚਾ ਦਿੱਤਾ ਗਿਆ ਹੈ।

ਪਤਾ ਲੱਗਾ ਹੈ ਕਿ ਕੱਲ੍ਹ ਰਾਤ ਜਲਪਾਈਗੁੜੀ ਦੇ ਧੂਪਗੁੜੀ ਥਾਣਾ ਇਲਾਕੇ ਵਿੱਚ ਜਲਢਾਕਾ ਨਦੀ ਨੇੜੇ ਸੰਘਣੀ ਧੁੰਦ ਕਾਰਨ ਇੱਕ ਬੋਲਡਰ ਟਰੱਕ ਨਾਲ ਦੋ ਵਾਹਨ ਟਕਰਾ ਜਾਣ ਕਾਰਨ 14 ਲੋਕਾਂ ਦੀ ਮੌਤ ਹੋ ਗਈ ਅਤੇ 10 ਜ਼ਖ਼ਮੀ ਹੋ ਗਏ। ਧੂਪਗੁੜੀ ਥਾਣੇ ਤੋਂ ਪੁਲਸ ਮੌਕੇ ’ਤੇ ਗਈ ਅਤੇ ਜ਼ਖ਼ਮੀਆਂ ਨੂੰ ਜਲਪਾਈਗੁੜੀ ਹਸਪਤਾਲ ਲਿਜਾਇਆ ਗਿਆ।

# ਠੱਗ ਅੱਜਕੱਲ੍ਹ ਕਿਰਾਏ ਉੱਤੇ ਬੈਂਕ ਖਾਤਾ ਅਤੇ ਏ ਟੀ ਐਮ ਲੈਣ ਲੱਗੇ

ਧਨਬਾਦ, 21 ਜਨਵਰੀ (ਪੋਸਟ ਬਿਊਰੋ)- ਜਾਮਤਾਰਾ, ਗਿਰੀਡੀਹ, ਦੇਵਘਰ ਤੇ ਧਨਬਾਦ ਤੱਕ ਫੈਲੇ ਸਾਈਬਰ ਅਪਰਾਧੀ ਠੱਗੀ ਲਈ ਨਿੱਤ ਨਵੇਂ ਹਥਕੰਡੇ ਅਪਣਾਉਂਦੇ ਹਨ। ਲੋਕਾਂ ਤੋਂ ਪੈਸਾ ਠੱਗ ਕੇ ਬੈਂਕ ਖਾਤੇ ਵਿੱਚ ਰੱਖਣ ਅਤੇ ਉਸ ਨੂੰ ਕੱਢਣ ਵਿੱਚ ਉਹ ਆਮ ਲੋਕਾਂ ਦੀ ਵਰਤੋਂ ਕਰਦੇ ਹਨ। 15 ਤੋਂ 20 ਹਜ਼ਾਰ ਰੁਪਏ ਮਹੀਨਾ ਕਿਰਾਇਆ ਦੇ ਕੇ ਉਹ ਲੋੜਵੰਦ ਅਤੇ ਭੋਲੇ-ਭਾਲੇ ਲੋਕਾਂ ਨੂੰ ਫਸਾਉਂਦੇ ਹਨ। ਪੁਲਸ ਨੇ ਅਜਿਹੇ ਕਈ ਕੇਸਾਂ ਦਾ ਪਰਦਾ ਫਾਸ਼ ਕੀਤਾ ਹੈ।

ਪਤਾ ਲੱਗਾ ਹੈ ਕਿ ਜਾਮਤਾਰਾ ਦੇ ਮਹਿਤਾਬ ਨੇ ਕੇਂਦੁਆ, ਧਨਬਾਦ ਦੇ ਰਿਜਵਾਨ ਦਾ ਬੈਂਕ ਖਾਤਾ 10 ਹਜ਼ਾਰ ਰੁਪਏ ਮਹੀਨਾ ਕਿਰਾਏ ’ਤੇ ਲਿਆ ਸੀ। ਸਿਰਫ ਬੈਂਕ ਖਾਤੇ ਦੀ ਵਰਤੋਂ ਦੀ ਖੁੱਲ੍ਹ ਦੇਣ ’ਤੇ ਹਰ ਮਹੀਨੇ 10 ਹਜ਼ਾਰ ਰੁਪਏ ਦੀ ਕਮਾਈ ਹੋਣ ਲੱਗੀ ਤਾਂ ਰਿਜਵਾਨ ਨੇ ਸਹੁਰੇ ਪਰਵਾਰ ਦੇ ਲੋਕਾਂ ਦੇ ਬੈਂਕ ਖਾਤੇ ਵੀ ਕਿਰਾਏ ਉਤੇ ਦੇ ਦਿੱਤੇ। 13 ਜਨਵਰੀ ਨੂੰ ਜਾਮਤਾਰਾ ਵਿੱਚ ਮਹਿਤਾਬ ਫੜਿਆ ਗਿਆ ਤਾਂ ਪੋਲ ਖੁੱਲ੍ਹ ਗਈ। ਕੇਂਦੁਆਡੀਹ ਚਾਰ ਨੰਬਰ ਵਿੱਚ ਰਿਜਵਨ ਦੇ ਸਹੁਰੇ ਘਰ ਵੀ ਛਾਪਾ ਪੈ ਗਿਆ। ਰਿਜਵਾਨ ਸਹੁਰੇ ਘਰ ਰਹਿੰਦਾ ਸੀ। ਬੈਂਕ ਖਾਤਾ ਅਤੇ ਏ ਟੀ ਐਮ ਕਿਰਾਏ ਉੱਤੇ ਦੇਣ ਦੇ ਕਾਰਨ ਰਿਜਵਾਨ ਫਰਾਰ ਹੋ ਗਿਆ ਹੈ।ਇਹ ਸਿਰਫ ਰਿਜਵਾਨ ਦੀ ਕਹਾਣੀ ਨਹੀਂ, ਧਨਬਾਦ ਦੇ ਬਰਵਾਅੱਡਾ, ਚਿਰਕੁੰਡਾ, ਟੁੰਡੀ ਤੋਂ ਝਰੀਆ ਤੱਕ ਹੋ ਰਿਹਾ ਹੈ। ਇੱਕ ਹਫਤਾ ਪਹਿਲਾਂ ਚਿਰਕੁੰਡਾ ਵਿੱਚ ਤਿੰਨਤੇ ਬਰਵਾਅੱਡਾ ਵਿੱਚ ਦੋ ਸਾਈਬਰ ਅਪਰਾਧੀ ਫੜੇ ਗਏ ਹਨ। ਉਨ੍ਹਾਂ ਕੋਲੋਂ ਅੱਧਾ ਦਰਜਨ ਤੋਂ ਵੱਧ ਦੂਸਰੇ ਲੋਕਾਂ ਦੇ ਏ ਟੀ ਐਮ ਕਾਰਡ ਮਿਲੇ ਹਨ।ਸਾਈਬਰ ਅਪਰਾਧੀ ਜਿਸ ਇਲਾਕੇ ਵਿੱਚ ਰਹਿੰਦੇ ਹਨ, ਉਥੋਂ ਦੇ ਲੋਕ ਆਪਣੇ ਏ ਟੀ ਐਮ ਵਰਤਣ ਦੀ ਖੁੱਲ੍ਹ ਦੇਣ ਤਾਂ ਉਸ ਦਾ ਕਿਰਾਇਆ ਚੋਖਾ ਹੁੰਦਾ ਹੈ। ਸਥਾਨਕ ਵਿਅਕਤੀ ਦਾ ਏ ਟੀ ਐਮ ਹੋਣ ਨਾਲ ਠੱਗਾਂ ਨੂੰ ਪੈਸਾ ਇਧਰ-ਉਧਰ ਕਰਨ ਦੀ ਸੌਖ ਹੁੰਦੀ ਹੈ।

# ਸੜਕ ਕਿਨਾਰੇ ਸੁੱਤੇ 20 ਲੋਕਾਂ ਨੂੰ ਟਰੱਕ ਨੇ ਦਰੜਿਆ, 15 ਮੌਤਾਂ



ਸੂਰਤ, 21 ਜਨਵਰੀ (ਪੋਸਟ ਬਿਊਰੋ)- ਗੁਜਰਾਤ ਦੇ ਸੂਰਤ ਜ਼ਿਲ੍ਹੇ ਵਿੱਚ ਸੜਕ ਕਿਨਾਰੇ ਸੌਂ ਰਹੇ ਰਾਜਸਥਾਨ ਦੇ 20 ਪ੍ਰਵਾਸੀ ਮਜ਼ਦੂਰਾਂ, ਇੱਕ ਸਾਲ ਦੀ ਬੱਚੀ ਤੇ ਦੋ ਸਾਲ ਦੇ ਬੱਚੇ ਨੂੰ ਟਰੱਕ ਨੇ ਦਰੜ ਦਿੱਤਾ। ਇਸ ਹਾਦਸੇ ’ਚ ਦੋ ਬੱਚਿਆਂ ਸਮੇਤ 15 ਮਜ਼ਦੂਰਾਂ ਦੀ ਮੌਤ ਹੋ ਗਈ ਹੈ। ਪੁਲਸ ਨੇ ਦੱਸਿਆ ਕਿ ਹਾਦਸੇ ’ਚ ਮਾਰੇ ਗਏ 15 ਲੋਕਾਂ ਵਿੱਚ ਅੱਠ ਔਰਤਾਂ ਅਤੇ ਮੱਧ ਪ੍ਰਦੇਸ਼ ਦਾ ਇੱਕ ਪ੍ਰਵਾਸੀ ਮਜ਼ਦੂਰ ਵੀ ਹੈ। ਮੌਕੇ ’ਤੇ ਉਨ੍ਹਾਂ ਵਿੱਚੋਂ 12 ਲੋਕਾਂ ਦੀ ਮੌਤ ਹੋ ਗਈ ਅਤੇ ਹੋਰ ਤਿੰਨ ਜਖਮੀ ਇਲਾਜ ਦੌਰਾਨ ਪ੍ਰਾਣ ਤਿਆਗ ਗਏ, ਪਰ ਛੇ ਮਹੀਨਿਆਂ ਦੀ ਬੱਚੀ ਬਚ ਗਈ।

ਪੁਲਸ ਦੇ ਮੁਤਾਬਕ ਮ੍ਰਿਤਕਾਂ ਵਿੱਚ ਮੱਧ ਪ੍ਰਦੇਸ਼ ਦੇ 19 ਸਾਲਾ ਮਜ਼ਦੂਰ ਦੇ ਇਲਾਵਾ ਸਾਰੇ ਲੋਕ ਦੱਖਣੀ ਰਾਜਸਥਾਨ ’ਚ ਬਾਂਸਵਾੜਾ ਜ਼ਿਲ੍ਹੇ ਦੇ ਪਿੰਡਾਂ ਦੇ ਵਾਸੀ ਸਨ। ਇਹ ਹਾਦਸਾ ਸੂਰਤ ਤੋਂ ਕਰੀਬ 60 ਕਿਲੋਮੀਟਰ ਦੂਰ ਕੋਸਾਂਬਾ ਪਿੰਡ ਕੋਲ ਵਾਪਰਿਆ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਗੰਨੇ ਨਾਲ ਲੱਦੇ ਟਰੈਕਟਰ ਨਾਲ ਟੱਕਰ ਦੇ ਬਾਅਦ ਟਰੱਕ ਚਾਲਕ ਗੱਡੀ ਦਾ ਕੰਟਰੋਲ ਗੁਆ ਬੈਠਾ ਅਤੇ ਡੰਪਰ ਫੁੱਟਪਾਥ ’ਤੇ ਸੁੱਤੇ ਮਜ਼ਦੂਰਾਂ ਉਤੇ ਚੜ੍ਹ ਗਿਆ। ਪੁਲਸ ਨੇ ਡੰਪਰ ਦੇ ਡਰਾਈਵਰ ਵਿਰੁੱਧ ਕੇਸ ਦਰਜ ਕਰ ਲਿਆ ਹੈ। ਡੰਪਰ ਦੇ ਡਰਾਈਵਰ ਅਤੇ ਉਸਦਾ ਹੈਲਪਰ ਵੀ ਹਾਦਸੇ ’ਚ ਜ਼ਖ਼ਮੀ ਹੋ ਗਿਆ ਅਤੇ ਦੋਵਾਂ ਨੂੰ ਹਸਪਤਾਲ ’ਚ ਦਾਖ਼ਲ ਕਰਾਇਆ ਗਿਆ ਹੈ।ਸੂਰਤ ਦੀ ਐਸ ਪੀ ਊਸ਼ਾ ਰਾਡਾ ਨੇ ਦਸਿਆ ਕਿ ਟਰੱਕ ਨੇ ਤੜਕੇ ਕਿਮ-ਮਾਂਡਵੀ ਰੋਡ ਕੰਢੇ ਸੌਂ ਰਹੇ ਮਜ਼ਦੂਰਾਂ ਨੂੰ ਦਰੜ ਦਿੱਤਾ। ਇਹ ਡੰਪਰ ਕਿਮ ਤੋਂ ਮਾਂਡਵੀ ਜਾ ਰਿਹਾ ਸੀ। ਦੂਜੇ ਪਾਸੇ ਤੋਂ ਆਏ ਟਰੈਕਟਰ ਨਾਲ ਉਸ ਦੀ ਟੱਕਰ ਦੇ ਬਾਅਦ ਡਰਾਈਵਰ ਗੱਡੀ ਤੋਂ ਕੰਟਰੋਲ ਗੁਆ ਬੈਠਾ। ਉਨ੍ਹਾਂ ਦੱਸਿਆ, ‘ਹਾਦਸੇ 'ਚ ਟੱਕਰ ਦੀ ਮੂਹਰਲੀ ਖਿੜਕੀ ਦਾ ਸ਼ੀਸ਼ਾ ਟੁੱਟ ਜਾਣਕਾਰਨ ਡਰਾਈਵਰ ਦੇਖ ਨਹੀਂ ਸਕਿਆ। ਟੱਕਰ ਕਾਰਨ ਡੰਪਰ ਦੂਜੇ ਪਾਸੇ ਪਹੁੰਚ ਗਿਆ ਅਤੇ ਸੜਕ ਕਿਨਾਰੇ ਸੌਂ ਰਹੇ ਮਜ਼ਦੂਰ ਉਸ ਦੀ ਲਪੇਟ ’ਚ ਆ ਗਏ।''

# ਚੈਕ ਦੇ ਕਲੋਨ ਨਾਲ 24 ਕਰੋੜ ਰੁਪਏ ਕਢਵਾਉਣ ਦੀ ਕੋਸ਼ਿਸ਼

ਭੋਪਾਲ, 21 ਜਨਵਰੀ (ਪੋਸਟ ਬਿਊਰੋ)- ਕੰਸਟ੍ਰਕਸ਼ਨ ਕੰਪਨੀ ਦਿਲੀਪ ਬਿਲਡਕਾਨ ਦੇ ਚੈਕ ਦੇ ਕਲੋਨ ਬਣਾ ਕੇ ਕਰੀਬ 24 ਕਰੋੜ ਰੁਪਏ ਕਢਵਾਉਣ ਦੀ ਕੋਸ਼ਿਸ਼ ਕਰਨ ਵਾਲਾ ਅੰਤਰਰਾਜੀ ਗਿਰੋਹ ਫੜਿਆ ਗਿਆ ਹੈ। ਪੁੱਛਗਿੱਛ ਵਿੱਚ ਐਸ ਟੀ ਐਫ (ਸਪੈਸ਼ਲ ਟਾਸਕ ਫੋਰਸ) ਨੂੰ ਹੈਰਾਨ ਕਰਨ ਵਾਲੀ ਜਾਣਕਾਰੀ ਮਿਲੀ ਹੈ। ਦੱਸਿਆ ਗਿਆ ਹੈ ਕਿ ਇਸ ਗੈਂਗ ਦੇ 10 ਦੋਸ਼ੀਆਂ ਵਿੱਚੋਂ ਇੱਕ ਚਰਨਜੀਤ ਸਿੰਘ ਪੰਜਾਬ ਨੈਸ਼ਨਲ ਬੈਂਕ ਦੀ ਟਾਂਡਾ ਉੜਮੁੜ (ਹੁਸ਼ਿਆਰਪੁਰ) ਬ੍ਰਾਂਚ ਦਾ ਮੁਲਾਜ਼ਮ ਹੈ। ਉਹ ਆਪਣੀ ਬੈਂਕ ਆਈ ਡੀ ਦੀ ਵਰਤੋਂ ਕਰ ਕੇ ਖਾਤੇ ਦੀ ਜਾਣਕਾਰੀ ਲੈ ਲੈਂਦਾ ਅਤੇ ਖਾਤੇ ਵਿੱਚ ਜਮ੍ਹਾਂ ਰਕਮ ਤੋਂ ਲੈ ਕੇ ਚੈਕ ’ਤੇ ਦਸਖਤ ਕਰਨ ਵਾਲੇ ਵਿਅਕਤੀ ਦੇ ਡਿਜੀਟਲ ਦਸਖਤ ਤੱਕ ਚੋਰੀ ਕਰ ਕੇ ਇਸ ਗਿਰੋਹ ਨੂੰ ਦਿੰਦਾ ਸੀ। ਦੋਸ਼ੀਆਂ ਕੋਲੋਂ ਐਸ ਟੀ ਐਫ ਨੇ ਪੰਜਾਬ ਤੇ ਗੁਜਰਾਤ ਸਰਕਾਰ ਦੇ ਦੋ ਸਰਕਾਰੀ ਵਿਭਾਗਾਂ ਦੇ ਕਲੋਨ ਚੈਕ ਵੀ ਬਰਾਮਦ ਕੀਤੇ ਹਨ।ਐਸ ਟੀ ਐਫ ਅਧਿਕਾਰੀਆਂ ਦਾ ਕਹਿਣਾ ਹੈ ਕਿ ਗਾਜ਼ੀਆਬਾਦ ਵਾਸੀ ਅੰਸ਼ੁਲ ਰਾਣਾ ਇਸ ਗਿਰੋਹ ਦਾ ਸਰਗਣਾ ਹੈ। ਅੰਮ੍ਰਿਤਸਰ ਵਾਸੀ ਮਨਮੀਤ ਸਿੰਘ ਅਤੇ ਬਰਿੰਦਰ ਸਿੰਘ ਅਤੇ ਮੋਹਾਲੀ ਵਾਸੀ ਸਤਨਾਮ ਸਿੰਘ ਅਤੇ ਪਰਵਿੰਦਰ ਸਿੰਘ ਅਤੇ ਹੋਰ ਲੋਲ ਜੇਲ੍ਹ ਵਿੱਚ ਇਕੱਠੇ ਸਨ। ਦੋਸ਼ੀ ਉਨ੍ਹਾਂ ਖਾਤਿਆਂ ਦੀ ਪਛਾਣ ਕਰਦੇ ਸਨ, ਜਿਨ੍ਹਾਂ ਵਿੱਚ ਪੈਸੇ ਜਮ੍ਹਾ ਹੁੰਦੇ ਸਨ, ਪਰ ਕਾਫੀ ਸਮੇਂ ਤੋਂ ਲੈਣ-ਦੇਣ ਨਹੀਂ ਕੀਤਾ ਜਾਂਦਾ ਸੀ। ਦੋਸ਼ੀ ਇਨ੍ਹਾਂ ਖਾਤਿਆਂ ਵਿੱਚ ਕੁਝ ਰੁਪਏ ਜਮ੍ਹਾਂ ਕਰ ਕੇ ਉਸ ਨੂੰ ਚਲਾ ਕੇ ਵਰਤ ਲੈਂਦੇ ਸਨ।

# ਤਿੰਨ ਹਵਾਈ ਅੱਡਿਆਂ ਦੇ ਵਿਕਾਸ ਲਈ ਅਡਾਨੀ ਗਰੁੱਪ ਵੱਲੋਂ ਸਮਝੌਤਾ



ਨਵੀਂ ਦਿੱਲੀ, 21 ਜਨਵਰੀ (ਪੋਸਟ ਬਿਊਰੋ)- ਅਡਾਨੀ ਗਰੁੱਪਨੇ ਜੈਪੁਰ, ਗੁਹਾਟੀ ਅਤੇ ਤਿਰੂਵਨੰਥਾਪੁਰਮ ਹਵਾਈ ਅੱਡੇ ਚਲਾਉਣ, ਪ੍ਰਬੰਧ ਕਰਨਅਤੇ ਵਿਕਾਸ ਲਈ ਏਅਰਪੋਰਟ ਅਥਾਰਟੀ ਆਫ ਇੰਡੀਆ (ਏ ਏ ਆਈ) ਨਾਲ ਰਿਆਇਤੀ ਸਮਝੌਤਿਆਂ ’ਤੇ ਦਸਤਖਤ ਕੀਤੇ ਹਨ ਅਤੇ ਅਗਲੀ ਕਾਰਵਾਈ ਜਾਰੀ ਹੈ।

ਏ ਏ ਆਈ ਨੇ ਕਿਹਾ, ‘ਅਜਾਰੇਦਾਰ ਨੂੰ 19 ਜਨਵਰੀ 2021 ਤੋਂ 180 ਦਿਨਾਂ ਦੇ ਅੰਦਰ ਗੁਹਾਟੀ, ਜੈਪੁਰ ਅਤੇ ਤਿਰੂਵਨੰਥਾਪੁਰਮ ਹਵਾਈ ਅੱਡਿਆਂ ਲਈ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ।” ਕੇਂਦਰ ਸਰਕਾਰ ਨੇ ਫਰਵਰੀ 2019 ਵਿੱਚ ਦੇਸ਼ ਦੇ ਪ੍ਰਮੁੱਖ ਹਵਾਈ ਅੱਡਿਆਂ ਲਖਨਊ, ਅਹਿਮਦਾਬਾਦ, ਜੈਪੁਰ, ਮੰਗਲੂਰੂ, ਤਿਰੂਵਨੰਥਾਪੁਰਮ ਅਤੇ ਗੁਹਾਟੀ ਦਾ ਨਿੱਜੀਕਰਨ ਕੀਤਾ ਸੀ। ਅਡਾਨੀ ਗਰੁੱਪਨੇ ਮੁਕਾਬਲੇ ਦੀ ਬੋਲੀ ਰਾਹੀਂ ਪੰਜਾਹ ਸਾਲਾਂ ਲਈ ਇਨ੍ਹਾਂ ਸਾਰਿਆਂ ਨੂੰ ਚਲਾਉਣ ਦਾ ਅਧਿਕਾਰ ਹਾਸਲ ਕੀਤਾ ਸੀ। ਏ ਏ ਆਈ ਨੇ ਪਿਛਲੇ ਸਾਲ ਅਕਤੂਬਰ ਤੇ ਨਵੰਬਰ ਵਿੱਚ ਲਖਨਊ, ਅਹਿਮਦਾਬਾਦ ਤੇ ਮੰਗਲੂਰੂ ਹਵਾਈ ਅੱਡੇ ਅਡਾਨੀ ਗਰੁੱਪਨੂੰ ਸੌਂਪੇ ਸਨ।ਤਿਰੂਵਨੰਥਾਪੁਰਮ ਕੌਮਾਂਤਰੀ ਹਵਾਈ ਅੱਡੇ ਦਾ ਕੰਮ ਅਡਾਨੀ ਗਰੁੱਪਨੂੰ ਦਿੱਤੇ ਜਾਣ ਤੋਂ ਨਾਰਾਜ਼ ਹਵਾਈ ਅੱਡਾ ਕਰਮਚਾਰੀਆਂ ਨੇ ਕੱਲ੍ਹ ਡਾਇਰੈਕਟਰ ਦੇ ਦਫਤਰ ਦੇ ਬਾਹਰ ਰੋਸ ਪ੍ਰਦਰਸ਼ਨ ਕਰਦਿਆਂ ਨਾਅਰੇਬਾਜ਼ੀ ਕੀਤੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਸਪੈਸ਼ਲ ਲੀਵ ਪਟੀਸ਼ਨ ਸੁਪਰੀਮ ਕੋਰਟ ਵਿੱਚ ਪੈਂਡਿੰਗ ਪਈ ਹੈ ਤੇ ਉਹ ਜਾਣਨਾ ਚਾਹੁੰਦੇ ਹਨ ਕਿ ਏਅਰਪੋਰਟ ਅਥਾਰਟੀ ਆਫ ਇੰਡੀਆ ਨੂੰ ਸਮਝੌਤੇ ’ਤੇ ਦਸਤਖਤ ਕਰਨ ਦੀ ਕੀ ਕਾਹਲੀ ਸੀ। ਉਨ੍ਹਾਂ ਆਖਿਆ, “ਸਰਕਾਰ ਨੇ ਅਡਾਨੀ ਨੂੰ ਇਹ ਹਵਾਈ ਅੱਡਾ ਦੇਣ ਦਾ ਫੈਸਲਾ ਲਿਆ, ਪਰ ਕਰਮਚਾਰੀਆਂ ਦਾ ਕੀ ਕੀਤਾ? ਕੀ ਉਨ੍ਹਾਂ ਨੂੰ ਵੀ ਅਡਾਨੀ ਕੋਲ ਵੇਚ ਦਿੱਤਾ ਜਾਵੇਗਾ? ਜਿਹੜੇ ਕਰਮਚਾਰੀਆਂ ਨੂੰ ਏਅਰਪੋਰਟ ਅਥਾਰਟੀ ਨੇ ਨਿਯੁਕਤ ਕੀਤਾ ਸੀ, ਜੇ ਅਡਾਨੀ ਉਨ੍ਹਾਂ ਨੂੰ ਕੰਮ ਉੱਤੇ ਨਾ ਰੱਖੇ ਤਾਂ ਉਨ੍ਹਾਂ ਦਾ ਕੀ ਬਣੇਗਾ।”

# 113 ਸਾਲਾ ਦਾਦੀ ਨੇ ਮਰਨ ਤੋਂ ਪਹਿਲਾਂ ਪੋਤੇ ਨੂੰ ਪ੍ਰਧਾਨ ਬਣਾਉਣ ਲਈ ਵੋਟ ਪਾ ਦਿੱਤੀ

ਮੁੰਬਈ, 21 ਜਨਵਰੀ (ਪੋਸਟ ਬਿਊਰੋ)- ਚੋਣਾਂ ਵਿੱਚ ਇੱਕ-ਇੱਕ ਵੋਟ ਮਾਇਨੇ ਰੱਖਦਾ ਹੈ। ਕੋਈ ਇੱਕ ਵੋਟ ਨਾਲ ਜਿੱਤ ਜਾਂਦਾ ਤਾਂ ਕੋਈ ਇੱਕ ਵੋਟ ਨਾਲ ਹਾਰ ਜਾਂਦਾ ਹੈ। ਏਦਾਂ ਮਹਾਰਾਸ਼ਟਰ ਦੇ ਪੁਣੇ ਵਿੱਚ ਇੱਕ ਦਾਦੀ ਦੇ ਇੱਕ ਵੋਟ ਨੇ ਪੋਤਰੇ ਨੂੰ ਪੰਚਾਇਤੀ ਚੋਣਾਂ ਵਿੱਚ ਜਿੱਤ ਦਿਵਾ ਦਿੱਤੀ ਤੇ ਜਿੱਤ ਦੇ ਜਸ਼ਨ ਤੋਂ ਪਹਿਲਾਂ ਦਾਦੀ ਦਾ ਦਿਹਾਂਤ ਹੋ ਗਿਆ।

ਮਹਾਰਾਸ਼ਟਰ ਵਿੱਚ ਗ੍ਰਾਮ ਪੰਚਾਇਤ ਚੋਣਾਂ ਲਈ 15 ਜਨਵਰੀ ਨੂੰ ਵੋਟਿੰਗ ਹੋਈ ਸੀ। ਪੁਣੇ ਦੇ ਮੁਲਸ਼ੀ ਪਿੰਡ ਵਿੱਚ ਪੰਚਾਇਤੀ ਚੋਣਾਂ ਦੇ ਉਮੀਦਵਾਰ ਵਿਜੇ ਸਾਠੇ ਲਈ ਉਸ ਦੀ 113 ਸਾਲ ਦੀ ਦਾਦੀ ਸਬਾਈ ਸਾਠੇ ਨੇ ਵੋਟ ਪਾਈ। ਵੋਟਿੰਗ ਦੇ ਬਾਅਦ ਉਸੇ ਰਾਤ ਸਬਾਈ ਸਾਠੇ ਦਾ ਦਿਹਾਂਤ ਹੋ ਗਿਆ। ਜਦ 18 ਫਰਵਰੀ ਨੂੰ ਚੋਣ ਨਤੀਜੇ ਦਾ ਐਲਾਨ ਕੀਤਾ ਗਿਆ ਤਾਂ ਪਤਾ ਲੱਗਾ ਕਿ ਵਿਜੇ ਸਾਠੇ ਨੂੰ ਸਿਰਫ ਇੱਕ ਵੋਟ ਦੇ ਫਰਕ ਨਾਲ ਜਿੱਤ ਮਿਲੀ ਹੈ। ਚੋਣਾਂ ਵਿੱਚ ਜਿੱਤ ਦਰਜ ਕਰਨ ਦੇ ਬਾਅਦ ਵਿਜੇ ਸਾਠੇ ਨੇ ਕਿਹਾ ਕਿ ਜੇ ਮੇਰੀ ਦਾਦੀ ਵੋਟ ਨਾ ਪਾਉਂਦੀ ਤਾਂ ਮੈਂ ਨਹੀਂ ਜਿੱਤਣਾ ਸੀ।

# ਭਾਰਤ ਸਰਕਾਰ ਨੇ ਵਟਸਐਪ ਨੂੰ ਨਵੀਂ ਪਾਲਿਸੀ ਵਾਪਸ ਲੈਣ ਨੂੰ ਕਿਹਾ




ਨਵੀਂ ਦਿੱਲੀ, 21 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਨੂੰ ਵਟਸਐਪ ਦੀ ਨਵੀਂ ਤਜਵੀਜ਼ ਪ੍ਰਾਈਵੇਸੀ ਪਾਲਿਸੀ ਮਨਜ਼ੂਰ ਨਹੀਂ। ਵਟਸਐਪ ਦੀ ਇਸ ਪਾਲਿਸੀ ਨਾਲ ਭਾਰਤੀ ਯੂਜ਼ਰਜ਼ ਦੀ ਨਿੱਜਤਾ ਦੀ ਉਲੰਘਣਾ ਅਤੇ ਸੁਰੱਖਿਆ ਦੇ ਸ਼ੱਕ ਦੇ ਕਾਰਨਨਜ਼ਰ ਸਰਕਾਰ ਨੇ ਕੰਪਨੀ ਨੂੰ ਆਪਣੀ ਪਾਲਿਸੀ ਵਾਪਸ ਲੈਣ ਨੂੰ ਕਿਹਾ ਹੈ। ਪ੍ਰਾਈਵੇਸੀ ਪਾਲਿਸੀ ਦੇ ਕੇਸ ਵਿੱਚ ਭਾਰਤੀ ਯੂਜ਼ਰਜ਼ ਨਾਲ ਵਿਤਕਰਾ ਕਰਨ ’ਤੇ ਵੀ ਸਰਕਾਰ ਨੇ ਸਖਤ ਇਤਰਾਜ਼ ਪ੍ਰਗਟਾਇਆ ਹੈ।

ਇਲੈਕਟ੍ਰਾਨਿਕਸ ਐਂਡ ਆਈ ਟੀ ਮੰਤਰਾਲੇ ਨੇ ਵਟਸਐਪ ਤੋਂ 14 ਸਵਾਲਾਂ ਦੇ ਜਵਾਬ ਮੰਗੇ ਹਨ। ਅਗਲੀ ਅੱਠ ਫਰਵਰੀ ਤੋਂ ਵਟਸਐਪ ਨੇ ਭਾਰਤ ਵਿੱਚ ਆਪਣੀ ਪ੍ਰਾਈਵੇਸੀ ਪਾਲਿਸੀ ਨੂੰ ਲਾਗੂ ਕਰਨ ਦਾ ਐਲਾਨ ਕੀਤਾ ਸੀ, ਪਰ ਇਸ ਮਾਮਲੇ ਵਿੱਚ ਡਾਟਾ ਸੁਰੱਖਿਆ ਦੀ ਉਲੰਘਣਾ ਦੇ ਸ਼ੱਕ ਅਤੇ ਉਸ ਦੇ ਵਿਰੋਧ ਨੂੰ ਦੇਖਦੇ ਹੋਏ ਕੰਪਨੀ ਨੇ ਅਗਲੀ 15 ਮਈ ਤੱਕ ਪਾਲਿਸੀ ਨੂੰ ਲਾਗੂ ਕਰਨ ਤੋਂ ਟਾਲ ਦਿੱਤਾ ਹੈ। ਇਲੈਕਟ੍ਰਾਨਿਕਸ ਅਤੇ ਆਈ ਟੀ ਮੰਤਰੀ ਰਵੀਸ਼ੰਕਰ ਪ੍ਰਸਾਦ ਨੇ ਟਵੀਟ ਕਰ ਕੇ ਕਿਹਾ ਕਿ ਵਟਸਐਪ ਹੋਵੇ ਜਾਂ ਫੇਸਬੁੱਕ ਜਾਂ ਫਿਰ ਕੋਈ ਹੋਰ ਸੋਸ਼ਲ ਮੀਡੀਆ ਉਹ ਭਾਰਤ ਵਿੱਚ ਬਿਜ਼ਨਸ ਕਰ ਸਕਦੇ ਹਨ, ਪਰ ਭਾਰਤੀਆਂ ਦੇ ਅਧਿਕਾਰਾਂ ਦੀ ਉਲੰਘਣਾ ਨਹੀਂ ਹੋਣੀ ਚਾਹੀਦੀ।

# ਐਸ ਐਫ ਜੇ ਮਾਮਲੇ ਵਿੱਚ ਐਨ ਆਈ ਏ ਦੇ ਸਾਹਮਣੇ ਚਾਰ ਜਣੇ ਹੋਰ ਪੇਸ਼




ਨਵੀਂ ਦਿੱਲੀ, 21 ਜਨਵਰੀ (ਪੋਸਟ ਬਿਊਰੋ)- ਸਿੱਖਸ ਫਾਰ ਜਸਟਿਸ (ਐਸ ਐਫ ਜੇ) ਦੇ ਕੇਸ ਵਿੱਚ ਚੱਲਦੀ ਜਾਂਚ ਦੇ ਸੰਬੰਧ ਵਿੱਚ ਚਾਰ ਹੋਰ ਲੋਕ ਰਾਸ਼ਟਰੀ ਜਾਂਚ ਏਜੰਸੀ (ਐਨ ਆਈ ਏ) ਦੇ ਸਾਹਮਣੇ ਪੇਸ਼ ਹੋਏ ਹਨ।

ਇਸ ਜਾਂਚ ਨਾਲ ਜੁੜੇ ਐਨ ਆਈ ਏ ਦੇ ਇੱਕ ਸੀਨੀਅਰ ਅਧਿਕਾਰੀ ਨੇ ਨਾਂਅ ਨਾਦੱਸਣ ਦੀ ਸ਼ਰਤ ’ਤੇ ਕਿਹਾ ਕਿ ‘ਕੱਲ੍ਹ ਗਵਾਹ ਦੇ ਰੂਪ ਵਿੱਚ ਚਾਰ ਵਿਅਕਤੀ ਬਿਆਨ ਦਰਜ ਦੇਣ ਲਈ ਹਾਜ਼ਰ ਹੋਏ।’ ਅਧਿਕਾਰੀ ਨੇ ਕਿਹਾ ਕਿ ਐਤਵਾਰ ਅਤੇ ਸੋਮਵਾਰ ਨੂੰ ਕਰੀਬ ਇੱਕ ਦਰਜਨ ਲੋਕ ਆਪਣੇ ਬਿਆਨ ਦਰਜ ਕਰਵਾਉਣ ਲਈ ਐਨ ਆਈ ਏ ਅੱਗੇ ਪੇਸ਼ ਹੋਏ। ਇਸ ਤੋਂ ਪਹਿਲਾਂ ਐਨ ਆਈ ਏ ਦੇ ਇੱਕ ਅਧਿਕਾਰੀ ਨੇ ਦੱਸਿਆ ਸੀ ਕਿ ਅੱਤਵਾਦ ਰੋਕੂ ਜਾਂਚ ਏਜੰਸੀ ਨੇ ਕਈ ਲੋਕਾਂ ਨੂੰ ਜਾਂਚ ਲਈ ਨੋਟਿਸ ਭੇਜੇ ਹਨ। ਅਧਿਕਾਰੀ ਨੇ ਕਿਹਾ ਕਿ ਇਸ ਕੇਸ ਦੇ ਕੁਝ ਵੇਰਵਿਆਂ ਦਾ ਪਤਾ ਲਾਉਣ ਦੇ ਲਈ ਉਨ੍ਹਾਂ ਨੂੰ ਗਵਾਹ ਦੇ ਰੂਪ ਵਿੱਚ ਬੁਲਾਇਆ ਗਿਆ ਹੈ।ਇਹ ਪੁੱਛੇ ਜਾਣ ਉਤੇ ਕਿ ਪੱਤਰਕਾਰ, ਕਿਸਾਨ ਲੀਡਰਾਂ ਦੇ ਇਲਾਵਾ ਕਿਸ-ਕਿਸ ਨੂੰ ਬੁਲਾਇਆ ਹੈ, ਅਧਿਕਾਰੀ ਨੇ ਕਿਹਾ, ਮੈਂ ਵਿਸ਼ੇਸ਼ ਤੌਰ ’ਤੇ ਉਨ੍ਹਾਂ ਵਿਅਕਤੀਆਂ ਦੇ ਪੇਸ਼ੇ ਬਾਰੇ ਨਹੀਂ ਕਹਿ ਸਕਦਾ, ਜਿਨ੍ਹਾਂ ਨੂੰ ਜਾਂਚ ਲਈ ਬੁਲਾਇਆ ਗਿਆ। ਏਜੰਸੀ ਨੇ ਐਸ ਐਫ ਜੇ ਕੇਸ ਵਿੱਚ ਜਾਂਚ ਲਈ ਲਗਭਗ ਚਾਲੀ ਲੋਕਾਂ ਨੂੰ ਗਵਾਹ ਦੇ ਰੂਪ ਵਿੱਚ ਬੁਲਾਇਆ ਹੈ। ਐਨ ਆਈ ਏ ਨੇ ਕਈ ਪੱਤਰਕਾਰਾਂ, ਕਿਸਾਨ ਲੀਡਰਾਂ ਅਤੇ ਹੋਰਨਾਂ ਲੋਕਾਂ ਨੂੰ ਸਿੱਖਸ ਫਾਰ ਜਸਟਿਸ ਮਾਮਲੇ ਦੇ ਗਵਾਹ ਵਜੋਂ ਪੇਸ਼ ਹੋਣ ਦਾ ਸੰਮਨ ਜਾਰੀ ਕੀਤਾ ਹੈ। ਇਹ ਕੇਸ ਪਿਛਲੇ ਸਾਲ 15 ਦਸੰਬਰ ਨੂੰ ਦਰਜ ਕੀਤਾ ਗਿਆ ਸੀ। ਸਰਕਾਰ ਨੇ ਆਈ ਪੀ ਸੀ ਅਤੇ ਗੈਰ ਕਾਨੂੰਨੀ ਗਤੀਵਿਧੀ (ਰੋਕਥਾਮ) ਐਕਟ (ਯੂ ਏ ਪੀ ਏ) ਦੀਆਂ ਕਈ ਧਾਰਾਵਾਂ ਦੇ ਤਹਿਤ ਨੋਟਿਸ ਜਾਰੀ ਕੀਤਾ ਸੀ, ਜਿਸ ਦੇ ਬਾਅਦ ਐਨ ਆਈ ਏ ਨੇ ਕੇਸ ਦਰਜ ਕੀਤਾ ਸੀ।





# ਐਨ ਆਈ ਏ ਦਾ ਮੁੱਦਾ ਇੰਗਲੈਂਡ ਦੀ ਪਾਰਲੀਮੈਂਟ ਵਿੱਚ ਗੂੰਜਿਆ

ਲੰਡਨ, 21 ਜਨਵਰੀ (ਪੋਸਟ ਬਿਊਰੋ)- ਬ੍ਰਿਟੇਨ ਦੀ ਲੇਬਰ ਪਾਰਟੀ ਦੇ ਪਾਰਲੀਮੈਂਟ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਉਥੋਂ ਦੀ ਪਾਰਲੀਮੈਂਟ ਵਿੱਚ ਭਾਰਤ ਦੇ ਕਿਸਾਨ ਅੰਦੋਲਨ ਦੀ ਹਮਾਇਤ ਕਰਦੇ ਸਮਾਜੀ ਤੇ ਧਾਰਮਿਕ ਆਗੂਆਂ ਨਾਲ ਕੁਝ ਪੱਤਰਕਾਰਾਂ ਨੂੰ ਕੌਮੀ ਜਾਂਚ ਏਜੰਸੀ (ਐਨ ਆਈ ਏ) ਵੱਲੋਂ ਨੋਟਿਸ ਭੇਜਣ ’ਤੇ ਚਿੰਤਾ ਪ੍ਰਗਟਾਈ ਹੈ।




ਢੇਸੀ ਨੇ ਪਾਰਲੀਮੈਂਟ ਵਿੱਚ ਇਸ ਮੁੱਦੇ ਨੂੰ ਰੱਖਦਿਆਂ ਕਿਹਾ ਕਿ ਭਾਰਤ ਵਿੱਚ ਕਿਸਾਨ ਸ਼ਾਂਤਮਈ ਅੰਦੋਲਨ ਕਰ ਰਹੇ ਹਨ ਤੇ ਜਦੋਂ ਉਹ 25 ਨਵੰਬਰ ਨੂੰ ਦਿੱਲੀ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਰਸਤੇ ਵਿੱਚ ਰੋਕਿਆ ਗਿਆ ਅਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ ਸਨ। ਢੇਸੀ ਨੇ ਮੰਗ ਕੀਤੀ ਕਿ ਐਨ ਆਈ ਏ ਵੱਲੋਂ ਭੇਜੇ ਨੋਟਿਸਾਂ ਦਾ ਮੁੱਦਾ ਬ੍ਰਿਟੇਨ ਸਰਕਾਰ ਭਾਰਤ ਸਰਕਾਰ ਕੋਲ ਉਠਾਏ, ਕਿਉਂਕਿ ਇਹ ਮਨੁੱਖੀ ਅਧਿਕਾਰਾਂ ਨਾਲ ਜੁੜਿਆ ਮਾਮਲਾ ਹੈ।

ਬਾਹਰ ਪੱਤਰਕਾਰਾਂ ਨਲਾ ਗੱਲਬਾਤ ਵਿੱਚ ਢੇਸੀ ਨੇ ਦੱਸਿਆ ਕਿ ਬ੍ਰਿਟੇਨ ਦੇ ਵਿਦੇਸ਼ ਮੰਤਰੀ ਨੇ ਉਨ੍ਹਾਂ ਵੱਲੋਂ ਉਠਾਏ ਗਏ ਮੁੱਦੇ ਦਾ ਜਵਾਬ ਦਿੰਦਿਆਂ ਕਿਹਾ ਕਿ ਜਦੋਂ ਉਨ੍ਹਾਂ ਦਸੰਬਰ ਵਿੱਚ ਭਾਰਤੀ ਵਿਦੇਸ਼ ਮੰਤਰੀ ਜੈ ਸ਼ੰਕਰ ਨਾਲ ਮੀਟਿੰਗ ਕੀਤੀ ਸੀ, ਉਦੋਂ ਕਿਸਾਨਾਂ ਦੇ ਅੰਦੋਲਨ ਬਾਰੇ ਚਰਚਾ ਕੀਤੀ ਸੀ। ਵਰਨਣ ਯੋਗ ਹੈ ਕਿ ਤਨਮਨਜੀਤ ਸਿੰਘ ਢੇਸੀ ਦੇ ਯਤਨਾਂ ਸਦਕਾ 100 ਤੋਂ ਵੱਧ ਮੈਂਬਰ ਪਾਰਲੀਮੈਂਟ ਅਤੇ ਲਾਰਡਜ਼ ਨੇ ਭਾਰਤ ਵਿੱਚ ਚੱਲਦੇ ਕਿਸਾਨ ਅੰਦੋਲਨ ਬਾਰੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੂੰ ਪੱਤਰ ਲਿਖਿਆ ਸੀ ਅਤੇ ਉਦੋਂ ਵੀ ਉਨ੍ਹਾਂ ਨੇ ਪੱਤਰ ਵਿੱਚ ਸ਼ਾਂਤਮਈ ਢੰਗ ਨਾਲ ਚੱਲ ਰਹੇ ਕਿਸਾਨ ਅੰਦੋਲਨ ’ਤੇ ਕੇਂਦਰ ਸਰਕਾਰ ਵੱਲੋਂ ਢਾਹੇ ਜਾ ਰਹੇ ਜ਼ੋਰ-ਜਬਰ ਬਾਰੇ ਚਿੰਤਾ ਜ਼ਾਹਰ ਕੀਤੀ ਸੀ।

# ਭਾਰਤ ਦੇ ‘ਤਿੱਬਤ ਕਾਰਡ’ ਉੱਤੇ ਭੜਕੇ ਚੀਨ ਵੱਲੋਂ ਜੰਗ ਦੀ ਧਮਕੀ

ਬੀਜਿੰਗ, 21 ਜਨਵਰੀ (ਪੋਸਟ ਬਿਊਰੋ)- ਤਿੱਬਤ ’ਤੇ ਜਬਰੀ ਕਬਜ਼ਾ ਕਰੀ ਬੈਠਾ ਚੁੱਕਾ ਚੀਨ ਕਿਸੇ ਹੋਰ ਦੇਸ਼ ਵੱਲੋਂ ਇਸ ਦਾ ਨਾਂ ਲੈਣ ਉੱਤੇ ਭੜਕ ਉਠਦਾ ਹੈ। ਇਹ ਖੇਤਰ ਉਸ ਲਈ ਕਿੰਨਾ ਅਹਿਮ ਹੈ, ਇਸ ਦਾ ਅੰਦਾਜ਼ਾ ਏਥੋਂ ਲੱਗ ਸਕਦਾ ਹੈ ਕਿ ਕੁਝ ਭਾਰਤੀ ਮਾਹਿਰਾਂ ਵੱਲੋਂ ਭਾਰਤ ਸਰਕਾਰ ਨੂੰ ‘ਤਿੱਬਤ ਕਾਰਡ’ ਖੇਡਣ ਦਾ ਸੁਝਾਅ ਦਿੰਦੇ ਸਾਰ ਚੀਨ ਇੰਨਾ ਬੇਚੈਨ ਹੋ ਗਿਆ ਕਿ ਉਸ ਨੇ ਜੰਗ ਦੀ ਧਮਕੀ ਦੇ ਦਿੱਤੀ ਹੈ। ਉਸ ਨੇ ਕਿਹਾ ਹੈ ਕਿ ਜੇ ਅਮਰੀਕਾ ਨਾਲ ਮਿਲ ਕੇ ਭਾਰਤ ਨੇ ਤਿੱਬਤ ਦਾ ਮੁੱਦਾ ਉਠਾਇਆ ਤਾਂ ਦੋਹਾਂ ਦੇਸ਼ਾਂ ਦਰਮਿਆਨ ਰਿਸ਼ਤਾ ਪੂਰੀ ਤਰ੍ਹਾਂ ਖਤਮ ਹੋ ਜਾਵੇਗਾ।

ਚੀਨ ਸਰਕਾਰ ਅਤੇ ਕਮਿਊਨਿਸਟ ਪਾਰਟੀ ਦੇ ਮੁੱਖ ਪੱਤਰ ‘ਗਲੋਬਲ ਟਾਈਮਜ਼’ ਨੇ ਭਾਰਤ ਨੂੰ ਚਿਤਾਵਨੀ ਦਿੰਦੇ ਹੋਏ ਕਸ਼ਮੀਰ ਬਾਰੇ ਕਿਹਾ ਕਿ ਉਹ ਇਕਪਾਸੜ ਤੌਰ ਉੱਤੇ ਇਹ ਨਹੀਂ ਕਹਿ ਸਕਦਾ ਕਿ ਇਹ ਭਾਰਤ ਦਾ ਇਲਾਕਾ ਹੈ। ਸ਼ੰਘਾਈ ਇੰਸਟੀਚਿਊਟ ਫਾਰ ਇੰਟਰਨੈਸ਼ਨਲ ਸਟੱਡੀਜ਼ ਦੇ ਰਿਸਰਚ ਸੈਂਟਰ ਫਾਰ ਚਾਈਨਾ-ਸਾਊਥ ਏਸ਼ੀਆ ਕੋ-ਆਪ੍ਰੇਸ਼ਨ ਦੇ ਸੈਕਟਰੀ ਜਨਰਲ ਲਿਉ ਜੋਂਗਈ ਨੇ ਉਤਰ-ਪੂਰਬ ਵਿੱਚ ਵੱਖਵਾਦ ਦੀ ਯਾਦ ਦਿਵਾ ਕੇ ਬਦਲੇ ਦਾ ਡਰ ਵਿਖਾਉਣ ਦੀ ਵੀ ਕੋਸ਼ਿਸ਼ ਕੀਤੀ ਹੈ। ਗਲੋਬਲ ਟਾਈਮਜ਼ ਦੇ ਲੇਖ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਬ੍ਰਹਮਾ ਚੇਲਾਨੀ ਵਰਗੇ ਕੁਝ ਸਿਆਸਤਦਾਨਾਂ ਨੇ ਕਿਹਾ ਹੈ ਕਿ ਭਾਰਤ ਨੂੰ ਅਮਰੀਕਾ ਨਾਲ ਮਿਲ ਕੇ ‘ਤਿੱਬਤ ਕਾਰਡ’ ਖੇਡਣਾ ਚਾਹੀਦਾ ਹੈ ਅਤੇ ਉਨ੍ਹਾਂ ਅਮਰੀਕਾ ਨੂੰ ਵੀ ਤਿੱਬਤ ਕਾਰਡ ਦਾ ਲਾਭ ਉਠਾਉਣ ਦੀ ਸਲਾਹ ਦਿੱਤੀ ਹੈ। ਸਾਬਕਾ ਭਾਰਤੀ ਡਿਪਲੋਮੈਟ ਦੀਪਕ ਵੋਹਰਾ ਨੇ ਲਿਖਿਆ ਹੈ ਕਿ ਜੇ ਤਿੱਬਤ ਆਪਣਾ ਵੱਖਰਾ ਰਾਹ ਚੁਣਦਾ



ਹੈ ਤਾਂ ਚੀਨ ਦੇ ਟੋਟੇ ਹੋ ਜਾਣਗੇ, ਉਸ ਨੂੰ ਕਮਿਊਨਿਸਟਵਾਦ ਛੱਡਣਾ ਪਏਗਾ ਅਤੇ ਦੁਨੀਆ ਵਧੇਰੇ ਸੁਰੱਖਿਅਤ ਥਾਂ ਬਣ ਜਾਵੇਗੀ।

ਭਾਰਤੀ ਮਾਹਿਰਾਂ ਦੀ ਟਿੱਪਣੀ ਤੋਂ ਚਿੜੇ ਚੀਨ ਦੇ ਲੇਖਕ ਨੇ ਕਿਹਾ ਕਿ ਤਿੱਬਤ ਚੀਨ ਦਾ ਹਿੱਸਾ ਹੈ ਤੇ ਭਾਰਤ ਲੰਬੇ ਸਮੇਂ ਤੋਂ ਇਸ ਨੂੰ ਮਾਨਤਾ ਦਿੰਦਾ ਰਿਹਾ ਹੈ। ਜੇ ਭਾਰਤ ਸਰਕਾਰ ਇਨ੍ਹਾਂ ਵਿਦਵਾਨਾਂ ਦੀ ਸਲਾਹ ਨੂੰ ਮੰਨਦੀ ਹੈ ਤਾਂ ਭਾਰਤ-ਚੀਨ ਦੇ ਰਿਸ਼ਤੇ ਪੂਰੀ ਤਰ੍ਹਾਂ ਖਤਮ ਹੋ ਜਾਣਗੇ ਅਤੇ ਭਾਰਤ ਵੱਲੋਂ ਇੰਝ ਕਰਕੇ ਜੰਗ ਭੜਕਾਈ ਜਾਏਗੀ ਚੀਨੀ ਮਾਹਿਰ ਨੇ ਇਹ ਵੀ ਮੰਨਿਆ ਕਿ ਭਾਰਤ ਤਿੱਬਤ ਦਾ ਸਾਥ ਦਿੰਦਾ ਹੈ ਤੇ ਕੁਝ ਲੋਕ ਇਸ ਲਈ ਤਿੱਬਤ ਕਾਰਡ ਨੂੰ ਜ਼ੋਰ-ਸ਼ੋਰ ਨਾਲ ਉਠਾਉਣ ਦੀ ਗੱਲ ਕਹਿੰਦੇ ਹਨ, ਕਿਉਂਕਿ ਉਹ ਕਸ਼ਮੀਰ ਨੂੰ ਭਾਰਤ ਦੇ ਹਿੱਸੇ ਵਜੋਂ ਮਾਨਤਾ ਦੇਣ ਲਈ ਚੀਨ ਨੂੰ ਮਜਬੂਰ ਕਰਨਾ ਚਾਹੁੰਦੇ ਹਨ, ਪਰ ਉਹ ਇਹ ਨਹੀਂ ਜਾਣਦੇ ਕਿ ਤਿੱਬਤ ਦਾ ਸਵਾਲ ਦੋਹਾਂ ਦੇਸ਼ਾਂ ਵਿਚਾਲੇ ਕਿੰਨਾ ਨਾਜ਼ੁਕ ਹੈ। ਇਹ ਲੋਕ ਅੱਗ ਨਾਲ ਖੇਡ ਰਹੇ ਹਨ। ਲੱਦਾਖ ਸੈਕਟਰ ਵਿੱਚ ਭਾਰਤੀ ਫੌਜੀਆਂ ਨਾਲ ਟਕਰਾਅ ਲੈ ਚੁੱਕੇ ਚੀਨ ਨੇ ਆਪਣੇ ਮੁੱਖ ਪੱਤਰ ਰਾਹੀਂ ਇਹ ਵੀ ਕਿਹਾ ਹੈ ਕਿ ਭਾਰਤ ਦੀ ਚੀਨ ਤੋਂ ਜੰਗ ਜਿੱਤਣ ਦੀ ਸ਼ਕਤੀ ਨਹੀਂ ਹੈ, ਇਸ ਦੇ ਮਾਹਿਰ ਅਮਰੀਕਾ ਦੀ ਬੋਲੀ ਬੋਲਦੇ ਹਨ। ਚੀਨੀ ਮਾਹਿਰ ਨੇ ਕਿਹਾ ਕਿ ਭਾਰਤ ਨੂੰ ਇਸ ਬਾਰੇ ਕਈ ਵਾਰ ਸੋਚਣਾ ਹੋਵੇਗਾ ਕਿ ਜੇ ਅਮਰੀਕਾ ਨਾਲ ਮਿਲ ਕੇ ਜੇ ਉਹ ਚੀਨ ਲਈ ਰੁਕਾਵਟਾਂ ਪੈਦਾ ਕਰਦਾ ਹੈ ਤਾਂ ਉਸ ਨੂੰ ਕੀ ਮਿਲੇਗਾ?

# ਵਧਦੇ ਦਬਾਅ ਅੱਗੇ ਚੀਨ ਝੁਕਿਆ, ਜੈਕ ਮਾ ਦਾ ਵੀਡੀਓ ਵਿਖਾਇਆ



ਬੀਜਿੰਗ, 21 ਜਨਵਰੀ (ਪੋਸਟ ਬਿਊਰੋ)- ਚੀਨ ਸਰਕਾਰ ਦੀ ਆਲੋਚਨਾ ਤੋਂ ਬਾਅਦ ਲੰਬੇ ਸਮੇਂ ਤੋਂ ਲਾਪਤਾ ਵੱਡੀ ਈ-ਕਾਮਰਸ ਕੰਪਨੀ ਅਲੀਬਾਬਾ ਦੇ ਮੋਢੀ ਜੈਕ ਮਾ ਕੱਲ੍ਹ ਦੁਨੀਆ ਦੇ ਸਾਹਮਣੇ ਆ ਗਏ।

ਦੁਨੀਆ ਭਰ ਵਿੱਚ ਵਧੇ ਦਬਾਅ ਮਗਰੋਂ ਚੀਨ ਦੇ ਸਰਕਾਰੀ ਅਖਬਾਰ ਗਲੋਬਲ ਟਾਈਮਜ਼ ਨੇ ਜੈਕ ਮਾ ਦਾ ਇੱਕ ਵੀਡੀਓ ਜਾਰੀ ਕੀਤਾ ਹੈ ਅਤੇ 50 ਸੈਕਿੰਡ ਦੇ ਇਸ ਵੀਡੀਓ ਵਿੱਚ ਮਾ ਆਪਣੀ ਚੈਰੀਟੇਬਲ ਫਾਊਂਡੇਸ਼ਨ ਦੀ ਮਦਦ ਕਰਨ ਵਾਲੇ ਅਧਿਆਪਕਾਂ ਨੂੰ ਵਧਾਈ ਦਿੰਦੇ ਦਿਖਾਈ ਦੇ ਰਹੇ ਹਨ। ਇਸ ਵੀਡੀਓ ’ਚ ਨਾ ਚੀਨੀ ਰੈਗੂਲੇਟਰਾਂ ਵੱਲੋਂ ਅਲੀਬਾਬਾ ਅਤੇ ਐਂਟ ਗਰੁੱਪ ਦੇ ਖਿਲਾਫ ਕੀਤੀ ਕਾਰਵਾਈ ਦਾ ਜ਼ਿਕਰ ਹੈ ਅਤੇ ਨਾ ਇਹ ਦੱਸਿਆ ਗਿਆ ਹੈ ਕਿ ਏਨੇ ਦਿਨ ਜੈਕ ਮਾ ਕਿੱਥੇ ਰਹੇ। ਚੀਨ ’ਚ ਅਫਵਾਹਾਂ ਹਨ ਕਿ ਜੈਕ ਮਾ ਦੀ ਕੰਪਨੀ ਅਲੀਬਾਬਾ ਦਾ ਕੰਟਰੋਲ ਦੇਸ਼ ਦੀ ਕਮਿਊਨਿਸਟ ਸਰਕਾਰ ਆਪਣੇ ਹੱਥ ਵਿੱਚ ਲੈ ਸਕਦੀ ਹੈ।ਜੈਕ ਮਾ ਨੇ ਚੀਨ ਦੇ ਵਿਆਜਖੋਰ ਵਿੱਤੀ ਰੈਗੂਲੇਟਰਾਂ ਤੇ ਸਰਕਾਰੀ ਬੈਂਕਾਂ ਦੀ ਪਿਛਲੇ ਸਾਲ ਅਕਤੂਬਰ ਵਿੱਚ ਆਲੋਚਨਾ ਕੀਤੀ ਸੀ। ਇਸ ਤੋਂ ਬਾਅਦ ਜੈਕ ਮਾ ਲਈ ਮੁਸ਼ਕਲਾਂ ਖੜ੍ਹੀਆਂ ਹੋ ਗਈਆਂ ਸਨ। ਢਾਈ ਮਹੀਨੇ ਤੋਂ ਜੈਕ ਮਾ ਦੇ ਲਾਪਤਾ ਹੋਣ ਕਾਰਨ ਸ਼ੀ ਜਿਨਪਿੰਗ ਸਰਕਾਰ ’ਤੇ ਸਵਾਲ ਇਸ ਲਈ ਉਠ ਰਹੇ ਸਨ ਕਿ ਜੈਕ ਮਾ ਪਹਿਲੇ ਅਜਿਹੇ ਆਲੋਚਕ ਨਹੀਂ, ਜਿਨ੍ਹਾਂ ਨਾਲ ਚੀਨ ਨਾਰਾਜ਼ ਹੋਇਆ ਹੋਵੇ। ਬੀਤੀ ਮਾਰਚ ਵਿੱਚ ਜਾਇਦਾਦ ਕਾਰੋਬਾਰੀ ਰੇਨ ਝੀਕਿਆਂਗ ਵੀ ਇਸੇ ਤਰ੍ਹਾਂ ਗਾਇਬ ਹੋ ਗਏ ਸਨ। ਉਨ੍ਹਾਂ ਨੇ ਕੋਰੋਨਾ ਮਹਾਮਾਰੀ ਨਾਲ ਖਰਾਬ ਢੰਗ ਨਾਲ ਨਜਿੱਠਣ ਲਈ ਰਾਸ਼ਟਰਪਤੀ ਸ਼ੀ ਨੂੰ ‘ਜੋਕਰ’ ਤੱਕ ਕਹਿ ਦਿੱਤਾ ਸੀ।ਗਾਇਬ ਹੋਣ ਦੇ ਛੇ ਮਹੀਨਿਆਂ ਬਾਅਦ ਉਨ੍ਹਾਂ ਨੂੰ ਭ੍ਰਿਸ਼ਟਾਚਾਰ ਦੇ ਵੱਖ-ਵੱਖ ਮਾਮਲਿਆਂ ਵਿੱਚ ਅਪਰਾਧ ਕਬੂਲ ਕਰਨ ਉਤੇ 18 ਵਰ੍ਹੇ ਦੀ ਸਜ਼ਾ ਸੁਣਾਈ ਗਈ ਸੀ।

# ਟਰੰਪ ਦੀ ਸਭ ਤੋਂ ਛੋਟੀ ਧੀ ਦੀ ਵਾਈਟ ਹਾਊਸ ਵਿੱਚ ਮੰਗਣੀ



ਵਾਸ਼ਿੰਗਟਨ, 21 ਜਨਵਰੀ (ਪੋਸਟ ਬਿਊਰੋ)- ਡੋਨਾਲਡ ਟਰੰਪ ਦੀ ਛੋਟੀ ਧੀ ਟਿਫਨੀ ਟਰੰਪ ਨੇ ਆਪਣੀ ਮੰਗਣੀ ਕਰਨ ਦਾ ਐਲਾਨ ਕੀਤਾ ਹੈ। ਉਸ ਨੇ ਮੰਗਲਵਾਰ ਨੂੰ ਵ੍ਹਾਈਟ ਹਾਊਸ ਵਿੱਚ ਆਪਣੇ ਪਿਤਾ ਦੇ ਰਾਸ਼ਟਰਪਤੀ ਵਜੋਂ ਆਖਰੀ ਦਿਨ ਮਾਈਕਲ ਬੁਲੋਸ ਨਾਲ ਮੰਗਣੀ ਕੀਤੀ। ਇਸ ਦੀ ਜਾਣਕਾਰੀ ਉਨ੍ਹਾਂ ਨੇ ਇੰਸਟਾਗ੍ਰਾਮ ’ਤੇ ਫੋਟੋ ਪਾ ਕੇ ਦਿੱਤੀ।

ਮਾਈਕਲ ਬੁਲੋਸ ਨਾਲ ਫੋਟੋ ਸ਼ੇਅਰ ਕਰਦੇ ਹੋਏ ਟਿਫਨੀ ਟਰੰਪ ਨੇ ਲਿਖਿਆ, ‘ਵ੍ਹਾਈਟ ਹਾਊਸ ਵਿੱਚ ਇਤਿਹਾਸਕ ਮੌਕਿਆਂ ਦਾ ਜਸ਼ਨ ਮਨਾਉਣ ਤੇ ਆਪਣੇ ਪਰਵਾਰ ਨਾਲ ਇੱਥੇ ਰਹਿਣਾ ਇੱਕ ਸਨਮਾਨ ਹੈ, ਪਰ ਮੇਰੇ ਮੰਗੇਤਰ ਮਾਈਕਲ ਨਾਲ ਮੰਗਣੀ ਤੋਂ ਵੱਧ ਖਾਸ ਨਹੀਂ।' ਟਿਫਨੀ ਦੇ ਮੰਗੇਤਰ ਮਾਈਕਲ ਬੁਲੋਸ ਨੇ ਫੋਟੋ ਸ਼ੇਅਰ ਕਰ ਕੇ ਲਿਖਿਆ, ‘ਮੈਂ ਆਪਣੀ ਜ਼ਿੰਦਗੀ ਦੇ ਪਿਆਰ ਨਾਲ ਮੰਗਣੀ ਕੀਤੀ ਹੈ, ਅਸੀਂ ਇਕੱਠੇ ਨੈਕਸਟ ਚੈਪਟਰ ਦੀ ਉਡੀਕ ਕਰ ਰਹੇ ਹਾਂ।’ 27 ਸਾਲ ਦੀ ਟਿਫਨੀ ਟਰੰਪ ਡੋਨਾਲਡ ਟਰੰਪ ਤੇ ਉਨ੍ਹਾਂ ਦੀ ਦੂਜੀ ਪਤਨੀ ਮਾਰਲਾ ਮੈਪਲਸ ਦੀ ਇਕਲੌਤੀ ਸੰਤਾਨ ਹੈ। ਉਸ ਦੇ ਮੰਗੇਤਰ ਮਾਈਕਲ ਬੁਲੋਸ ਦੀ ਉਮਰ 23 ਸਾਲ ਹੈ ਤੇ ਉਹ ਨਾਈਜੀਰੀਅਨ ਸਨਅਤਕਾਰ ਦਾ ਪੁੱਤਰ ਹੈ। ਨਾਈਜੀਰੀਆ ਦੇ ਲਾਗੋਸ ਤੋਂ ਮੁੱਢਲੀ ਪੜ੍ਹਾਈ ਤੋਂ ਬਾਅਦ ਉਸ ਨੇ ਗ੍ਰੈਜੂਏਸ਼ਨ ਲੰਡਨ ਤੋਂ ਕੀਤੀ ਸੀ।

ਡੋਨਾਲਡ ਟਰੰਪ ਦੇ ਪੰਜ ਬੱਚੇ ਹਨ। ਉਸ ਦੀ ਮੌਜੂਦਾ ਪਤਨੀ ਮੇਲਾਨੀਆ ਟਰੰਪ ਤੋਂ 14 ਸਾਲ ਦਾ ਪੁੱਤਰ ਬੈਰਨ ਹੈ। ਪਹਿਲੀ ਪਤਨੀ ਇਵਾਨਾ ਤੋਂ ਡੋਨਾਲਡ ਟਰੰਪ ਜੂਨੀਅਰ (43), ਇਵਾਂਕਾ (39) ਤੇ ਏਰਿਕ (37) ਤਿੰਨ ਬੱਚੇ ਹਨ।

# ਚੀਨੀ ਨੇਤਾਵਾਂ ਵੱਲੋਂ ਟੀਕੇ ਨਾ ਲਵਾਉਣ ਦੇ ਸਵਾਲ ’ਤੇ ਚੀਨ ਦੀ ਚੁੱਪ

ਪੇਈਚਿੰਗ, 21 ਜਨਵਰੀ (ਪੋਸਟ ਬਿਊਰੋ)- ਚੀਨ ਸਰਕਾਰ ਨੇ ਕਿਹਾ ਕਿ ਦੁਨੀਆ ਦੇ ਕਈ ਦੇਸ਼ਾਂ ਦੇ ਨੇਤਾਵਾਂ ਨੇ ਚੀਨ ’ਚ ਬਣਿਆ ਕੋਵਿਡ-19 ਦਾ ਟੀਕਾ ਲਗਵਾਇਆ ਹੈ, ਪਰ ਆਪਣੇ ਸੀਨੀਅਰ ਨੇਤਾਵਾਂ ਵੱਲੋਂ ਟੀਕਾ ਨਾ ਲਗਵਾਉਣ ਬਾਰੇ ਚੀਨ ਨੇ ਚੁੱਪ ਧਾਰੀ ਰੱਖੀ ਹੈ। ਉਸ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਹੁਆ ਚੁਨਯਿੰਗ ਨੇ ਪ੍ਰੈਸ ਕਾਨਫਰੰਸ ਵਿੱਚ ਵਿਸ਼ਵ ਦੇ ਕਈ ਦੇਸ਼ਾਂ ਦੇ ਨੇਤਾਵਾਂ ਦੇ ਨਾਂ ਗਿਣਾਏ, ਜਿਨ੍ਹਾਂ ਨੇ ਚੀਨ ’ਚ ਬਣੇ ਕੋਵਿਡ-19 ਟੀਕੇ ਲਗਵਾਏ ਹਨ।



ਹੁਆ ਚੁਨਯਿੰਗ ਨੇ ਦੱਸਿਆ ਕਿ ਤੁਰਕੀ ਦੇ ਰਾਸ਼ਟਰਪਤੀ ਰਜ਼ਬ ਤੈਯਸ਼ ਐਰਦੋਗਾਨ, ਸੇਸ਼ਲਸ ਦੇ ਰਾਸ਼ਟਰਪਤੀ ਵਾਵੇਲ ਰਾਮਕ-ਾਲਵਨ, ਯੂ ਏ ਈ, ਬਹਿਰੀਨ, ਮਿਸਰ ਅਤੇ ਇੰਡੋਨੇਸ਼ੀਆ ਦੇ ਨੇਤਾਵਾਂ ਨੇ ਚੀਨੀ ਟੀਕੇ ਲਗਵਾਏ ਹਨ। ਉਨ੍ਹਾਂ ਕਿਹਾ ਕਿ ਚੀਨ ਨੇ ਪ੍ਰਮੁੱਖ ਵਰਗਾਂ ’ਚ ਟੀਕਾਕਰਨ ਸ਼ੁਰੂ ਕੀਤੀ ਹੈ ਤੇ ਉਨ੍ਹਾਂ ਸਾਰੇ ਲੋਕਾਂ ਨੂੰ ਸਿਸਟਮ ਅਨੁਸਾਰ ਟੀਕਾ ਦਿੱਤਾ ਜਾਵੇਗਾ, ਜੋ ਮਾਪਦੰਡ ਪੂਰਾ ਕਰਦੇ ਹਨ। ਇਹ ਪੁੱਛੇ ਜਾਣ ’ਤੇ ਕਿ ਕੀ ਰਾਸ਼ਟਰਪਤੀ ਸ਼ੀ ਜਿਨਪਿੰਗ, ਪ੍ਰਧਾਨ ਮੰਤਰੀ ਲੀ ਕੇਕਿਯਾਂਗ ਅਤੇ ਹੋਰ ਸੀਨੀਅਰ ਨੇਤਾਵਾਂ ਨੇ ਟੀਕਾ ਲਗਵਾਇਆ ਹੈ, ਹੁਆ ਨੇ ਕਿਹਾ ਕਿ ਇਸ ਸਮੇਂ ਇਸ ਸਵਾਲ ਦਾ ਮੇਰੇ ਕੋਲ ਕੋਈ ਜਵਾਬ ਨਹੀਂ ਹੈ। ਇਸ ਜਵਾਬ ਤੋਂ ਸਾਰੇ ਹੈਰਾਨ ਹਨ।

# ਟਰੰਪ ਵੱਲੋਂ ਸਾਬਕਾ ਰਣਨੀਤੀਕਾਰ ਸਟੀਵ ਬੈਨਨ ਸਮੇਤ 143 ਲੋਕਾਂ ਨੂੰ ਮੁਆਫੀ

ਵਾਸ਼ਿੰਗਟਨ, 21 ਜਨਵਰੀ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣਾ ਕਾਰਜਕਾਲ ਖਤਮ ਹੋਣ ਤੋਂ ਕੁਝ ਘੰਟੇ ਪਹਿਲਾਂ ਆਪਣੇ ਸਾਬਕਾ ਮੁੱਖ ਰਣਨੀਤੀਕਾਰ ਸਟੀਵ ਬੈਨਨ ਸਮੇਤ 143 ਲੋਕਾਂ ਨੂੰ ਮੁਆਫੀ ਦੇ ਦਿੱਤੀ। ਇਸ ਮੌਕੇ 73 ਲੋਕਾਂ ਨੂੰ ਮੁਆਫ ਕੀਤਾ ਗਿਆ ਹੈ ਅਤੇ 70 ਲੋਕਾਂ ਦੀ ਸਜ਼ਾ ਨੂੰ ਘੱਟ ਕੀਤਾ ਗਿਆ ਹੈ। ਰਾਸ਼ਟਰਪਤੀ ਟਰੰਪ ਨੇ ਖੁਦ ਨੂੰ, ਆਪਣੇ ਪਰਵਾਰ ਜਾਂ ਵਕੀਲ ਰੂਡੀ ਗੁਲਾਨੀ ਨੂੰ ਮੁਆਫੀ ਨਹੀਂ ਦਿੱਤੀ। ਕਈ ਵਾਰਇਹ ਚਰਚਾ ਛਿੜੀ ਸੀ ਕਿ ਰਾਸ਼ਟਰਪਤੀ ਆਪਣੇ ਖੁਦ ਸਮੇਤ ਆਪਣੇ ਪਰਵਾਰ ਨੂੰ ਮੁਆਫੀ ਦੇ ਸਕਦੇ ਹਨ। ਅਮਰੀਕੀ ਰਾਸ਼ਟਰਪਤੀ ਨੂੰ ਸੰਵਿਧਾਨ ਹੇਠ ਮੁਆਫੀ ਦੇਣ ਦਾ ਅਧਿਕਾਰ ਹੈ। ਰਾਸ਼ਟਰਪਤੀ ਦੇ ਇਸ ਫੈਸਲੇ ਦੀ ਸਰਕਾਰ ਦਾ ਕੋਈ ੀ ਵਿਭਾਗ ਸਮੀਖਿਆ ਨਹੀਂ ਕਰ ਸਕਦਾ। ਖਾਸ ਗੱਲ ਹੈ ਕਿ ਰਾਸ਼ਟਰਪਤੀ ਸਿਰਫ ਫੈਡਰਲ ਅਪਰਾਧ ਦੇ ਕੇਸ ਵਿੱਚ ਮੁਆਫੀ ਜਾਂ ਸਜ਼ਾ ਘੱਟ ਕਰ ਸਕਦਾ ਹੈ।

ਟਰੰਪ ਲਈ ਪੈਸੇ ਇਕੱਠੇ ਕਰਨ ਵਾਲੇ ਏਲੀਅਟ ਬਰਾਊਡੀ ਅਤੇ ਡੇਟ੍ਰਾਇਟ ਦੇ ਸਾਬਕਾ ਮੇਅਰ ਕਵਾਮ ਕਿਲਪੈਟ੍ਰਿਕ ਨੂੰ ਵੀ ਮੁਆਫੀਦਿੱਤੀ ਗਈ ਹੈ। ਕਿਲਪੈਟ੍ਰਿਕ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ 28 ਸਾਲ ਜੇਲ੍ਹ ਦੀ ਸਜ਼ਾ ਭੁਗਤ ਰਿਹਾ ਹੈ। ਰੈਪਰ ਲਿਲ ਵਾਇਨ ਤੇ ਕੋਡਕ ਬਲੈਕ ਨੂੰ ਵੀ ਮੁਆਫੀ ਦੇ ਦਿੱਤੀ ਹੈ। ਵਾਇਨ ਨੇ ਨਾਜਾਇਜ਼ ਤਰੀਕੇ ਨਾਲ ਹਥਿਆਰ ਰੱਖਣ ਦਾ ਜੁਰਮ ਮੰਨਿਆ ਹੈ, ਬਲੈਕ ’ਤੇ ਹਥਿਆਰ ਖਰੀਦ ਕੇਸ ਵਿੱਚ ਝੂਠਾ ਬਿਆਨ ਦੇਣ ਦਾ ਦੋਸ਼ ਹੈ। ਟਰੰਪ ਇਸ ਤੋਂ ਪਹਿਲਾਂ ਵੀ ਆਪਣੇ ਸਮੱਰਥਕਾਂ ਤੇ ਸਹਿਯੋਗੀਆਂ ਨੂੰ ਮੁਆਫੀ ਦੇ ਚੁੱਕੇ ਹਨ। ਇਸ ਵਿੱਚ ਸਾਬਕਾ ਰਾਸ਼ਟਰੀ ਸੁਰੱਖਿਆ ਸਲਾਹਕਾਰ ਮਾਈਕਲ ਫਲਿਨ, ਸਾਬਕਾ ਕੈਂਪੇਨ ਮੈਨੇਜਰ ਪਾਲ ਮਨਫੋਰਟ, ਸਾਬਕਾ ਸਲਾਹਕਾਰ ਰੋਜਨ ਸਟੋਨ ਤੇ ਟਰੰਪ ਦੇ ਕੁੜਮ ਚਾਰਲਸ ਕੁਸ਼ਨਰ ਸ਼ਾਮਲ ਹਨ।ਸਜ਼ਾ ਭੁਗਤ ਰਹੇ ਸੋਲਮ ਵੀਸ ਦੀ ਸਜ਼ਾ ਘੱਟ ਕੀਤੀ ਗਈ ਹੈ।

# ਮਰੀਅਮ ਨਵਾਜ਼ ਵੱਲੋਂ ਦੋਸ਼; ਇਮਰਾਨ ਖਾਨ ਦੀ ਪਾਰਟੀ ਨੂੰ ਭਾਜਪਾ ਤੋਂ ਫੰਡ ਮਿਲਦੈ

ਇਸਲਾਮਾਬਾਦ, 21 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐਮ ਐਲ ਐਨ) ਦੀ ਨੇਤਾ ਮਰੀਅਮ ਨਵਾਜ਼ ਨੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ’ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ (ਪੀ ਟੀ ਆਈ) ਨੂੰ ਭਾਰਤ ਦੀ ਸੱਤਾਧਾਰੀ ਪਾਰਟੀ ਭਾਜਪਾ ਤੋਂ ਫੰਡ ਮਿਲਦਾ ਹੈ।

ਡਾਨ ਅਖ਼ਬਾਰ ਦੀ ਰਿਪੋਰਟ ਅਨੁਸਾਰ ਸਰਕਾਰ ਦੇ ਖ਼ਿਲਾਫ਼ ਬੋਲਦੇ ਹੋਏ ਮਰੀਅਮ ਨੇ ਦੋਸ਼ ਲਾਇਆ ਕਿ ਇਮ-ਰਾਨ ਖਾਨ ਨੂੰ ਜੋ ਪੈਸਾ ਭਾਰਤ ਤੋਂ ਆ ਰਿਹਾ ਹੈ, ਉਹ ਇਸਰਾਈਲ ਭੇਜ ਰਿਹਾ ਹੈ। ਉਨ੍ਹਾਂ ਕਿਹਾ, ‘ਕੀ ਤੁਹਾਨੂੰ ਪਤਾ ਹੈ ਕਿ ਉਨ੍ਹਾਂ ਨੂੰ ਭਾਰਤ ਤੋਂ ਫੰਡ ਕੌਣ ਦਿੰਦਾ ਹੈ? ਉਨ੍ਹਾਂ ਨੂੰ ਫੰਡ ਦੇਣ ਵਾਲੇ ਭਾਜਪਾ ਦੇ ਮੈਂਬਰ ਇੰਦਰ ਦੋਸਾਂਝ ਅਤੇ ਇਸਰਾਈਲੀ ਬੰਦੇ ਦਾ ਨਾਂ ਬੈਰੀ ਸੀ ਸ਼੍ਰੇਪਸ ਹੈ।" ਮਰੀਅਮ ਨਵਾਜ਼ ਨੇ ਇਮਰਾਨ ਖ਼ਾਨ ਨੂੰ ਸਭ ਤੋਂ ਵੱਡਾ ਚੋਰ



ਦੱਸਦੇ ਹੋਏ ਪੀ ਟੀ ਆਈ ਨੂੰ ਵਿਦੇਸ਼ਾਂ ਤੋਂ ਮਿਲਦੇ ਫੰਡ ਨੂੰ ਪਾਕਿਸਤਾਨ ਦੇ ਇਤਿਹਾਸ ਦਾ ਸਭ ਤੋਂ ਵੱਡਾ ਘਪਲਾ ਕਰਾਰ ਦਿੱਤਾ ਹੈ।

ਪਾਕਿਸਤਾਨ ਦੇ ਚੋਣ ਕਮਿਸ਼ਨ ਦੇ ਬਾਹਰ ਰੈਲੀ ਵਿੱਚ ਬੋਲਦਿਆਂ ਮਰੀਅਮ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਨਵਾਜ਼ ਸ਼ਰੀਫ ਦੇ ਖ਼ਿਲਾਫ਼ ਦਰਜ ਕੇਸਾਂ ਦਾ ਛੇਤੀ ਅਤੇ ਕੁਝ ਦਿਨਾਂ ਵਿੱਚ ਫੈਸਲਾ ਆ ਜਾਵੇਗਾ, ਪਰ ਚੋਣ ਕਮਿਸ਼ਨ ਨੂੰ 2014 ਤੋਂ ਪਿਛੋਂ ਦੇ ਪੀ ਟੀ ਆਈ ’ਤੇ ਦਰਜ 70 ਕੇਸਾਂ ਦੀ ਸੁਣਵਾਈ ਕਰਨੀ ਹੈ। ਉਨ੍ਹਾਂ ਨੇ ਇਮਰਾਨ ਖ਼ਾਨ ਉਤੇ ਨਿਸ਼ਾਨਾ ਲਾਉਂਦੇ ਅਤੇ ਉਨ੍ਹਾਂ ’ਤੇ ਕੇਸਾਂ ਨੂੰ 30 ਵਾਰ ਰੋਕਣ ਦਾ ਦੋਸ਼ ਲਾਇਆ। ਮਰੀਅਮ ਨੇ ਕਿਹਾ ਕਿ ਅੱਜ ਲੋਕ ਤੁਹਾਨੂੰ ਪੁੱਛਦੇ ਹਨ ਕਿ ਜੇਕਰ ਤੁਸੀਂ ਚੋਰੀ ਨਹੀਂ ਕੀਤੀ ਤਾਂ ਆਪਣੇ ਕੇਸਾਂ ਨੂੰ 30 ਵਾਰ ਰੋਕਣ ਦੀ ਕੋਸ਼ਿਸ਼ ਕਿਉਂ ਕੀਤੀ।

# ਭੋਜਨ ਦੀਆਂ ਕੀਮਤਾਂ ਵਧਣ ਨਾਲ 35 ਕਰੋੜ ਲੋਕ ਭੁੱਖ ਦਾ ਸ਼ਿਕਾਰ ਹੋ ਸਕਦੇ ਨੇ

ਯੂ ਐੱਨ ਓ, 21 ਜਨਵਰੀ (ਪੋਸਟ ਬਿਊਰੋ)- ਯੂ ਐੱਨ ਦੀਆਂ ਏਜੰਸੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਕੋਰੋਨਾ ਮਹਾਮਾਰੀ ਕਾਰਨ ਲੋਕਾਂ ਦੀਆਂ ਖ਼ਤਮ ਹੋਈਆਂ ਨੌਕਰੀਆਂ ਅਤੇ ਖਾਣੇ ਦੀਆਂ ਕੀਮਤਾਂ ਵਧਣ ਕਾਰਨ ਏਸ਼ੀਆ ਪ੍ਰਸ਼ਾਂਤ ਖੇਤਰ ਵਿੱਚ 35 ਕਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹੋਣ ਜਾ ਰਹੇ ਹਨ।





ਕੱਲ੍ਹ ਯੂ ਐੱਨ ਓ ਦੀਆਂ 4 ਏਜੰਸੀਆਂ ਵੱਲੋਂ ਜਾਰੀ ਕੀਤੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮਹਾਂਮਾਰੀ ਕਾਰਨ 1.9 ਅਰਬ ਲੋਕਾਂ ਲਈ ਸੰਤੁਲਤ ਭੋਜਨ ਪ੍ਰਾਪਤ ਕਰਨਾ ਮੁਸ਼ਕਲ ਹੋ ਗਿਆ ਹੈ। ਪਹਿਲੀ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਸੰਕਟ ਕਾਰਨ 82.8 ਕਰੋੜ ਲੋਕਾਂ ਨੂੰ ਭੁੱਖਮਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਤਾਜ਼ਾ ਰਿਪੋਰਟ ’ਚ ਕਿਹਾ ਗਿਆ ਹੈ ਕਿ ਲੱਗਭਗ 68.8 ਕਰੋੜ ਲੋਕ ਵਿਸ਼ਵ ਪੱਧਰ ’ਤੇ ਕਪੋਸ਼ਣ ਦਾ ਸ਼ਿਕਾਰ ਹਨ, ਇਸ ਵਿੱਚੋਂ ਅੱਧੇ ਤੋਂ ਜ਼ਿਆਦਾ ਏਸ਼ੀਆ ਵਿੱਚ ਹਨ। ਸਭ ਤੋਂ ਵੱਧ ਅਫ਼ਗਾਨਿਸਤਾਨ ਵਿੱਚ 40 ਫੀਸਦੀ ਲੋਕ ਕੁਪੋਸ਼ਣ ਦਾ ਸ਼ਿਕਾਰ ਹਨ। ਇਹ ਰਿਪੋਰਟ ਮਹਾਂਮਾਰੀ ਤੋਂ ਪਹਿਲਾਂ 2019 ਦੇ ਅੰਕੜਿਆਂ ਮੁਤਾ-ਬਕ ਹੈ ਪਰ ਅੰਦਾਜ਼ਾ ਹੈ ਕਿ ਮਹਾਂਮਾਰੀ ਅਤੇ ਤਾਲਾਬੰਦੀ ਦੇ ਕਾਰਨ 2020 ਵਿੱਚ 14 ਕਰੋੜ ਹੋਰ ਲੋਕ ਭੁੱਖਮਰੀ ਦੇ ਕੰਢੇ ’ਤੇ ਪਹੁੰਚ ਗਏ ਹਨ। ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਵਿੱਚ ਮਹਾਂਮਾਰੀ ਸਮੇਂ ਤਾਲਾਬੰਦੀ ਦੌਰਾਨ ਸਪਲਾਈ ਲੜੀ ਟੁੱਟਣ ਅਤੇ ਟਰਾਂਸਪੋਰਟ ਦਿੱਕਤਾਂ ਕਾਰਨ ਲੋੜਵੰਦਾਂ ਨੂੰ ਅਨਾਜ ਪੁੱਜਣ ਦੀ ਸਮੱਸਿਆ ਆਈ। ਦਿਹਾੜੀਦਾਰ ਅਤੇ ਪ੍ਰਵਾਸੀ ਮਜ਼ਦੂਰਾਂ ਨੂੰ ਸਭ ਤੋਂ ਜ਼ਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ।

# ਥਾਈ ਬਾਦਸ਼ਾਹ ਦੀ ਹੱਤਕ ਕਰਨ ਉਤੇ ਔਰਤ ਨੂੰ ਸਾਢੇ 43 ਸਾਲ ਕੈਦ

ਬੈਂਕਾਕ, 21 ਜਨਵਰੀ (ਪੋਸਟ ਬਿਊਰੋ)- ਥਾਈਲੈਂਡ ਦੀ ਇੱਕ ਅਦਾਲਤ ਨੇ ਕੱਲ੍ਹ ਬਾਦਸ਼ਾਹ ਦੀ ਬੇਇੱਜ਼ਤੀ ਕਰਨ ਬਾਰੇ ਦੇਸ਼ ਦੇ ਸਖਤ ਕਾਨੂੰਨ ਦੀ ਉਲੰਘਣਾ ਦੇ ਦੋਸ਼ ਹੇਠ ਸਾਬਕਾ ਮਹਿਲਾ ਸਿਵਲ ਅਫਸਰ ਨੂੰ ਸਾਢੇ 43 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਮਹਿਲਾ ਨੂੰ ਬਾਦਸ਼ਾਹ ਦੇ ਖਿਲਾਫ ਫੇਸਬੁੱਕ ਤੇ ਯੂ-ਟਿਊਬ ’ਤੇ ਟਿੱਪਣੀਆਂ ਕਰਨ ਦਾ ਦੋਸ਼ੀ ਪਾਇਆ ਹੈ। ਦੇਸ਼ ਵਿੱਚ ਚੱਲ ਰਹੇ ਰੋਸ ਮੁਜ਼ਾਹਰਿਆਂ ਦੌਰਾਨ ਅਦਾਲਤ ਵੱਲੋਂ ਕੱਲ੍ਹ ਸੁਣਾਈ ਗਈ ਇਸ ਸਜ਼ਾ ਦੇ ਫੈਸਲੇ ਦੀ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲੇ ਕਾਰਕੁੰਨ ਆਲੋਚਨਾ ਕਰ ਰਹੇ ਹਨ।



ਮਨੁੱਖੀ ਅਧਿਕਾਰਾਂ ਬਾਰੇ ਨਿਗਰਾਨ ਸੰਸਥਾ ਦੇ ਸੀਨੀਅਰ ਖੋਜੀ ਸੁਨਾਈ ਫਾਸੁਕ ਨੇ ਕਿਹਾ ਕਿ ਅਦਾਲਤ ਵੱਲੋਂ ਸੁਣਾਇਆ ਗਿਆ ਫੈਸਲਾ ਪੂਰੀ ਤਰ੍ਹਾਂ ਹੈਰਾਨ ਤੇ ਸੁੰਨ ਕਰ ਦੇਣ ਵਾਲਾ ਹੈ। ਇਸ ਤੋਂ ਸਿੱਧਾ ਸੁਨੇਹਾ ਦਿੱਤਾ ਜਾ ਰਿਹਾ ਹੈ ਕਿ ਬਾਦਸ਼ਾਹ ਦੀ ਆਲੋਚਨਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਇਸ ਕੇਸ ਵਿੱਚ ਸਜ਼ਾ ਹਾਸਲ ਕਰਨ ਵਾਲੀ ਮਹਿਲਾ ਆਪਣੀ ਉਮਰ ਦੇ 60ਵੇਂ ਦਹਾਕੇ ’ਚੋਂ ਲੰਘ ਰਹੀ ਹੈ। ਅਦਾਲਤ ਨੇ ਉਸ ਨੂੰ ਪਹਿਲਾਂ 87 ਸਾਲ ਕੈਦ ਦੀ ਸਜ਼ਾ ਸੁਣਾਈ ਸੀ, ਜੋ ਕਿ ਬਾਅਦ ਵਿੱਚ ਘਟਾ ਕੇ ਸਾਢੇ 43 ਸਾਲ ਕਰ ਦਿੱਤੀ ਗਈ ਹੈ।

# ਔਰਤਾਂ ਨੂੰ ਮਾਂ ਬਣਨ ਦੇ ਛੇ ਸਾਲ ਬਾਅਦ ਪਰਤਦੀ ਹੈ ਮਿੱਠੀ ਨੀਂਦ

ਓਟਾਵਾ, 21 ਜਨਵਰੀ (ਪੋਸਟ ਬਿਊਰੋ)- ਮਾਂ ਬਣਨ ਦਾ ਅਹਿਸਾਸ ਸਭ ਤੋਂ ਉਪਰ ਹੁੰਦਾ ਹੈ, ਪਰ ਇਹ ਰਾਤਾਂ ਦੀ ਨੀਂਦ ’ਤੇ ਵੀ ਬਹੁਤ ਅਸਰ ਕਰਦਾ ਹੈ। ਕੈਨੇਡਾ ’ਚ ਹੋਏ ਇੱਕ ਅਧਿਅਨ ਮੁਤਾਬਕ ਜ਼ਿਆਦਾਤਰ ਮਾਂਵਾਂ ਬੱਚੇ ਦੇ ਜਨਮ ਪਿੱਛੋਂ ਰੋਜ਼ ਰਾਤ ਨੂੰ ਔਸਤਨ ਦੋ ਘੰਟੇ ਦੀ ਨੀਂਦ ਗੁਆ ਬੈਠਦੀਆਂ ਹਨ। ਗਰਭ ਅਵਸਥਾ ਤੋਂ ਪਹਿਲਾਂ ਵਰਗੀ ਮਿੱਠੀ ਨੀਂਦ ਲੈਣ ਲਈ ਉਨ੍ਹਾਂ ਨੂੰ ਘੱਟ ਤੋਂ ਘੱਟ ਛੇ ਸਾਲ ਦਾ ਇੰਤਜ਼ਾਰ ਕਰਨਾ ਪੈਂਦਾ ਹੈ।

ਮੈਕਗਿਲ ਯੂਨੀਵਰਸਿਟੀ ਦੇ ਖੋਜ ਕਰਤਾਵਾਂ ਨੇ ਔਲਾਦ ਸੁੱਖ ਦੀ ਪ੍ਰਾਪਤੀ ਦੇ ਦੋ ਹਫ਼ਤਿਆਂ ਦੇ ਅੰਦਰ ਇੱਕ ਹਜ਼ਾਰ ਜੋੜਿਆਂ ਦੀ ਨੀਂਦ ਦੀ ਗੁਣਵੱਤਾ ਦਾ ਵਿਸ਼ਲੇਸ਼ਣ ਕੀਤਾ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਬੱਚੇ ਦੇ ਜਨਮ ਤੋਂ ਬਾਅਦ ਸਿਰਫ ਮਾਂ ਹੀ ਨਹੀਂ, ਪਿਤਾ ਦੀ ਨੀਂਦ ਵੀ ਪ੍ਰਭਾਵਤ ਹੁੰਦੀ ਹੈ। ਪਿਤਾ ਦੇ ਮੁਕਾਬਲੇ ਮਾਂਵਾਂ ਚੈਨ ਦੀ ਨੀਂਦ ਸੌਣ ਲਈ ਵੱਧ ਤਰਸਦੀਆਂ ਹਨ। ਬੱਚੇ ਨੂੰ ਦੁੱਧ ਦੇਣਾ ਅਤੇ ਥਾਪੜ ਕੇ ਸੁਆਉਣ ਦਾ ਦਬਾਅ ਇਸ ਦਾ ਮੁੱਖ ਕਾਰਨ ਹੈ। ਖੋਜਕਰਤਾ ਮੈਰੀ ਪੇਨੇਸਟ੍ਰੀ ਮੁਤਾਬਕ ਸ਼ੁਰੂਆਤੀ ਮਹੀਨਿਆਂ ’ਚ ਬਹੁਤੇ ਨਵਜਾਤ ਬੱਚੇ ਇੱਕ ਵਾਰ ਵੱਧ ਤੋਂ ਵੱਧ ਤਿੰਨ ਤੋਂ ਚਾਰ ਘੰਟੇ ਸੌਂਦੇ ਹਨ। ਛੇ ਮਹੀਨੇ ਬਾਅਦ ਉਹ ਰਾਤ ਨੂੰ ਆਰਾਮ ਨਾਲ ਸੌਂਦੇ ਹਨ। ਉਨ੍ਹਾਂ ਦੱਸਿਆ ਕਿ ਔਰਤਾਂ ਅਕਸਰ ਪਤੀ ਤੇ ਨੌਕਰੀ ਦੇ ਦਬਾਅ ਦੇ ਕਾਰਨ ਆਪਣੀ ਨੀਂਦ ਕੁਰਬਾਨ ਕਰਦੀਆਂ ਹਨ। ਦੂਜੇ, ਤੀਜੇ ਬੱਚੇ ਦੇ ਜਨਮ ਤੋਂ ਬਾਅਦ ਔਰਤਾਂ ਦੀ ਨੀਂਦ ਦਾ ਚੱਕਰ ਹੋਰ ਵਿਗੜ ਜਾਂਦਾ ਹੈ। ਬੱਚੇ ਨੂੰ ਰਾਤ ਵੇਲੇ ਸੰਭਾਲਣ ਦੇ ਨਾਲ ਹੀ ਦਿਨੇ ਬਾਕੀ ਬੱਚਿਆਂ ਦੀ ਦੇਖਭਾਲ ਦਾ ਜ਼ਿੰਮਾ ਵੀ ਇਸਦਾ ਮੁੱਖ ਕਾਰਨ ਬਣ ਜਾਂਦਾ ਦੱਸਿਆ ਗਿਆ ਹੈ।

# ਸੀ ਜੀ ਸੀ ਝੰਜੇੜੀ ਵੱਲੋਂ ਕਾਬਿਲ ਜ਼ਰੂਰਤਮੰਦ ਵਿਦਿਆਰਥੀਆਂ ਲਈ ਪੰਜ ਕਰੋੜ ਦੀ ਸਕਾਲਰਸ਼ਿਪ ਦੀ ਕੀਤੀ ਸ਼ੁਰੂਆਤ

## ਚੰਨੀ ਨੇ ਸਕਾਲਰਸ਼ਿਪ ਸਕੀਮ ਕੀਤੀ ਲਾਂਚ

ਮੋਹਾਲੀ, 21 ਜਨਵਰੀ (ਪੋਸਟ ਬਿਊਰੋ): ਰਾਜ ਸਰਕਾਰ ਪੰਜਾਬ ਦੇ ਵਿਦਿਆਰਥੀਆਂ ਲਈ ਸਿੱਖਿਆਂ ਲਈ ਬਿਹਤਰੀਨ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਉਂਦੇ ਹੋਏ ਲਗਾਤਾਰ ਨਵੀਂ ਸਕੀਮਾਂ ਲਿਆ ਰਹੀ ਹੈ। ਇਸ ਸਕੀਮ ਦਾ ਫ਼ਾਇਦਾ 60% ਪ੍ਰਤੀਸ਼ਤ ਤੋਂ ਵੱਧ ਨੰਬਰ ਹਾਸਿਲ ਕਰਨ ਵਾਲੇ ਵਿਦਿਆਰਥੀ ਲੈ ਰਹੇ ਹਨ। ਇਸ ਦੇ ਨਾਲ ਹੀ ਐੱਸ ਸੀ/ਐੱਸ ਟੀ ਵਿਦਿਆਰਥੀਆਂ ਲਈ ਵੀ ਇਸ ਸਾਲ ਤੋਂ ਕਈ ਬਿਹਤਰੀਨ ਸਕੀਮਾਂ ਲਿਆਂਦੀਆਂ ਜਾਣਗੀਆਂ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪੰਜਾਬ ਦੇ ਤਕਨੀਕੀ ਸਿੱਖਿਆਂ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ ਦੇ ਝੰਜੇੜੀ ਕੈਂਪਸ ਵਿਚ ਪੰਜ ਕਰੋੜ ਰੁਪਏ ਦੇ ਸਕਾਲਰਸ਼ਿਪ ਲਾਂਚ ਕਰਦੇ ਹੋਏ ਕੀਤਾ।



ਜ਼ਿਕਰਯੋਗ ਹੈ ਕਿ ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ ਦੇ ਝੰਜੇੜੀ ਕੈਂਪਸ ਵਿਚ ਪੰਜ ਕਰੋੜ ਦੀ ਸਕਾਲਰਸ਼ਿਪ ਸਕੀਮ ਲਾਂਚ ਕੀਤੀ ਗਈ ਹੈ। ਇਸ ਸਕੀਮ ਤਹਿਤ ਇਕ ਹਜ਼ਾਰ ਤੋਂ ਵੀ ਜ਼ਿਆਦਾ ਵਿਦਿਆਰਥੀ ਸਕਾਲਰਸ਼ਿਪ ਹਾਸਿਲ ਕਰਕੇ ਉੱਚ ਵਿਦਿਆ ਹਾਸਿਲ ਕਰ ਸਕਣਗੇ। ਇਸ ਸਕੀਮ ਹਰ ਉਸ ਵਰਗ ਦੇ ਵਿਦਿਆਰਥੀ ਲਈ ਬਹੁਤ ਫ਼ਾਇਦੇਮੰਦ ਹੋਵੇਗੀ। ਜੋ ਕਿ ਪੜਾਈ ਵਿਚ ਤਾਂ ਕਾਬਿਲ ਹੈ, ਪਰ ਵਿੱਤੀ ਕਾਰਨਾਂ ਕਰਕੇ ਆਪਣੀ ਉੱਚ ਸਿੱਖਿਆਂ ਹਾਸਿਲ ਕਰਨ ਵਿਚ ਆ ਸਮਰਥ ਹੈ। ਇਸ ਦੇ ਨਾਲ ਹੀ ਇਹ ਸਕਾਲਰਸ਼ਿਪ ਸਿਰਫ਼ ਇਕ ਸਾਲ ਦੀ ਸਕਾਲਰਸ਼ਿਪ ਨਾ ਹੋਕੇ ਵਿਦਿਆਰਥੀ ਦੀ ਡਿਗਰੀ ਪੂਰੀ ਹੋਣ ਤੱਕ ਉਸ ਦੇ ਨਾਲ ਚੱਲੇਗੀ। ਇਸ ਸਕਾਲਰਸ਼ਿਪ ਦੀ ਲਾਂਚਿੰਗ ਕਰਨ ਮੌਕੇ ਪੰਜਾਬ ਦੇ ਤਕਨੀਕੀ ਸਿੱਖਿਆਂ ਮੰਤਰੀ ਚਰਨਜੀਤ ਸਿੰਘ ਚੰਨੀ, ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਅਤੇ ਸੀ ਜੀ ਸੀ ਦੇ ਪ੍ਰੈਜ਼ੀਡੈਂਟ ਰਛਪਾਲ ਸਿੰਘ ਧਾਲੀਵਾਲ ਸਮੇਤ ਕਈ ਹਸਤੀਆਂ ਮੌਜੂਦ ਸਨ। ਕੋਵਿਡ ਦਾ ਧਿਆਨ ਰੱਖਦੇ ਹੋਏ ਸਹੀ ਦੂਰੀ ਰੱਖਦੇ ਹੋਏ ਵੱਡੀ ਗਿਣਤੀ ਵਿਚ ਵਿਦਿਆਰਥੀ ਵੀ ਇਸ ਵਿਚ ਸ਼ਾਮਿਲ ਹੋਏ।

ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਅਤੇ ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ ਦੇ ਚੇਅਰਮੈਨ ਸਤਨਾਮ ਸਿੰਘ ਸੰਧੂ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਕਿਹਾ ਕਿ ਕੋਵਿਡ-19 ਨੇ ਹਰ ਵਰਗ ਨੂੰ ਪ੍ਰਭਾਵਿਤ ਕੀਤਾ ਹੈ। ਜਿਸ ਦੇ ਚੱਲਦਿਆਂ ਕਈ ਕਾਬਿਲ ਵਿਦਿਆਰਥੀ ਉੱਚ ਤਕਨੀਕੀ ਸਿੱਖਿਆਂ ਤੋ ਵਾਂਝੇ ਹੁੰਦੇ ਨਜ਼ਰ ਆ ਰਹੇ ਸਨ। ਅਜਿਹੇ ਸਮੇਂ ਵਿਚ ਸੀ ਜੀ ਸੀ ਝੰਜੇੜੀ ਕੈਂਪਸ ਵੱਲੋਂ ਸਮਾਜ ਦੇ ਹਰ ਵਰਗ ਦੇ ਕਾਬਿਲ ਵਿਦਿਆਰਥੀ ਲਈ ਇਹ ਸਕਾਲਰਸ਼ਿਪ ਸ਼ੁਰੂ ਕੀਤੀ ਜਾ ਰਹੀ ਹੈ। ਜਿਸ ਵਿਚ ਉਸ ਵਿਦਿਆਰਥੀ ਦੀ ਡਿਗਰੀ ਦੀ ਸ਼ੁਰੂਆਤ ਤੋਂ ਅਖੀਰ ਤੱਕ ਉਸ ਨੂੰ ਪੜਾਈ ਲਈ ਸਕਾਲਰਸ਼ਿਪ ਮਿਲਦੀ ਰਹੇਗੀ। ਇਸ ਸਕਾਲਰਸ਼ਿਪ ਦੌਰਾਨ ਪੰਜ ਹਜ਼ਾਰ ਦੇ ਕਰੀਬ ਵਿਦਿਆਰਥੀਆਂ ਵਿਚੋਂ ਇਕ ਹਜ਼ਾਰ ਤੋਂ ਵੀ ਜ਼ਿਆਦਾ ਵਿਦਿਆਰਥੀ ਝੰਜੇੜੀ ਕੈਂਪਸ ਵਿਚ ਬਿਹਤਰੀਨ ਸਿੱਖਿਆਂ ਹਾਸਿਲ ਕਰ ਸਕਣਗੇ। ਜਿਸ ਦੀ ਜ਼ਿੰਮੇਵਾਰੀ ਸੀ ਜੀ ਸੀ ਝੰਜੇੜੀ ਕੈਂਪਸ ਦੀ ਹੋਵੇਗੀ।

ਸੀ ਜੀ ਸੀ ਪ੍ਰੈਜ਼ੀਡੈਂਟ ਰਛਪਾਲ ਸਿੰਘ ਧਾਲੀਵਾਲ ਨੇ ਦੱਸਿਆਂ ਕਿ ਝੰਜੇੜੀ ਕੈਂਪਸ ਜਿੱਥੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ, ਵਾਧੂ ਸਹੂਲਤਾਂ ਪ੍ਰਦਾਨ ਕਰੇਗਾ। ਉੱਥੇ ਹੀ ਝੰਜੇੜੀ ਕੈਂਪਸ ਇਨ੍ਹਾਂ ਵਿਦਿਆਰਥੀਆਂ ਨੂੰ ਬਿਹਤਰੀਨ ਸਿੱਖਿਆਂ ਦਿੰਦੇ ਹੋਏ ਉਨ੍ਹਾਂ ਲਈ ਵਧੀਆਂ ਪਲੇਸਮੈਂਟ ਦਾ ਵੀ ਉਪਰਾਲਾ ਕਰੇਗਾ। ਜਿਸ ਨਾਲ ਵਿਦਿਆਰਥੀ ਡਿਗਰੀ ਹਾਸਿਲ ਕਰਦੇ ਹੀ ਬਿਹਤਰੀਨ ਨੌਕਰੀ ਹਾਸਿਲ ਕਰਕੇ ਆਪਣੇ ਮਾਪਿਆਂ ਦਾ ਸਹਾਰਾ ਬਣ ਸਕੇ।

# ਰਾਜਨੀਤਕ ਸੰਕਟ ਖਤਮ: ਇਟਲੀ ਵਿੱਚ ਕੌਂਟੇ ਸਰਕਾਰ ਨੇ ਭਰੋਸੇ ਦਾ ਵੋਟ ਫਿਰ ਜਿੱਤਿਆ

ਵੀਨਸ, 21 ਜਨਵਰੀ (ਪੋਸਟ ਬਿਊਰੋ)- ਇਟਲੀ ’ਚ ਕੁਝ ਦਿਨਾਂ ਤੋਂ ਚੱਲ ਰਿਹਾ ਸਿਆਸੀ ਸੰਕਟ ਕੱਲ੍ਹ ਸ਼ਾਮ ਸਮਾਪਤ ਹੋ ਗਿਆ ਹੈ। ਸੈਨੇਟ ਮੈਂਬਰਾਂ ਦੀਆਂ ਵੋਟਾਂ ਨਾਲ ਮੌਜੂਦਾ ਕੌਂਟੇ ਸਰਕਾਰ ਦੇ ਹੱਕ ਵਿੱਚ 156 ਵੋਟਾਂ ਪੈਣ ਕਰਕੇ ਇਹ ਸਰਕਾਰ ਫਿਰ ਬਹੁਮੱਤ ਹਾਸਲ ਕਰਨ ਵਿੱਚ ਸਫਲ ਰਹੀ ਹੈ, ਵਿਰੋਧ ਵਿੱਚ 140 ਵੋਟਾਂ ਪਈਆਂ ਹਨ। ਬੀਤੀ ਚਾਰ ਜਨਵਰੀ ਨੂੰ ਗੱਠਜੋੜ ਵਾਲੀ ਇਸ ਸਰਕਾਰ ਦੀ ਇੱਕ ਭਾਈਵਾਲ ਪਾਰਟੀ ‘ਵੀਵਾ’ ਨਾਲ ਸਬੰਧਤ ਕੁਝ ਮੰਤਰੀਆਂ ਨੇ ਅਸਤੀਫ਼ੇ ਦੇ ਦਿੱਤੇ ਸਨ। ਪ੍ਰਧਾਨ ਮੰਤਰੀ ਕੌਂਟੇ ਦੀ ਸਰਕਾਰ ਪੰਜ ਸਤੰਬਰ 2019 ਨੂੰ ਬਣੀ ਸੀ ਅਤੇ ਵੀਵਾ ਪਾਰਟੀ ਦੇ ਨੇਤਾ ਰੈਨਜੀ ਨੇ ਆਰਥਿਕ ਮੁੱਦੇ ’ਤੇ ਨਾਰਾਜਗੀ ਦਿਖਾ ਕੇ ਸਾਥੀਆਂ ਨਾਲ ਅਸਤੀਫ਼ੇ ਦੇ ਦਿੱਤੇ ਸਨ। ਪਾਰਲੀਮੈਂਟ ਦੇ ਦੋਵਾਂ ਸਦਨਾਂ ਵਿੱਚ ਵੱਧ ਵੋਟ ਲੈ ਕੇ ਪ੍ਰਧਾਨ ਮੰਤਰੀ ਜਾਸੈਪੇ ਕੌਂਟੇ ਬਹੁਮੱਤ ਸਾਬਤ ਕਰਕੇ ਇਸ ਰਾਜਨੀਤਕ ਭੂਚਾਲ ਦਾ ਸਾਹਮਣਾ ਕਰ ਗਏ ਹਨ। ਭਰੋਸੇ ਦਾ ਵੋਟ ਲੈਣ ਪਿੱਛੋਂ ਕੌਂਟੇ ਨੇ ਦੁਹਰਾਇਆ ਕਿ ਇੱਕ ਵੀ ਮਿੰਟ ਬਰਬਾਦ ਨਹੀਂ ਕੀਤਾ ਜਾ ਸਕਦਾ ਤੇ ਆਰਥਿਕ ਸੰਕਟ ਤੇ ਮੈਡੀਕਲ ਐਮਰਜੈਂਸੀ ਨਾਲ ਨਜਿੱਠਣ ਲਈ ਜੰਗੀ ਪੱਧਰ ’ਤੇ ਕੰਮ ਕਰਨਾ ਹੋਵੇਗਾ। ਉਧਰ ‘ਵੀਵਾ’ ਪਾਰਟੀ ਦੇ ਲੀਡਰ ਮਤੇਓ ਰੈਂਸੀ ਨੇ ਕਿਹਾ ਕਿ ਭਾਵੇਂ ਸਰਕਾਰ ਲਈ ‘ਗੇਮ ਓਵਰ’ ਨਹੀਂ ਹੋਈ ਹੈ, ਪ੍ਰੰਤੂ ਦੇਸ਼ ਦੀ ‘ਗੇਮ ਓਵਰ’ ਜ਼ਰੂਰ ਹੋ ਚੁੱਕੀ ਹੈ।

# BRAMPTON CITY COUNCIL SUPPORTS ONTARIO DUMP TRUCK ASSOCIATION

BRAMPTON- At its January 20th Committee of Council meeting, Members of Council unanimously passed a motion moved by Regional Councillor Gurpreet Singh Dhillon and seconded by Regional Councillor Martin Medeiros, in support of the Ontario Dump Truck Association's request of the provincial government to review regulations limiting the use of dump trucks.

As per the Ontario's 'Safe, Productive, Infrastructure-Friendly' regulations, as of January 1st, 2021, any dump truck that was manufactured prior to 2011 must undergo expensive retrofits, be taken off the road prematurely, or operate at a reduced load capacity. These regulations significantly impact the livelihoods of a great number dump truck owners and operators, many of whom are from Brampton. The Ontario Dump Truck Association has asked the provincial government to re-evaluate the regulations and come up with an alternative solution.

"Many Bramptonians are employed in the industry and will suffer a great financial loss, up to $40,000 per truck, if they are forced to accept the new regulations" said Councillor Dhillon." I sincerely hope that the provincial government will listen to the request of Brampton Council, and work collaboratively with the Ontario Dump Truck Association and dump truck owners everywhere, to come up with viable solution."

"The requirement makes no sense since the average lifespan of a dump truck is 20 to 25 years," said Alec Cloke representative of the Ontario Dump Truck Association.

"Manufacturers began to use the new truck components starting in 2011, and all trucks manufactured previously should have been grandfathered by the government for the full lifespan of the truck."

As per Councillor Dhillon's motion, a letter will be sent by the Mayor on behalf of Council requesting the Ministry of Ontario to grant the ODTA's request for a meeting.

**WAREHOUSE ORDER PICKER/PACKER / GENERAL HELP (PART TIME/FULL TIME)**
(For a Food distribution company in Scarborough)

**Job Description:**

- Order picking and packing as well as stocking up of shelves.
- Contribute to daily inbound or outbound warehouse operations.
- Palletize and wrap skids, organize warehouse space, Pick, and load orders quickly and accurately and other duties as required.
- Arranging Cartons and Bags on the racks and inside the freezer.

**Requirements:**

- 1 position, Preferred Experience - 2-3 yrs. in food wholesale/distribution warehouse. Students/New Immigrants Welcome.
- Capable of lifting up to 50lbs
- Able to speak English
- Full time Shift- 11am to 7pm on weekdays. Part time also available.
- Hourly Rate - Order Picker - $17 to $19 , Packer/Helper-$16 to $18 depending upon experience.

Please send your resumes by email at siva@srimi.com or by fax at +1 647-351-7157 or
Call Ram at +1 647-831-9149 (Morning) or Siva at +1 416-666-8525 (Evening).

**ਨੈਨੀ ਦੀ ਲੋੜ**

Queen and credit view area

ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।

ਸੰਪਰਕ:- 416-556-6884




## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6’2’’, ਜੋ ਕਿ ਆਸਟ੍ਰੇਲੀਆ ’ਚ ਸਟੱਡੀ ਵੀਜ਼ੇ ’ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ ’ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ ’ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5’11’’ ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’10”, Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6’ tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਹੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5’8’’, ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5’8’’, ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5’11’,ਕੈਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5’11’’, ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5’7’’, ਕੈਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5’-3’’, ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖਿਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5’3’’, ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5’-4’’, Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653




Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654




UPPAL LAW
AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਯੂ ਏ ਪੀ ਏ ਦੀ ਦੁਰਵਰਤੋਂ ਨਾਲ ਮੋਦੀ ਸਰਕਾਰ ਨੇ ਆਪਣੀ ਹਾਰ ਕਬੂਲੀ : ਭਾਈ ਅਭਿਆਸੀ

ਅੰਮ੍ਰਿਤਸਰ, 21 ਜਨਵਰੀ ਦਮਦਮੀ ਟਕਸਾਲ ਦੇ ਆਗੂ ਅਤੇ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਕਮੇਟੀ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ ਨੇ ਕਿਸਾਨੀ ਨੂੰ ਤਬਾਹ ਕਰਨ ਵਾਲੇ ਕਾਲੇ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਕਰ ਰਹੇ ਕਿਸਾਨਾਂ ਦੀ ਆਵਾਜ਼ ਨੂੰ ਦਬਾਉਣ ਲਈ ਭਾਰਤ ਦੀ ਮੋਦੀ ਸਰਕਾਰ ਵੱਲੋਂ ਕੋਝੇ ਹੱਥਕੰਡੇ ਅਪਣਾਉਂਦਿਆਂ ਐਨ ਆਈ ਏ ਦੀ ਤਰਫ਼ੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਖ਼ਾਲਸਾ ਸਮੇਤ ਕਿਸਾਨ ਸੰਘਰਸ਼ ਨਾਲ ਜੁੜੇ ਲੋਕਾਂ ਨੂੰ ਨੋਟਿਸ ਭੇਜੇ ਜਾਣ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਅਤੇ ਕਿਸਾਨ ਸੰਘਰਸ਼ ਨਾਲ ਜੁੜੇ ਲੋਕਾਂ ਨੂੰ ਐਨਆਈਏ ਵੱਲੋਂ ਨੋਟਿਸ ਜਾਰੀ ਕਰਕੇ ਸਰਕਾਰ ਨੇ ਆਪਣੀ ਹਾਰ ਕਬੂਲ ਕਰ ਲਈ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਾਸੀਆਂ ਨੂੰ ਆਪਣੇ ਹੱਕ ਲਈ ਅੰਦੋਲਨ ਕਰਨ ਦਾ ਹੱਕ ਸੰਵਿਧਾਨ ਨੇ ਦਿੱਤਾ ਹੋਇਆ ਹੈ। ਕਿਸਾਨੀ ਅੰਦੋਲਨ ’ਤੇ ਇਨ੍ਹਾਂ ਨੋਟਿਸਾਂ



ਦਾ ਕੋਈ ਅਸਰ ਨਹੀਂ ਪਵੇਗਾ। ਉਨ੍ਹਾਂ ਕਿਹਾ ਕਿ ਪੂਰਨ ਸ਼ਾਂਤਮਈ ਚੱਲ ਰਹੇ ਕਿਸਾਨੀ ਲਹਿਰ ਪ੍ਰਤੀ ਸਰਕਾਰ ਅਤੇ ਭਾਜਪਾ ਵੱਲੋਂ ਜਾਣਬੁੱਝ ਕੇ ਗ਼ਲਤ ਰੰਗਤ ਦੇਣ ਦੇ ਯਤਨ ਵਿਚ ਹੈ। ਸਰਕਾਰ ਅਤੇ ਭਾਜਪਾ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਣ ਲਈ ਹਰ ਹੀਲਾ ਵਰਤ ਰਹੀ ਹੈ। ਲੋਕ ਲਹਿਰ ਨੂੰ ਦਬਾਉਣ ਲਈ ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਅਤੇ ਐਨਆਈਏ ਰਾਹੀਂ ਯੂਏਪੀਏ ਤਹਿਤ ਕਿਸਾਨ ਸੰਘਰਸ਼ ਉੱਪਰ ਵਾਰ ਇਸੇ ਨੀਤੀ ਦਾ ਹੀ ਹਿੱਸਾ ਹੈ। ਉਨ੍ਹਾਂ ਭਾਜਪਾ ਆਗੂਆਂ ਵੱਲੋਂ ਸੰਘਰਸ਼ਸ਼ੀਲ ਕਿਸਾਨਾਂ ਨੂੰ ਦੇਸ਼ ਵਿਰੋਧੀ ਕਹਿਣ ’ਤੇ ਵੀ ਇਤਰਾਜ਼ ਜਤਾਇਆ ਅਤੇ ਇਨ੍ਹਾਂ ਬਿਆਨਾਂ ਨੂੰ ਦੇਸ਼ ਦੀ ਏਕਤਾ ਲਈ ਖ਼ਤਰਨਾਕ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਲੋਕਾਂ ਦੀ ਅਵਾਜ਼ ਨੂੰ ਦਬਾਉਣ ਲਈ ਕੇਂਦਰ ਵੱਲੋਂ ਤਾਨਾਸ਼ਾਹ ਨੀਤੀ ਦੀ ਪ੍ਰਗਟਾਵਾ ਕਰਦਿਆਂ ਡਰਾਵਾ ਦੇਣਾ ਅਤੇ ਯੂਏਪੀਏ ਕਾਨੂੰਨ ਦੀ ਦੁਰਵਰਤੋਂ ਭਾਰਤੀ ਲੋਕਤੰਤਰ ਦਾ ਘਾਣ ਹੈ। ਉਨ੍ਹਾਂ ਮੋਦੀ ਸਰਕਾਰ ਨੂੰ ਅੜੀਅਲ ਵਤੀਰਾ ਛੱਡ ਕੇ ਕਿਸਾਨਾਂ ਦੀਆਂ ਹੱਕੀ ਮੰਗਾਂ ਪ੍ਰਵਾਨ ਕਰਨ ਲਈ ਸੰਜੀਦਗੀ ਵਿਖਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਤਾਨਾਸ਼ਾਹੀ ਬਰਦਾਸ਼ਤ ਯੋਗ ਨਹੀਂ, ਸਰਕਾਰ ਦਾ ਇਹ ਰਵੱਈਆ ਸਾਬਤ ਕਰਦਾ ਹੈ ਕਿ ਦੇਸ਼ ਦੀ ਬੀਜੇਪੀ ਸਰਕਾਰ ਤਾਨਾਸ਼ਾਹ ਬਣ ਚੁੱਕੀ ਹੈ ਜੋ ਭਾਰਤ ਦੇ ਸੰਵਿਧਾਨ ਲਈ ਵੱਡਾ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਯੂਏਪੀਏ ਦੀ ਦੁਰਵਰਤੋਂ ਤੁਰੰਤ ਬੰਦ ਕਰਨ ਅਤੇ ਕਿਸਾਨ ਆਗੂਆਂ ਨਾਲ ਠੋਸ ਨਤੀਜਿਆਂ ਲਈ ਗੱਲਬਾਤ ਕਰਨ ਦੀ ਸਰਕਾਰ ਨੂੰ ਸਲਾਹ ਦਿੱਤੀ

# ਸਿੱਖ ਟੈਂਪਲ ਕਨੋਗਾ ਪਾਰਕ, ਕੈਲੀਫੋਰਨੀਆਂ ਵਿਚ ਕਿਸਾਨੀ ਸੰਘਰਸ਼ ਦੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ): ਸਿੱਖ ਟੈਂਪਲਕਨੋਗਾ ਪਾਰਕ (ਕੈਲੇਫੋਰਨੀਆ) ਵਿਖੇ, ਦਿੱਲੀ ਚਲ ਰਹੇ ਕਿਸਾਨੀ ਸੰਘਰਸ਼ ਦੌਰਾਨ ਹੋਏ ਸ਼ਹੀਦਾਂ ਦੀ ਯਾਦ ਵਿੱਚ ਰੱਖੇ ਗਏ, ਸ੍ਰੀ ਅਖੰੜ ਪਾਠ ਸਾਹਿਬ ਦੇ ਭੋਗ ਪਾਏ ਗਏ। ਇਹ ਅਖੰਡ ਪਾਠ ਗਲੋਬਲ ਪੰਜਾਬੀ ਫੋਰਮਅਮਰੀਕਾ ਦੇ ਸਮੂਹ ਮੈਂਬਰਾਂ ਵੱਲੋਂ ਕਰਵਾਇਆਂ ਗਿਆ। ਭੋਗ ਤੋਂ ਉਪਰੰਤ ਇਲਾਹੀ ਬਾਣੀ ਦੇ ਕੀਰਤਨ ਦਾ ਪ੍ਰਵਾਹ ਚਲਿਆ। ਸ਼ਰਧਾਂਜਲੀ ਸਮਾਰੋਹ ਦੀ ਸੁਰੂਆਤ ਕਰਦਿਆਂ। ਨਾਨਕ ਸਿੰਘ ਐਲ ਏ (ਸੈਕਟਰੀ ਗਲੋਬਲ ਪੰਜਾਬੀ ਫੋਰਮ )ਨੇ ਕਿਸਾਨੀ ਘੋਲ ਦੇ ਪਿਛੋਕੜ ਬਾਰੇ ਚਾਨਣਾ ਪਾਇਆ ਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਸਿਆਣਪ ਅਤੇ ਦਿਨ ਰਾਤ ਦੀ ਮਿਹਨਤ ਦੀ ਸਾਲਾਹੁਤਾ ਕੀਤੀ । ਉਨਾਂ ਦੀ ਦ੍ਰਿੜਤਾ ਤੇ ਚੜਦੀ ਕਲਾ ਦੀ ਦਾਦ ਦਿੱਤੀ । ਦ੍ਰਿੜਤਾ ਤੇ ਚੜਦੀ ਕਲਾ, ਦੀ ਸਰਾਹਨਾ ਕੀਤੀ ਗਈ। ਭਾਰਤੀ ਸਰਕਾਰ ਨੂੰ ਅਪੀਲ ਕੀਤੀ ਗਈ



ਕਿ ਇਹ ਤਿੰਨੇ ਕਨੂੰਨ , ਜੋ ਕਿ ਕਿਸਾਨ ਮਾਰੂ ਹਨ , ਜਲਦੀ ਤੋਂ ਜਲਦੀ ਵਾਪਸ ਲਏ ਜਾਣ । ਸੰਘਰਸ਼ ਵਿੱਚ ਹੋਏ ਸ਼ਹੀਦਾਂ ਨੂੰ ਭਾਵਪੂਰਨ ਸ਼ਬਦਾਂ ਵਿੱਚ ਸ਼ਰਧਾਂਜਲੀਪੇਸ਼ ਕੀਤੀ ਗਈ । ਇਸ ਤੋਂ ਬਾਦ ਜੀਪੀਐਫਦੇ ਪ੍ਰਧਾਨ ਜਸਪਾਲ ਸਿੰਘ ਸੈਣੀ ਨੇ ਕਿਸਾਨੀ ਸੰਘਰਸ਼ ਦੇ ਘੋਲ ਦੀ ਚਰਚਾ ਕਰਦਿਆਂ ਕਿਹਾ ਕਿ ਇਹ ਕਨੂੰਨ ਕਿਸਾਨ ਮਾਰੂ ਤਾਂ ਹਨ ਹੀ , ਇਹ ਸਮਾਜ ਦੇ ਸਾਰੇ ਵਰਗਾ ਦੇ ਹਿਤਾਂ ਖ਼ਿਲਾਫ਼ ਭੁਗਤਣ ਵਾਲੇ ਹਨ । ਇਹ ਸਿਧੇ ਤੌਰ ਤੇ ਕਾਰਪੋਰੇਟਘਰਾਣਿਆਂ ਦਾ ਹਿਤ ਪੂਰਦੇ ਹਨ ।ਹਰ ਹਾਲਤ ਵਿੱਚ ਵਾਪਸ ਹੋਣੇ ਚਾਹੀਦੇ ਹਨ। ਸੰਘਰਸ਼ ਵਿੱਚ ਹੋਏ ਸ਼ਹੀਦਾਂ ਨੂੰ ਯਾਦ ਕੀਤਾ ਤੇ ਸ਼ਰਧਾਂਜਲੀਪੇਸ਼ ਕੀਤੀ ॥ ਡਾ: ਅਮਰਜੀਤ ਸਿੰਘ ਜੀ ਮਾਰਵਾਹ, ਜੋ ਕਿ ਸਿੱਖ ਕਮਿਊਨਿਟੀ ਦੇ ਸਤਿਕਾਰਤ ਆਗੂ ਹਨਨੇ ਕਿਸਾਨੀ ਘੋਲ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਪੇਸ਼ ਕੀਤੀ । ਵਰਨਣਯੋਗ ਹੈ ਕਿ ਡਾ: ਮਾਰਵਾਹ ਜੀ ਅਮਰੀਕਾਵਿੱਚ ਤੇ ਭਾਰਤ ਚ ਵੀ ਸਮਾਜ ਸੇਵੀ ਸੰਸਥਾਵਾਂ ਦੇ ਮੋਢੀਆਂ ਵਿੱਚੋਂ ਇਕ ਹਨ, ਤੇ ਇੰਨਾਂ ਕਾਰਜਾਂ ਵਿੱਚ ਵੱਧ ਚੜ ਕੇ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਹਨਤੇ ਡਾ: ਅਮਰਜੀਤ ਸਿੰਘ ਜੀ ਮਾਰਵਾਹ ਗਲੋਬਲ ਪੰਜਾਬੀ ਫੋਰਮਅਮਰੀਕਾਦੀ ਸੰਸਥਾ ਦੇ ਸਰਪ੍ਰਸਤ ਹਨ। ਸਟੇਜ ਦੀ ਕਾਰਵਾਈ ਨਾਨਕ ਸਿੰਘ ਐਲ ਏਨੇ ਨਿਭਾਈ ।ਕਿਸਾਨ ਸੰਘਰਸ਼ ਦੀ ਸਫਲਤਾ ਲਈ ਸਮੂਹ ਸੰਗਤ ਨੇ ਇਸ ਮੌਕੇ ਅਰਦਾਸ ਕੀਤੀ।

# ਬੇਘਰ ਜ਼ਖਮੀ ਪੂਜਾ ਨੂੰ ਸਰਾਭਾ ਆਸ਼ਰਮ ਨੇ ਦਿੱਤਾ ਆਸਰਾ

ਭੁੱਖੇ ਪੇਟ ਰੋਟੀ ਨੂੰ ਤਰਸਦੇ ਲੱਖਾਂ ਹੀ ਅਜਿਹੇ ਬੇਘਰ ਗ਼ਰੀਬ ਹਨ ਜਿਹੜੇ ਖੁੱਲ੍ਹੇ ਅਸਮਾਨ ਥੱਲੇ ਸੜਕਾਂ ਤੇ ਸੌਂ ਕੇ ਗੁਜਾਰਦੇ ਹਨ। ਬਿਮਾਰ ਹੋ ਜਾਣ ਦੀ ਸੂਰਤ ਵਿੱਚ ਕੋਈ ਪੈਸਾ ਕੋਲ ਨਾ ਹੋਣ ਕਰਕੇ ਰੋਂਦੇ-ਕੁਰਲਾਂਦੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਜਾਂਦੇ ਹਨ। ਅਜਿਹੀ ਹੀ ਹਾਲਤ ਸੀ ਇਸ ਔਰਤ ਪੂਜਾ ਦੀ ਜੋ ਕਿ ਲੁਧਿਆਣਾ ਸ਼ਹਿਰ ਵਿੱਚ ਢੰਡਾਰੀ ਦੇ ਇਲਾਕੇ ਵਿੱਚ ਸੜਕਾਂ ਤੇ ਸੌਂ ਕੇ ਜ਼ਿੰਦਗੀ ਗੁਜ਼ਾਰਦੀ ਸੀ ਅਤੇ ਭੀਖ ਮੰਗ ਕੇ ਪੇਟ ਭਰਦੀ ਸੀ। ਪਰ ਹਾਲਤ ਉਦੋਂ ਹੋਰ ਜ਼ਿਆਦਾ ਬਦਤਰ ਹੋ ਗਈ ਜਦੋਂ ਪੈਰ ਫਿਸਲ ਜਾਣ ਕਰਕੇ ਇਸ ਦੀ ਖੱਬੀ ਲੱਤ ਟੁੱਟ ਗਈ।

ਕਿਸੇ ਟੈਂਪੂ ਵਾਲੇ ਨੇ ਤਰਸ ਖਾ ਕੇ ਇਸ ਨੂੰ ਸਿਵਲ ਹਸਪਤਾਲ ਦੇ



ਸਾਹਮਣੇ ਪਾਰਕ ਵਿੱਚ ਛੱਡ ਦਿੱਤਾ । ਉੱਥੇ ਸੇਵਾ ਕਰ ਰਹੇ ਏਕ ਨੂਰ ਸੇਵਾ ਸੰਸਥਾ ਦੇ ਵਲੰਟੀਅਰਾਂ ਨੇ ਇਸ ਨੂੰ ਸਿਵਲ ਹਸਪਤਾਲ ‘ਚ ਦਾਖਲ ਕਰਵਾ ਦਿੱਤਾ ਅਤੇ ਇਸ ਦੀ ਲੱਤ ਦਾ ਅਪਰੇਸ਼ਨ ਕਰਵਾ ਕੇ ਪਲੱਸਤਰ ਲਗਵਾ ਕੇ ਇਸ ਨੂੰ ਗੁਰੂ ਅਮਰ ਦਾਸ ਅਪਾਹਜ ਆਸ਼ਰਮ, ਸਰਾਭਾ ‘ਚ ਭੇਜ ਦਿੱਤਾ । ਪੂਜਾ ਦੇ ਦੱਸਣ ਮੁਤਾਬਕ ਇਸ ਦਾ ਕੋਈ ਪਰਿਵਾਰ ਨਹੀਂ ਹੈ। ਆਸ਼ਰਮ ਵਿੱਚ ਆ ਕੇ ਇਸਨੂੰ ਨਵਾਂ ਜੀਵਨ ਮਿਲਿਆ ਹੈ। ਹੁਣ ਉਸ ਨੂੰ ਮੰਜਾ ਬਿਸਤਰਾ, ਭੋਜਨ, ਮੈਡੀਕਲ ਸਹਾਇਤਾ ਅਤੇ ਹਰ ਜਰੂਰੀ ਵਸਤੂ ਮੁਫ਼ਓਮਪ;ਤ ਮਿਲਦੀ ਹੈ। ਆਸ਼ਰਮ ਦੇ ਸੰਸਥਾਪਕ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਜੋਧਾਂ ਨੇ ਆਸ ਪ੍ਰਗਟਾਈ ਹੈ ਕਿ ਪਲੱਸਤਰ ਖੁੱਲ੍ਹਣ ਤੋਂ ਬਾਅਦ ਪੂਜਾ ਤੁਰਨ ਫਿਰਨ ਦੇ ਯੋਗ ਹੋ ਜਾਵੇਗੀ। ਉਹਨਾਂ ਨੇ ਦੱਸਿਆ ਕਿ ਇਸ ਆਸ਼ਰਮ ਵਿੱਚ ਡੇਢ ਸੌ

ਦੇ ਕਰੀਬ ਅਪਾਹਜ, ਨੇਤਰਹੀਣ, ਦਿਮਾਗੀ ਸੰਤੁਲਨ ਗੁਆ ਚੁੱਕੇ, ਅਧਰੰਗ, ਸ਼ੂਗਰ, ਏਡਜ਼, ਕਾਲਾ ਪੀਲੀਆ, ਟੀ.ਬੀ. ਆਦਿ ਨਾਲ ਪੀੜਤ ਮਰੀਜ਼ ਰਹਿੰਦੇ ਹਨ । ਇਹ ਸਾਰੇ ਹੀ ਲਾਵਾਰਸ, ਬੇਘਰ ਅਤੇ ਬੇਸਹਾਰਾ ਹਨ। ਇਹਨਾਂ ਮਰੀਜ਼ਾਂ ਦੀ ਸੇਵਾ-ਸੰਭਾਲ ਮੁਫ਼ਤ ਕੀਤੀ ਜਾਂਦੀ ਹੈ। ਆਸ਼ਰਮ ਦਾ ਲੱਖਾਂ ਰੁਪਏ ਮਹੀਨੇ ਦਾ ਖ਼ਰਚਾ ਸੰਗਤਾਂ ਦੇ ਸਹਿਯੋਗ ਨਾਲ ਹੀ ਚਲਦਾ ਹੈ। ਹੋਰ ਜਾਣਕਾਰੀ ਲਈ ਡਾ. ਮਾਂਗਟ ਦਾ ਸੰਪਰਕ ਹੈ; ਕੈਨੇਡਾ: 403-401-8787, ਇੰਡੀਆ: 95018-42506.

# ਸਮੀਰਾ ਫਾਜ਼ਿਲੀ ਡਿਪਟੀ ਡਾਇਰੈਕਟਰ ਨੈਸ਼ਨਲ ਇਕਨਾਮਿਕ ਕੌਂਸਲ ਨਿਯੁਕਤ

ਸੈਕਰਾਮੈਂਟੋ, ਕੈਲੀਫੋਰਨੀਆ, 21 ਜਨਵਰੀ (ਹੁਸਨ ਲੜੋਆ ਬੰਗਾ)- ਭਾਰਤੀ ਮੂਲ ਦੀ ਸਮੀਰਾਫਾਜ਼ਿਲੀ ਜਿਸ ਦੇ ਪਰਿਵਾਰ ਦੀਆਂ ਜੜਾਂ ਕਸ਼ਮੀਰ ਨਾਲ ਜੁੜੀਆਂ ਹੋਈਆਂ ਹਨ, ਨੂੰ ਰਾਸ਼ਟਰਪਤੀ ਚੁਣੇ ਗਏ ਜੋਅਬਾਇਡੇਨ ਨੇ ਨੈਸ਼ਨਲ ਇਕਨ-ਾਮਿਕ ਕੌਂਸਲ ਦੀ ਡਿਪਟੀ ਡਾਇਰੈਕਟਰ ਨਿਯੁਕਤ ਕੀਤਾ ਹੈ। ਫਾਜ਼ਿਲੀ ਭਾਰਤੀ ਮੂਲ ਦੇ ਦਰਜ਼ਨ ਤੋਂ ਵਧ ਨਿਯੁਕਤ ਕੀਤੇ ਸੀਨੀਅਰਸਟਾਫ ਮੈਂਬਰਾਂ ਵਿਚ ਸ਼ਾਮਿਲ ਹੋ ਗਈ ਹੈ। ਇਸ ਤੋਂ ਪਹਿਲਾਂ ਫਾਜ਼ਿਲੀਫੈਡਰਲਰਿਜਰਵ ਬੈਂਕ ਆਫ ਐਟਲਾਂਟਾ ਵਿਚ ਕਮਿਊਨਿਟੀ ਤੇ ਆਰਥਕ ਵਿਕਾਸ ਸਬੰਧੀ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਅ ਚੁੱਕੀ ਹੈ। ਉਬਾਮਾ-



ਬਾਇਡੇਨ ਪ੍ਰਸ਼ਾਸਨ ਵਿਚ ਉਹ ਵਾਇਟਹਾਊਸ ਦੀ ਨੈਸ਼ਨਲ ਇਕਨਾਮਿਕ ਕੌਂਸਲ ਵਿਚ ਸੀਨੀਅਰ ਨੀਤੀ ਸਲਾਹਕਾਰ ਵਜੋਂ ਕੰਮ ਕਰ ਚੁੱਕੀ ਹੈ। ਇਸ ਤੋਂ ਪਹਿਲਾਂ ਉਸ ਨੇ ਯੇਲਲਾਅ ਸਕੂਲ ਵਿਚ ਕਲੀਨੀਕਲ ਲੈਕਚਰਾਰ ਵਜੋਂ ਵੀ ਨੌਕਰੀ ਕੀਤੀ ਸੀ।

# ਈਰਾਨ ਦਾ ਅਮਾਊ ਹਾਜੀ 67 ਸਾਲਾਂ ਤੋਂ ਨਹਾਇਆ ਹੀ ਨਹੀਂ



ਤਹਿਰਾਨ, 21 ਜਨਵਰੀ (ਪੋਸਟ ਬਿਊਰੋ)- ਈਰਾਨ ਦੇ ਇੱਕ ਵਿਅਕਤੀ ਬਾਰੇ ਹੈਰਾਨੀ ਭਰੀ ਖਬਰ ਆਈ ਹੈ, ਜੋ ਪਿਛਲੇ 67 ਸਾਲਾਂ ਤੋਂ ਨਹਾਇਆ ਤੱਕ ਨਹੀਂ, ਜਿਸ ਤੋਂ ਹਰ ਕੋਈ ਹੈਰਾਨ ਹੈ।

ਮਿਲੀ ਖਬਰ ਮੁਤਾਬਕ ਈਰਾਨ ਦੇ ਦੱਖਣੀ ਸੂਬੇ ਦੇ ਪਿੰਡ ਦੇਜਗਾਹ ਦਾ 87 ਸਾਲਾ ਵਾਸੀ ਅਮਾਊ ਹਾਜੀ ਹਮੇਸ਼ਾਂ ਸਵਾਹ ਅਤੇ ਮਿੱਟੀ ਨਾਲ ਲਿਬੜਿਆ ਰਹਿੰਦਾ ਹੈ। ਉਹ ਪਿਛਲੇ ਸੱਤ ਦਹਾਕਿਆਂ ਤੋਂ ਇਸ ਕਰਕੇ ਨਹੀਂ ਨਹਾਤਾ ਕਿ ਉਸ ਨੂੰ ਪਾਣੀ ਤੋਂ ਡਰ ਲੱਗਦਾ ਹੈ। ਉਹ ਵਿਸ਼ਵਾਸ ਕਰਦਾ ਹੈ ਕਿ ਜੇ ਉਹ ਨਹਾਵੇਗਾ ਤਾਂ ਬੀਮਾਰ ਹੋ ਜਾਵੇਗਾ। ਮਰੇ ਜਾਨਵਰਾਂ ਦਾ ਸੜਿਆ ਮਾਸ ਖਾਣਾ ਉਸ ਦਾ ਮਨ ਪਸੰਦ ਭੋਜਨ ਹੈ। ਜੰਗ ਲੱਗੇ ਟੀਨ ਦੇ ਕੈਨ ਵਿੱਚ ਉਹ ਰੋਜ਼ ਪੰਜ ਲੀਟਰ ਪਾਣੀ ਪੀਂਦਾ ਹੈ। ਜਾਨਵਰ ਦੇ ਚਿਹਰੇ ਨਾਲ ਇੱਕ ਪਾਈਪ ਲਾ ਕੇ ਇਸ ਨੂੰ ਸਿਗਰਟ ਵਜੋਂ ਵਰਤਦਾ ਹੈ। ਆਪਣੇ ਜਵਾਨੀ ਵਿੱਚ ਜਜ਼ਬਾਤੀ ਸਦਮੇ ਤੋਂ ਬਾਅਦ ਉਸ ਨੇ ਵੱਖਰੀ ਜ਼ਿੰਦਗੀ ਜਿਉਣ ਦਾ ਫੈਸਲਾ ਕੀਤਾ ਸੀ। ਉਹ ਪਿੰਡ ਤੋਂ ਦੂਰ ਮਿੱਟੀ ਦੇ ਖੱਡਿਆਂ ਵਿੱਚ ਰਹਿੰਦਾ ਹੈ ਤੇ ਆਪਣਾ ਚਿਹਰਾ ਨੇੜਿਓਂ ਲੰਘਦੀਆਂ ਕਾਰਾਂ ਦੇ ਸ਼ੀਸ਼ਿਆਂ ਵਿੱਚੋਂ ਵੇਖਦਾ ਹੈ।





















# ਟੋਇੰਗ ਇੰਡਸਟਰੀ ਦੇ ਦੋਸ਼ਾਂ ਵਿੱਚ ਓਪੀਪੀ ਨੇ 3 ਅਧਿਕਾਰੀਆਂ ਨੂੰ ਕੀਤਾ ਚਾਰਜ, 4 ਸਸਪੈਂਡ

ਓਨਟਾਰੀਓ, 21 ਜਨਵਰੀ (ਪੋਸਟ ਬਿਊਰੋ) : ਟੋਇੰਗ ਇੰਡਸਟਰੀ ਦੇ ਸਬੰਧ ਵਿੱਚ ਕੀਤੀ ਗਈ ਜਾਂਚ ਦੇ ਮਾਮਲੇ ਵਿੱਚ ਤਿੰਨ ਓਪੀਪੀ ਅਧਿਕਾਰੀਆਂ ਨੂੰ ਚਾਰਜ ਕੀਤਾ ਗਿਆ ਹੈ ਜਦਕਿ ਚਾਰ ਹੋਰਨਾਂ ਨੂੰ ਸਪਸਪੈਂਡ ਕਰ ਦਿੱਤਾ ਗਿਆ ਹੈ।

ਫਰਵਰੀ 2019 ਵਿੱਚ ਇਸ ਮਾਮਲੇ ਦੀ ਜਾਂਚ ਉਸ ਸਮੇਂ ਸ਼ੁਰੂ ਹੋਈ ਜਦੋਂ ਅੰਦਰੂਨੀ ਤੌਰ ਉੱਤੇ ਇਹ ਸ਼ਿਕਾਇਤ ਮਿਲੀ ਕਿ ਹਾਈਵੇਅ ਸੇਫਟੀ ਡਵੀਜ਼ਨ ਦੇ ਓਪੀਪੀ ਅਧਿਕਾਰੀਆਂ ਵੱਲੋਂ ਜੀਟੀਏ ਦੇ ਟੋਅ ਆਪਰੇਟਰਾਂ ਨਾਲ ਨਰਮ ਵਿਵਹਾਰ ਕੀਤਾ ਜਾ ਰਿਹਾ ਹੈ।



ਪ੍ਰੋਵਿੰਸ਼ੀਅਲ ਕਾਂਸਟੇਬਲ ਸਾਇਮਨ ਬ੍ਰਾਇਡਲ, ਜੋ ਕਿ ਪਿਛਲੇ 20 ਸਾਲਾਂ ਤੋਂ ਓਪੀਪੀ ਦੀ ਹਾਈਵੇਅ ਸੇਫਟੀ ਡਵੀਜ਼ਨ ਵਿੱਚ ਤਾਇਨਾਤ ਸੀ, ਓਪੀਪੀ ਟੋਰਾਂਟੋ ਡਿਟੈਚਮੈਂਟ ਨਾਲ ਕੰਮ ਕਰਨ ਵਾਲੇ 24 ਸਾਲਾ ਪ੍ਰੋਵਿੰਸ਼ੀਅਲ ਕਾਂਸਟੇਬਲ ਮੁਹੰਮਦ(ਅਲੀ)ਹੁਸੈਨ ਨੂੰ ਸੀਕ੍ਰੇਟ ਕਮਿਸ਼ਨਜ਼ ਐਂਡ ਬ੍ਰੀਚ ਆਫ ਟਰਸਟ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ।

ਹਾਈਵੇਅ ਸੇਫਟੀ ਡਵੀਜ਼ਨ ਨਾਲ 20 ਸਾਲਾਂ ਤੋਂ ਕੰਮ ਕਰਨ ਵਾਲੇ ਪ੍ਰੋਵਿੰਸ਼ੀਅਲ ਕਾਂਸਟੇਬਲ ਬਿੰਦੋ ਸੋਵਾਨ ਦੇ ਸਬੰਧ ਵਿੱਚ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ ਹਨ, ਕਿਉਂਕਿ ਉਹ ਇਸ ਸਮੇਂ ਪ੍ਰੋਵਿੰਸ ਵਿੱਚ ਨਹੀਂ ਹੈ। ਤਿੰਨਾ ਅਧਿਕਾਰੀਆਂ ਨੂੰ ਜਾਂ ਤਾਂ ਸਸਪੈਂਡ ਕਰ ਦਿੱਤਾ ਗਿਆ ਹੈ ਜਾਂ ਤਨਖਾਹ ਸਮੇਤ ਸਸਪੈਂਡ ਕੀਤਾ ਜਾਵੇਗਾ। ਇਨ੍ਹਾਂ ਤੋਂ ਇਲਾਵਾ ਹਾਈਵੇਅ ਸੇਫਟੀ ਡਵੀਜ਼ਨ ਦੇ ਦੋ ਕਮਿਸ਼ਨਡ ਆਫੀਸਰਜ਼ ਸਮੇਤ ਚਾਰ ਹੋਰਨਾਂ ਅਧਿਕਾਰੀਆਂ ਨੂੰ ਤਨਖਾਹ ਸਮੇਤ ਸਸਪੈਂਡ ਕਰ ਦਿੱਤਾ ਗਿਆ ਹੈ। ਉਨ੍ਹਾਂ ਨੂੰ ਅਜੇ ਤੱਕ ਚਾਰਜ ਨਹੀਂ ਕੀਤਾ ਗਿਆ। ਇੱਕ 52 ਸਾਲਾ ਸਿਵਲੀਅਨ ਸੁਬੇਸਕੁਮਾਰ ਸਿਥਾਂਬਰਪਿੱਲੇ ਨੂੰ ਚਾਰਜ ਕੀਤਾ ਗਿਆ ਹੈ। ਉਸ ਨੂੰ 16 ਅਪਰੈਲ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਕਰਫਿਊ ਦੇ ਹੱਕ ਵਿੱਚ ਹਨ ਬਹੁਤੇ ਕੈਨੇਡੀਅਨ : ਰਿਪੋਰਟ

ਓਨਟਾਰੀਓ, 21 ਜਨਵਰੀ (ਪੋਸਟ ਬਿਊਰੋ) : ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਜੇ ਰਾਤ ਦਾ ਕਰਫਿਊ ਲਾਉਣ ਦੀ ਨੌਬਤ ਆਉਂਦੀ ਹੈ ਤਾਂ ਲੱਗਭਗ ਦੋ ਤਿਹਾਈ ਕੈਨੇਡੀਅਨ ਅਜਿਹਾ ਕਰਨ ਦੇ ਹੱਕ ਵਿੱਚ ਹਨ।

ਇੱਕ ਨਵੇਂ ਸਰਵੇਖਣ ਤੋਂ ਇਹ ਸਾਹ-ਮਣੇ ਆਇਆ ਹੈ ਕਿ ਭਾਵੇਂ ਉਹ ਇਸ ਲਈ ਰਾਜ਼ੀ ਨਹੀਂ ਹਨ ਕਿ ਇਹ ਪ੍ਰਭਾਵਸ਼ਾਲੀ ਹੋਵੇਗਾ।

ਲੈਗਰ ਤੇ ਐਸੋਸਿਏਸ਼ਨ ਫੌਰ ਕੈਨੇਡੀਅਨ ਸਟੱਡੀਜ਼ ਵੱਲੋਂ ਕਰਵਾਏ ਗਏ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ ਕੈਨੇਡੀਅਨਾਂ ਵਿੱਚੋਂ 65 ਫੀ ਸਦੀ ਨੇ ਆਖਿਆ ਕਿ ਜੇ ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਸਿਫਾਰਿਸ਼ ਕੀਤੀ ਜਾਂਦੀ ਹੈ ਤਾਂ ਉਹ ਪ੍ਰੋਵਿੰਸ ਵਿੱਚ ਲਾਏ ਜਾਣ ਵਾਲੇ ਆਰਜ਼ੀ ਕਰਫਿਊ ਦਾ ਸਮਰਥਨ ਕਰਦੇ ਹਨ।



ਕਿਊਬਿਕ, ਜਿੱਥੇ ਸਰਕਾਰ ਨੇ 10 ਦਿਨ ਪਹਿਲਾਂ ਇੱਕ ਮਹੀਨੇ ਦਾ ਕਰਫਿਊ ਲਾਇਆ ਸੀ, ਵਾਸੀਆਂ ਵਿੱਚੋਂ 74 ਫੀ ਸਦੀ ਨੇ ਆਖਿਆ ਕਿ ਉਹ ਇਸ ਕਦਮ ਦਾ ਸਮਰਥਨ ਕਰਦੇ ਹਨ।

ਫਿਰ ਵੀ 57 ਫੀ ਸਦੀ ਕਿਊਬਿਕ ਵਾਸੀਆਂ ਤੇ ਬਾਕੀ ਦੇਸ਼ ਵਾਸੀਆਂ ਵਿੱਚੋਂ ਇਸ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 39 ਫੀ ਸਦੀ ਲੋਕਾਂ ਨੇ ਆਖਿਆ ਕਿ ਉਨ੍ਹਾਂ ਦੇ ਹਿਸਾਬ ਨਾਲ ਕਰੋਨਵਾਇਰਸ ਦੇ ਮਾਮਲਿਆਂ ਨੂੰ ਅੱਗੇ ਫੈਲਣ ਤੋਂ ਰੋਕਣ ਦਾ ਕਰਫਿਊ ਪ੍ਰਭਾਵਸ਼ਾਲੀ ਤਰੀਕਾ ਹਨ। ਇਹ ਸਰਵੇਖਣ 1516 ਕੈਨੇਡੀਅਨਾਂ ਉੱਤੇ ਕੀਤਾ ਗਿਆ।ਲੈਗਰ ਦੇ ਐਗਜ਼ੈਕਟਿਵ ਵਾਈਜ਼ ਪ੍ਰੈਜ਼ੀਡੈਂਟ ਕ੍ਰਿਸਚੀਅਨ ਬੁਰਕ ਨੇ ਆਖਿਆ ਕਿ ਨਤੀਜੇ ਦਰਸਾਉਂਦੇ ਹਨ ਕਿ ਕੈਨੇਡੀਅਨ ਆਪਣੇ ਹਿੱਸੇ ਦਾ ਕੰਮ ਕਰਨਾ ਚਾਹੁੰਦੇ ਹਨ ਤੇ ਆਪਣੀਆਂ ਸਰਕਾਰਾਂ ਦੇ ਨਾਲ ਖੜ੍ਹਨਾ ਚਾਹੁੰਦੇ ਹਨ। ਪਰ ਇਹ ਵੀ ਆਖਿਆ ਗਿਆ ਕਿ ਮਹਾਂਮਾਰੀ ਦੇ ਲੰਮਾਂ ਖਿੱਚੇ ਜਾਣ ਕਾਰਨ ਕੈਨੇਡੀਅਨਾਂ ਦੀ ਮਾਨਸਿਕ ਸਿਹਤ ਉੱਤੇ ਅਸਰ ਪੈ ਰਿਹਾ ਹੈ।

21 ਫੀ ਸਦੀ ਨੇ ਆਪਣੀ ਮਾਨਸਿਕ ਸਿਹਤ ਨੂੰ ਕਾਫੀ ਮਾੜਾ ਦੱਸਿਆ, 32 ਫੀ ਸਦੀ ਨੇ ਆਪਣੀ ਮਾਨਸਿਕ ਸਿਹਤ ਨੂੰ ਬਹੁਤ ਵਧੀਆ ਦੱਸਿਆ, 45 ਫੀ ਸਦੀ ਨੇ ਆਪਣੀ ਮਾਨਸਿਕ ਸਿਹਤ ਨੂੰ ਚੰਗਾ ਦੱਸਿਆ। 59 ਫੀ ਸਦੀ ਨੇ ਆਖਿਆ ਕਿ ਉਨ੍ਹਾਂ ਨੂੰ ਕੋਵਿਡ-19 ਹੋਣ ਦਾ ਕੁੱਝ ਹੱਦ ਤੱਕ ਜਾਂ ਕਾਫੀ ਡਰ ਹੈ। 71 ਫੀ ਸਦੀ ਨੇ ਆਖਿਆ ਕਿ ਜਦੋਂ ਵੈਕਸੀਨ ਉਪਲਬਧ ਹੋਵੇਗੀ ਤਾਂ ਉਹ ਲਵਾਉਣ ਲਈ ਤਿਆਰ ਹਨ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਜ਼ੂਮ-ਮੀਟਿੰਗ ਵਿਚ ਦਿੱਲੀ ਕਿਸਾਨ ਅੰਦੋਲਨ ਦੇ ਹਾਲਤਾਂ ਬਾਰੇ ਵਿਚਾਰਾਂ

*** ਅੰਦੋਲਨ ਵਿਚ ਸ਼ਹੀਦ ਹੋਏ ਕਿਸਾਨਾਂ ਦੀ ਯਾਦ ਵਿਚ ਇਕ ਮਿੰਟ ਦਾ ਮੋਨ ਰੱਖਿਆ ਗਿਆ ***
**ਨਵੇਂ ਸਾਲ ਦੀ ਆਮਦ ਨਾਲ ਸਬੰਧਿਤ ਕਵੀ-ਦਰਬਾਰ ਵੀ ਹੋਇਆ**

ਬਰੈਂਪਟਨ, (ਡਾ. ਝੰਡ) -ਲੰਘੇ ਐਤਵਾਰ 17 ਜਨਵਰੀ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ ਹੋਈ ਜ਼ੂਮ-ਮੀਟਿੰਗ ਦਿੱਲੀ ਦੇ ਬਰੂਹਾਂ 'ਤੇ ਪਿਛਲੇ 54 ਦਿਨਾਂ ਤੋਂ ਚੱਲ ਰਹੇ ਕਿਸਾਨ ਅੰਦੋਲਨ ਨੂੰ ਸਮੱਰਪਿਤ ਰਹੀ। ਮੀਟਿੰਗ ਵਿਚ ਮੈਂਬਰਾਂ ਵੱਲੋਂ ਇਸ ਸੰਘਰਸ਼ ਦੀ ਅਜੋਕੀ ਹਾਲਤ ਬਾਰੇ ਗੰਭੀਰ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਦੇ ਆਰੰਭ ਵਿਚ ਇਸ ਅੰਦੋਲਨ ਵਿਚ ਸ਼ਹੀਦ ਹੋਏ 121 ਕਿਸਾਨਾਂ ਦੀ ਆਤਮਿਕ ਸ਼ਾਂਤੀ ਲਈ ਇਕ ਮਿੰਟ ਦਾ ਮੋਨ ਰੱਖ ਕੇ ਉਨ੍ਹਾਂ ਨੂੰ ਭਾਵਪੂਰਤ ਸ਼ਰਧਾਂਜਲੀ ਭੇਂਟ ਕੀਤੀ ਗਈ।



ਸਭਾ ਦੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਵੱਲੋਂ ਇਸ ਜ਼ੂਮ-ਮੀਟਿੰਗ ਵਿਚ ਸ਼ਾਮਲ ਹੋਏ ਮੈਂਬਰਾਂ ਤੇ ਮਹਿਮਾਨਾਂ ਦੇ ਰਸਮੀ ਸੁਆਗਤ ਤੋਂ ਬਾਅਦ ਮੰਚ-ਸੰਚਾਲਕ ਤਲਵਿੰਦਰ ਮੰਡ ਵੱਲੋਂ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਨੂੰ ਦਿੱਲੀ ਵਿਚ ਚੱਲ ਰਹੇ ਕਿਸਾਨੀ ਅੰਦਲਨ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਬੇਨਤੀ ਕੀਤੀ ਗਈ ਜਿਨ੍ਹਾਂ ਨੇ ਦੱਸਿਆ ਕਿ ਇਹ ਅੰਦੋਲਨ ਹੁਣ ਉਸ ਗੰਭੀਰ ਪੜਾਅ ਵਿਚ ਦਾਖ਼ਲ ਹੋ ਗਿਆ ਹੈ ਜਿੱਥੇ ਭਾਰਤ ਸਰਕਾਰ ਕਿਸਾਨਾਂ ਦੀਆਂ ਮੰਗਾਂ ਮੰਨਣ ਲਈ ਅਜੇ ਤਿਆਰ ਨਹੀਂ ਜਾਪਦੀ ਅਤੇ ਓਧਰ ਕਿਸਾਨ ਵੀ ਇਹ ਮੰਗਾਂ ਮਨਵਾਉਣ ਤੋਂ ਬਿਨਾਂ ਘਰਾਂ ਨੂੰ ਵਾਪਸ ਮੁੜਨ ਵਾਲੇ ਨਹੀਂ ਲੱਗਦੇ। ਪੌੜ੍ਹ-ਲੇਖਕ ਪੂਰਨ ਸਿੰਘ ਪਾਂਧੀ ਨੇ ਆਪਣੇ ਸੰਬੋਧਨ ਵਿਚ ਇਸ ਕਿਸਾਨ ਸੰਘਰਸ਼ ਨੂੰ ਭਵਿੱਖ ਵਿਚ ਕਿਸਾਨਾਂ ਦੀ ਹੋਂਦ ਦਾ ਸੁਆਲ ਦੱਸਿਆ, ਜਦਕਿ ਪਿਆਰਾ ਸਿੰਘ ਕੁੱਦੋਵਾਲ ਨੇ ਇਸ ਅੰਦੋਲਨ ਦੇ ਸ਼ਾਂਤੀ ਪੂਰਵਕ ਰਹਿ ਕੇ ਇਸ ਦੇ ਸਫ਼ਲ ਹੋਣ ਦੀ ਕਾਮਨਾ ਕੀਤੀ। ਅਮਰੀਕਾ ਦੇ ਸ਼ਹਿਰ ਨੌਰਥ ਕੈਰੋਲੀਨਾ ਤੋਂ ਇਸ ਜ਼ੂਮ-ਮੀਟਿੰਗ ਵਿਚ ਜੁੜੇ ਡਾ. ਗੁਰਬਖ਼ਸ਼ ਸਿੰਘ ਭੰਡਾਲ ਨੇ ਕਿਸਾਨ ਅੰਦੋਲਨ 'ਤੇ ਕੇਂਦ੍ਰਿਤ ਆਪਣੀ ਕਵਿਤਾ "ਇਹ ਜੋ ਬੈਠੇ ਨੇ, ਇਹ ਬੈਠੇ ਨਹੀਂ ਸਗੋਂ ਇਹ ਤਾਂ ਉੱਠੇ ਨੇ, ਮਸਾਂ-ਮਸਾਂ ਜਾਗੇ ਨੇ ਇਹ ਲੋਕ, ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਏ ਨੇ ....।" ਕਵਿੱਤਰੀ ਸੁਰਜੀਤ ਕੌਰ ਨੇ ਇਸ ਕਿਸਾਨੀ ਸੰਘਰਸ਼ ਵਿਚ ਪਾਏ ਜਾ ਰਹੇ ਔਰਤਾਂ ਦੇ ਭਰਪੂਰ ਯੋਗਦਾਨ ਦਾ ਕਾਵਿਕ ਅੰਦਾਜ਼ ਵਿਚ ਬਾਖ਼ੂਬੀ ਜ਼ਿਕਰ ਕੀਤਾ, ਜਦਕਿ ਡਾ. ਸੁਖਦੇਵ ਸਿੰਘ ਝੰਡ ਨੇ ਸੁਪਰੀਮ ਕੋਰਟ ਵੱਲੋਂ ਬਣਾਈ ਗਈ ਚਾਰ-ਮੈਂਬਰੀ ਕਮੇਟੀ (ਹੁਣ ਤਿੰਨ-ਮੈਂਬਰੀ) ਰਾਹੀਂ ਇਸ ਅੰਦੋਲਨ ਨੂੰ ਹੋਰ ਲਮਕਾਉਣ ਅਤੇ ਕਿਸਾਨ ਆਗੂਆਂ ਤੇ ਇਸ ਅੰਦੋਲਨ ਦੀ ਹਮਾਇਤ ਕਰਨ ਵਾਲਿਆਂ ਨੂੰ ਭਾਰਤ ਸਰਕਾਰ ਦੀ ਏਜੰਸੀ ਐੱਨ.ਆਈ.ਏ. ਵੱਲੋਂ ਭੇਜੇ ਜਾ ਰਹੇ ਜਾ ਰਹੇ ਗ਼ੈਰ-ਕਾਨੂੰਨੀ ਨੋਟਿਸਾਂ ਬਾਰੇ ਗੱਲ ਕੀਤੀ। ਡਾ. ਜਗਮੋਹਨ ਸਿੰਘ ਸੰਘਾ ਨੇ ਕਈ ਸਥਾਨਕ ਟੀ.ਵੀ. ਚੈਨਲਾਂ ਉੱਪਰ ਇਸ ਸੰਘਰਸ਼ ਦੇ ਵਿਰੋਧ ਵਿਚ ਚੱਲ ਰਹੀਆਂ ਬਹਿਸਾਂ ਬਾਰੇ ਆਪਣੀ ਚਿੰਤਾ ਦਾ ਪ੍ਰਗਟਾਵਾ ਕੀਤਾ। ਇਨ੍ਹਾਂ ਤੋਂ ਇਲਾਵਾ ਇਸ ਗੱਲਬਾਤ ਵਿਚ ਉੱਘੇ ਲੇਖਕ ਤੇ ਚਿੰਤਕ ਡਾ. ਅਮਰਜੀਤ ਸਿੰਘ ਬਨਵੈਤ, ਪੀ.ਐੱਸ.ਬੀ. ਸੀਨੀਅਰਜ਼ ਕਲੱਬ ਦੇ ਸਕੱਤਰ ਹਰਚਰਨ ਸਿੰਘ ਰਾਜਪੂਤ, ਸਮਾਜ-ਸੇਵੀ ਕਰਨੈਲ ਸਿੰਘ ਮਰਵਾਹਾ ਅਤੇ ਹਰਜਸਪ੍ਰੀਤ ਕੌਰ ਗਿੱਲ ਨੇ ਵੀ ਭਾਗ ਲਿਆ।

ਮੀਟਿੰਗ ਦੇ ਦੂਸਰੇ ਭਾਗ ਕਵੀ-ਦਰਬਾਰ ਦੇ ਸੰਚਾਲਕ ਪਰਮਜੀਤ ਢਿੱਲੋਂ ਵੱਲੋਂ ਸੱਭ ਤੋਂ ਪਹਿਲਾਂ ਇਕਬਾਲ ਬਰਾੜ ਨੂੰ ਗੀਤ ਸੁਨਾਉਣ ਦੀ ਬੇਨਤੀ ਕੀਤੀ ਗਈ ਜਿਨ੍ਹਾਂ ਨੇ ਆਪਣੀ ਸੁਰੀਲੀ ਆਵਾਜ਼ ਵਿਚ ਇਕ ਗੀਤ ਗਾਇਆ। ਉਪਰੰਤ, ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਆਪਣੀ ਕਵਿਤਾ 'ਅੰਨਦਾਤੇ ਦੀ ਬਰਾਤ' ਪੇਸ਼ ਕੀਤੀ ਗਈ। ਮੀਤਾ ਖੰਨਾਂ, ਰਿੰਕੂ ਭਾਟੀਆ ਤੇ ਪਰਮਜੀਤ ਗਿੱਲ ਵੱਲੋਂ ਆਪਣੀਆਂ ਖ਼ੂਬਸੂਰਤ ਆਵਾਜ਼ਾਂ ਵਿਚ ਗੀਤ ਸੁਣਾਏ ਗਏ। ਇਸ ਸਿਲਸਿਲੇ ਨੂੰ ਅੱਗੇ ਤੋਰਦਿਆਂ ਹੋਇਆਂ ਸੁਰਜੀਤ ਕੌਰ, ਡਾ. ਜਗਮੋਹਨ ਸੰਘਾ, ਕਰਨ ਅਜਾਇਬ ਸਿੰਘ ਸੰਘਾ, ਮਕਸੂਦ ਚੌਧਰੀ, ਪਿਆਰਾ ਸਿੰਘ ਕੁਦੋਵਾਲ, ਸੁਖਦੇਵ ਝੰਡ, ਤਲਵਿੰਦਰ ਮੰਡ, ਪਰਮਜੀਤ ਢਿੱਲੋਂ, ਪਰਮਜੀਤ ਦਿਓਲ, ਹਰਜਸਪ੍ਰੀਤ ਗਿੱਲ, ਕੁਲਦੀਪ, ਰਮਿੰਦਰ ਵਾਲੀਆ ਤੇ ਅਰੋੜਾ ਸਾਹਿਬ ਵੱਲੋਂ ਕਿਸਾਨ ਅੰਦੋਲਨ ਅਤੇ ਨਵੇਂ ਸਾਲ ਦੀ ਆਮਦ ਨਾਲ ਸਬੰਧਿਤ ਆਪਣੀਆਂ ਕਵਿਤਾਵਾਂ ਪੇਸ ਕੀਤੀਆਂ ਗਈਆਂ। ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਕਿਸਾਨੀ ਸੰਘਰਸ਼ ਨਾਲ ਜੁੜੇ ਹੋਏ ਇਸ ਜ਼ੂਮ ਸਮਾਗਮ ਵਿਚ ਭਾਗ ਲੈਣ ਵਾਲਿਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

# ਲੇਖਕ ਪੂਰਨ ਸਿੰਘ ਪਾਂਧੀ ਵੱਲੋ ਦਿੱਲੀ 'ਚ ਚੱਲ ਰਹੇ ਕਿਸਾਨੀ ਸੰਘਰਸ਼ ਲਈ ਇਕ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਭੇਜੀ ਗਈ

ਬਰੈਂਪਟਨ, -(ਡਾ. ਝੰਡ) - ਪ੍ਰਾਪਤ ਜਾਣਕਾਰੀ ਅਨੁਸਾਰ ਬਰੈਂਪਟਨ ਦੇ ਉੱਘੇ ਪੰਜਾਬੀ ਲੇਖਕ ਪੂਰਨ ਸਿੰਘ ਪਾਂਧੀ ਵੱਲੋਂ ਦਿੱਲੀ ਦੇ ਬਰੂਹਾਂ 'ਤੇ ਪਿਛਲੇ 50 ਦਿਨਾਂ ਤੋਂ ਵੱਧ ਚੱਲ ਰਹੇ ਕਿਸਾਨੀ ਸੰਘਰਸ਼ ਲਈ ਇਕ ਲੱਖ ਰੁਪਏ ਦੀ ਰਾਸ਼ੀ ਭੇਜੀ ਗਈ ਹੈ। ਉਨ੍ਹਾਂ ਵੱਲੋਂ ਚੁੱਕੇ ਗਏ ਇਸ ਉਸਾਰੂ ਕਦਮ ਦੀ ਪਿੰਡ-ਵਾਸੀਆਂ ਅਤੇ ਹੋਰ ਇਲਾਕਾ-ਵਾਸੀਆਂ ਵੱਲੋਂ ਭਰਪੂਰ ਸਰਾਹਨਾ ਕੀਤੀ ਜਾ ਰਹੀ ਹੈ।



ਇੱਥੇ ਇਹ ਜ਼ਿਕਰਯੋਗ ਹੈ ਕਿ ਮੋਗਾ ਜ਼ਿਲੇ ਵਿਚ ਸਥਿਤ ਪਾਂਧੀ ਸਾਹਿਬ ਦੇ ਜੱਦੀ ਪਿੰਡ ਰਾਮੂੰਵਾਲਾ ਦੇ ਨੌਜੁਆਨ ਤੇ ਬਜ਼ੁਰਗ ਕਿਸਾਨ ਇਸ ਕਿਸਾਨੀ ਅੰਦੋਲਨ ਵਿਚ ਵੱਧ ਚੜ੍ਹ ਕੇ ਹਿੱਸਾ ਪਾ ਰਹੇ ਹਨ ਅਤੇ ਉਹ ਇਸ ਪਿੰਡ ਵਿੱਚੋਂ ਕਾਫ਼ੀ ਟਰੈੱਕਟਰ-ਟਰਾਲੀਆਂ ਲੈ ਕੇ ਪਿਛਲੇ ਕਈ ਦਿਨਾਂ ਤੋਂ ਦਿੱਲੀ ਦੀਆਂ ਬਰੂਹਾਂ 'ਤੇ ਲੱਗੇ ਹੋਏ ਕਿਸਾਨ ਮੋਰਚੇ ਵਿਚ ਡਟੇ ਹੋਏ ਹਨ।

ਇਸ ਦੇ ਨਾਲ ਹੀ ਪਿਛਲੇ ਕਈ ਸਾਲਾਂ ਤੋਂ ਪਿੰਡ ਦੇ ਨੌਜੁਆਨ ਆਪਣੇ ਪਿੰਡ ਨੂੰ ਆਦਰਸ਼ਕ ਪਿੰਡ ਬਨਾਉਣ ਲਈ ਸਿਰਤੋੜ ਯਤਨ ਕਰ ਰਹੇ ਹਨ ਅਤੇ ਪਾਂਧੀ ਸਾਹਿਬ ਉਨ੍ਹਾਂ ਨੂੰ ਵੀ ਗਾਹੇ-ਬਗਾਹੇ ਪਾਂਧੀ ਸਾਹਿਬ ਉਤਸ਼ਾਹਿਤ ਕਰਦੇ ਰਹਿੰਦੇ ਹਨ। ਇਹ ਇਕ ਲੱਖ ਰੁਪਏ ਦੀ ਰਾਸ਼ੀ ਉਨ੍ਹਾਂ ਨੇ ਮੋਗੇ ਸ਼ਹਿਰ ਵਿਚ ਰਹਿੰਦੀ ਆਪਣੀ ਬੇਟੀ ਦੇ ਰਾਹੀਂ ਭੇਜਣ ਦਾ ਸਾਰਥਿਕ ਕਦਮ ਉਠਾਇਆ ਹੈ। ਉਨ੍ਹਾਂ ਵੱਲੋਂ ਲਏ ਗਏ ਇਸ ਉਸਾਰੂ ਫ਼ੈਸਲੇ ਦੀ ਬਰੈਂਪਟਨ ਵਿਚ ਵੀ ਕਾਫ਼ੀ ਚਰਚਾ ਹੋ ਰਹੀ ਹੈ।

# ਮਨਾਲੀ ਵਿੱਚ ਖੇਤੀ ਕਾਨੂੰਨਾਂ ਖਿਲਾਫ ਬੋਲੇ ਪੰਜਾਬੀ ਕਿਸਾਨ ਨੂੰ ਜ਼ੁਰਮਾਨਾ

ਮਨਾਲੀ, 21 ਜਨਵਰੀ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਦੀ ਸੈਰਗਾਹ ਮਨਾਲੀ ਦੀ ਪੁਲਸ ਨੇ ਕੇਂਦਰੀ ਖੇਤੀ ਕਾਨੂੰਨਾਂ ਦੇ ਖਿਲਾਫ ਅਨੋਖੇ ਤਰੀਕੇ ਨਾਲ ਪ੍ਰਚਾਰ ਕਰ ਰਹੇ ਕੁਲਬੀਰ ਸਿੰਘ ਨੂੰ ਪੰਜ ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ। ਕੁਲਬੀਰ ਸਿੰਘ ਜ਼ਿਲ੍ਹਾ ਲੁਧਿਆਣਾ ਦਾ ਵਸਨੀਕ ਹੈ ਤੇ ਉਹ ਇਕੱਲਾ ਆਪਣੇ ਤਰੀਕੇ ਨਾਲ ਖੇਤੀ ਕਾਨੂੰਨਾਂ ਖਿਲਾਫ ਪ੍ਰਚਾਰ ਵਿੱਚ ਕੁੱਦਿਆ ਹੋਇਆ ਹੈ। ਉਸ ਨੇ ਮਨਾਲੀ ਮਾਲ ਰੋਡ 'ਤੇ ਖੇਤੀ ਕਾਨੂੰਨਾਂ ਖਿਲਾਫ ਭਾਸ਼ਣ ਦੇ ਕੇ ਖੇਤੀ ਕਾਨੂੰਨਾਂ ਦੇ ਨੁਕਸਾਨ ਬਾਰੇ ਤੇ ਸਮਾਜ ਦੇ ਹਰ ਤਬਕੇ ਨੂੰ ਦੱਸਿਆ ਅਤੇ ਨੌਜਵਾਨ ਵਰਗ ਨੂੰ ਜਾਗਰੂਕ ਹੋਣ ਦਾ ਸੱਦਾ ਦਿੱਤਾ। ਕੁਲਬੀਰ ਨੇ ਮਨਾਲੀ ਘੁੰਮਣ ਆਏ ਸੈਲਾਨੀਆਂ ਨੂੰ ਸੱਦਾ ਦਿੱਤਾ ਕਿ ਉਹ ਸਿੰਘੂ ਬਾਰਡਰ 'ਤੇ ਜਾਣ। ਮਨਾਲੀ ਪੁਲਸ ਨੇ ਪਤਾ ਲੱਗਦੇ ਸਾਰ ਉਸ ਨੂੰ ਰੋਕ ਦਿੱਤਾ ਅਤੇ ਪੰਜ ਹਜ਼ਾਰ ਰੁਪਏ ਦਾ ਚਲਾਣ ਕੱਟ ਦਿੱਤਾ। ਉਸ ਨੇ ਚਲਾਣ ਕਟਾਉਣ ਮਗਰੋਂ ਇਸ ਚਲਾਣ ਨੂੰ ਗੋਲਡ ਮੈਡਲ ਦੱਸਿਆ ਤੇ ਆਪਣਾ ਪ੍ਰਚਾਰ ਜਾਰੀ ਰੱਖਣ ਦਾ ਪ੍ਰਣ ਕੀਤਾ। ਉਹ ਪਹਿਲਾਂ ਹਵਾਈ ਜਹਾਜ਼ ਵਿੱਚ ਵੀ ਖੇਤੀ ਕਾਨੂੰਨਾਂ ਦੇ ਖਿਲਾਫ ਪ੍ਰਚਾਰ ਕਰ ਕੇ ਚਰਚਾ ਵਿੱਚ ਆਇਆ ਸੀ। ਫਿਰ ਉਸ ਨੇ ਕਾਲਕਾ-ਸ਼ਿਮਲਾ ਰੇਲਗੱਡੀ ਵਿੱਚ ਲੋਕਾਂ ਨੂੰ ਜਾਗਰੂਕ ਕੀਤਾ ਅਤੇ ਤਾਜ ਮਹਿਲ ਵਿੱਚ ਜਾ ਕੇ ਵੀ ਪ੍ਰਚਾਰ ਕਰਆਇਆ ਹੈ।

ਮਨਾਲੀ ਪੁਲਸ ਦੇ ਚਲਾਣ ਮਗਰੋਂ ਕੁਲਬੀਰ ਸਿੰਘ ਨੇ ਕਿਹਾ ਕਿ ਸੰਘਰਸ਼ ਕਰਨੇ ਸੌਖੇ ਨਹੀਂ, ਬੇਇੱਜ਼ਤੀ ਸਹਿਣੀ ਪੈਂਦੀ ਤੇ ਪੱਲਿਓਂ ਪੈਸੇ ਖਰਚਣੇ ਪੈਂਦੇ ਹਨ। ਉਸ ਨੇ ਕਿਹਾ ਕਿ ਹਿਮਾਚਲ ਪ੍ਰਦੇਸ਼ ਵਿੱਚ ਭਾਜਪਾ ਦੀ ਸਰਕਾਰ ਕਿਸਾਨਾਂ ਨੂੰ ਪ੍ਰਚਾਰ ਤੋਂ ਰੋਕ ਰਹੀ ਹੈ। ਉਸ ਦਾ ਕਹਿਣਾ ਸੀ ਕਿ ਮਨਾਲੀ ਪੁਲਸ ਨੇ ਉਸ ਨੂੰ ਥਾਣੇ ਵਿੱਚ ਤਿੰਨ-ਚਾਰ ਘੰਟੇ ਲਗਾਤਾਰ ਜ਼ਲੀਲ ਕੀਤਾ ਹੈ, ਪਰ ਉਹ ਆਪਣਾ ਮਿਸ਼ਨ ਜਾਰੀ ਰੱਖੇਗਾ।

# ਹੌਂਸਲਾ ਗੀਤ ਨੇ ਧਰਨੇ 'ਤੇ ਬੈਠੇ ਕਿਸਾਨਾਂ ਦੇ ਹੌਂਸਲੇ ਕੀਤੇ ਬੁਲੰਦ

ਚੰਡੀਗੜ੍ਹ, 21 ਜਨਵਰੀ (ਗਿਆਨ ਸਿੰਘ): ਕੈਨੇਡਾ ਤੇ ਹੋਰ ਮੁਲਕਾਂ ਵਿੱਚ ਬੈਠੇ ਪੰਜਾਬੀ ਗਾਇਕ ਕਿਸਾਨਾਂ ਦਾ ਗੀਤ ਗਾ ਕੇ ਹੌਂਸਲਾ ਵਧਾਉਣਗੇ।

ਹੌਂਸਲਾ ਗੀਤ ਨੇ ਜਿਥੇ ਧਰਨੇ ਤੇ ਬੈਠੇ ਕਿਸਾਨਾਂ ਦੇ ਹੌਂਸਲੇ ਬੁਲੰਦ ਕੀਤੇ ਉਥੇ ਗੀਤ ਦੇ ਗਾਇਕ ਸੁਰਪ੍ਰੀਤ ਸੰਨੀ ਕੈਨੇਡਾ, ਜੀਤੀ ਫੂਲਵਾਲਾ ਮੌਂਟਰੀਅਲ, ਨਵਜੀਤ ਸ਼ਰਮਾ ਕੈਨੇਡਾ, ਰਾਜ ਸੇਖੋਂ ਯੂ.ਕੇ., ਰਣਜੀਤ ਤੇਜੀ ਅਮਰੀਕਾ, ਬਿਕਰ ਬਾਈ ਆਸਟ੍ਰੇਲੀਆ ਆਦਿ ਸਿੰਗਰਾਂ ਤੋਂ ਇਲਾਵਾ ਸਪੇਨ, ਇੰਗਲੈਂਡ ਆਦਿ ਦੇਸ਼ਾਂ ਦੇ ਸਿੰਗਰਾਂ ਨੇ ਗਾਇਆ ਹੈ। ਪੰਜਾਬ ਤੇ ਭਾਰਤ ਦੇ ਧਰਨੇ ਤੇ ਬੈਠੇ ਕਿਸਾਨਾਂ ਨੇ ਇਸ ਗੀਤ ਨੂੰ ਸੁਣ ਕੇ ਜਿਥੇ ਆਨੰਦ ਮਾਣਦਿਆਂ ਕਿਸਾਨਾਂ ਦੇ ਮੁੱਖੜੇ ਸਰੂਰੇ ਗਏ ਅਤੇ ਉਹਨਾਂ ਨੇ ਭਾਰਤ ਵਿੱਚੋਂ ਬਾਹਰਲੇ ਮੁਲਕਾਂ ਵਿੱਚ ਗਏ ਗਾਇਕਾਂ ਨੂੰ ਮਣਾਂ ਮੂਹੀ ਸ਼ਲਾਘਾ ਕੀਤੀ ਤੇ ਅਸ਼ੀਸਾ ਦਿੱਤੀਆਂ। ਕਿਸਾਨਾਂ ਨੇ ਕਿਹਾ ਕਿ ਇਹੋ ਜਿਹੇ ਗੀਤ ਸਾਨੂੰ ਸਦਾ ਹੀ ਬੁਲੰਦੀਆਂ ਤੇ ਲੈ ਕੇ ਜਾਣਗੇ। ਬਹੁਤ ਹੀ ਜਲਦੀ ਨਵੇਂ ਗੀਤਾਂ ਨਾਲ ਸੁਰਪ੍ਰੀਤ ਸੰਨੀ ਤੇ ਉਸਦੇ ਸਾਰੇ ਸਾਥੀ ਕਲਾਕਾਰ ਹੋਰ ਨਵੇਂ ਗੀਤਾਂ ਦੀ ਐਲਬਮ ਲੈ ਕੇ ਹਾਜ਼ਰ ਹੋਣਗੇ। ਭਾਰਤ ਵਿੱਚੋਂ ਹਜ਼ਾਰਾਂ ਨਹੀਂ ਬਲਕਿ ਲੱਖਾਂ ਫੋਨ ਬਾਹਰ ਦੇ ਸਿੰਗਰਾਂ ਨੂੰ ਜਾ ਰਹੇ ਹਨ ਤੇ ਭਾਰਤ ਵਾਸੀ ਆਸ ਕਰ ਰਹੇ ਹਨ ਕਿ ਕੈਨੇਡਾ ਤੇ ਹੋਰ ਮੁੱਲਕਾਂ ਵਿੱਚ ਬੈਠੇ ਪੰਜਾਬੀ ਗਾਇਕ ਇਸ ਤੋਂ ਵਧੀਆਂ ਗੀਤ ਗਾ ਕੇ ਸਾਡਾ ਹੌਂਸਲਾ ਵਧਾਉਣਗੇ।




Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement


GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਫਿਲਮੀ ਦੁਨੀਆ

## ਹਿੰਦੀ ਸਿਨੇਮਾ ਦੀ ਸਭ ਤੋਂ ਮਹਿੰਗੀ ਫਿਲਮ ਹੋਵੇਗੀ 'ਫਾਈਟਰ'



ਸਾਲ 2019 ਦੀ ਸਭ ਤੋਂ ਵੱਡੀ ਬਲਾਕ ਬਸਟਰ ਫਿਲਮ 'ਵਾਰ' ਦੇਣ ਵਾਲੇ ਰਿਤਿਕ ਰੋਸ਼ਨ ਨੇ ਫਾਈਨਲੀ ਆਪਣੀ ਇੱਕ ਹੋਰ ਐਕਸ਼ਨ ਡਰਾਮਾ ਫਿਲਮ 'ਫਾਈਟਰ' ਦੀ ਆਫੀਸ਼ੀਅਲ ਅਨਾਊਂਸਮੈਂਟ ਹਾਲ ਹੀ ਵਿੱਚ ਕੀਤੀ ਹੈ। ਇਸ ਵਿੱਚ ਪਹਿਲੀ ਵਾਰ ਉਹ ਦੀਪਿਕਾ ਪਾਦੁਕੋਣ ਨਾਲ ਆਉਣਗੇ। ਫਿਲਮ ਨਿਰਦੇਸ਼ਨ ਸਿਧਾਰਥ ਆਨੰਦ ਕਰਨਗੇ। ਦੱਸਿਆ ਗਿਆ ਹੈ ਕਿ 'ਫਾਈਟਰ' ਇੱਕ ਏਰੀਅਲ ਐਕਸ਼ਨ ਡਰਾਮਾ ਹੋਵੇਗੀ, ਇਸ ਲਈ ਇਸ ਦਾ ਬਜਟ ਕਾਫੀ ਹੈਵੀ ਹੋਵੇਗਾ।

ਸੂਤਰਾਂ ਮੁਤਾਬਕ ਫਿਲਮ ਦਾ ਤਕਰੀਬਨ ਬਜਟ 250 ਕਰੋੜ ਹੋਵ-ੇਗਾ। ਇਹ ਬਾਲੀਵੁੱਡ ਦੀਆਂ ਸਭ ਤੋਂ ਵੱਡੀਆਂ ਐਕਸ਼ਨ ਫਿਲਮਾਂ ਵਿੱਚੋਂ ਇੱਕ ਹੋਵੇਗੀ। ਸਿਧਾਰਥ ਫਿਲਹਾਲ ਸ਼ਾਹਰੁਖ ਖਾਨ ਦੇ ਨਾਲ ਫਿਲਮ 'ਪਠਾਨ' ਦੀ ਸ਼ੂਟਿੰਗ ਵਿੱਚ ਬਿਜ਼ੀ ਹਨ। ਉਹ ਜਲਦੀ ਹੀ 'ਪਠਾਨ' ਦੇ ਅਗਲੇ ਸ਼ਡਿਊਲ ਦੀ ਸ਼ੂਟਿੰਗ ਲਈ ਟੀਮ ਦੇ ਨਾਲ ਆਬੂ ਧਾਬੀ ਰਵਾਨਾ ਹੋਣਗੇ। ਸਿਧਾਰਥ ਦੀ ਯੋਜਨਾ ਇਸ ਸਾਲ ਜੂਨ ਤੱਕ 'ਪਠਾਨ' ਦੀ ਸ਼ੂਟਿੰਗ ਖਤਮ ਕਰਨ ਅਤੇ ਦੀਵਾਲੀ ਉੱਤੇ ਇਸ ਫਿਲਮ ਨੂੰ ਰਿਲੀਜ਼ ਕਰਨ ਦੀ ਹੈ। 'ਫਾਈਟਰ' ਵਿੱਚ ਰਿਤਿਕ ਨੂੰ ਤੀਸਰੀ ਵਾਰ ਨਿਰਦੇਸ਼ਿਤ ਕਰ ਰਹੇ ਸਿਧਾਰਥ ਇਸ ਸਾਲ ਦੇ ਅਖੀਰ ਤੱਕ ਇਸ ਫਿਲਮ ਦੀ ਸ਼ੂਟਿੰਗ ਸ਼ੁਰੂ ਕਰ ਸਕਦੇ ਹਨ।

## ਟਿਕਾਣਾ ਨਹੀਂ ਮੇਰੀ ਖੁਸ਼ੀ ਦਾ : ਨੁਸਰਤ

ਨੁਸਰਤ ਭਰੂਚਾ ਖੁਸ਼ ਹੈ ਕਿ ਉਸ ਦੀ ਪਿਛਲੀ ਫਿਲਮ 'ਛਲਾਂਗ' ਨੂੰ ਕਾਫੀ ਪਸੰਦ ਕੀਤਾ ਗਿਆ। ਉਸ ਨੂੰ ਲੱਗਦਾ ਹੈ ਕਿ ਇਹ ਫਿਲਮ ਉਸ ਦੇ ਕਰੀਅਰ ਨੂੰ ਨਵੀਂ ਛਲਾਂਗ ਦੇਣ ਦਾ ਕੰਮ ਕਰੇਗੀ। ਕੋਰੋਨਾ ਮਹਾਮਾਰੀ ਦੇ ਬਾਵਜੂਦ ਪਿਛਲਾ ਸਾਲ ਨੁਸਰਤ ਦੇ ਕਰੀਅਰ ਦੇ ਲਈ ਕਾਫੀ ਚੰਗਾ ਰਿਹਾ, ਕਿਉਂਕਿ ਡਿਜੀਟਲ ਪਲੇਟਫਾਰਮ 'ਤੇ ਰਿਲੀਜ਼ ਉਸ ਦੀ ਫਿਲਮ 'ਛਲਾਂਗ' ਹਿੱਟ ਰਹੀ। ਆਪਣੀ ਇਸ ਫਿਲਮ ਦੀ ਸਫਲਤਾ 'ਤੇ ਉਤਸ਼ਾਹਤ ਨੁਸਰਤ ਦੱਸਦੀ ਹੈ, "ਇਸ ਫਿਲਮ ਵਿੱਚ ਮੈਂ ਇੱਕ ਹਰਿਆਣਵੀ ਟੀਚਰ ਦੀ ਭੂਮਿਕਾ ਨਿਭਾਈ। ਫਿਲਮ ਦੇ ਲਈ ਮੈਂ ਹਰਿਆਣਵੀ ਖੇਤਰੀ ਬੋਲੀ ਸਿੱਖੀ ਅਤੇ ਕੈਮਰੇ ਦੇ ਸਾਹਮਣੇ ਪੂਰੇ ਆਤਮਵਿਸ਼ਵਾਸ ਨਾਲ ਇਸ ਨੂੰ ਬੋਲਿਆ ਵੀ।"

'ਛਲਾਂਗ' ਦਾ ਨਿਰਦੇਸ਼ਨ ਹੰਸਲ ਮਹਿਤਾ ਨੇ ਕੀਤਾ ਹੈ। ਉਨ੍ਹਾਂ ਦੇ ਨਾਲ ਨੁਸਟਤ ਫਿਰ ਕੰਮ ਕਰਨ ਦੀ ਇੱਛਾ ਰੱਖਦੀ ਹੈ। ਨੁਸਰਤ ਨੇ ਕਿਹਾ, "ਮੈਂ ਹਮੇਸ਼ਾ ਹੰਸਲ ਸਰ ਦੇ ਕੰਮ ਦੀ ਵੱਡੀ ਪ੍ਰਸ਼ੰਸਕ ਰਹੀ ਹਾਂ। ਭਾਵੇਂ ਉਹ ਫਿਲਮ 'ਸ਼ਾਹਿਦ' ਹੋਵੇ ਜਾਂ 'ਸਿਟੀਲਾਈਟਸ' ਕਹਾਣੀ, ਕਹਿਣ ਤੇ ਨਿਰਦੇਸ਼ਨ ਕਰਨ ਦੇ ਉਨ੍ਹਾਂ ਦੇ ਤਰੀਕੇ ਨੇ ਮੈਨੂੰ ਹਮੇਸ਼ਾ ਹੈਰਾਨ ਕੀਤਾ ਹੈ। ਜਦੋਂ ਮੈਨੂੰ ਪਤਾ ਲੱਗਾ ਕਿ 'ਛਲਾਂਗ' ਦਾ ਨਿਰਦੇਸ਼ਨ ਕਰ ਰਹੇ ਹਨ ਤਾਂ ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਜੇ ਮੈਨੂੰ ਅੱਗੇ ਵੀ ਮੌਕਾ ਮਿਲਿਆ ਤਾਂ ਉਨ੍ਹਾਂ ਨਾਲ ਕੰਮ ਕਰਨ ਦੀ ਹਾਮੀ ਭਰ ਦਿਆਂਗੀ।" ਨੁਸਰਤ ਦੀਆਂ ਅਗਲੀਆਂ ਫਿਲਮਾਂ ਵਿੱਚ ਹਾਰਰ ਫਿਲਮ 'ਛੋਰੀ' ਸ਼ਾਮਲ ਹੈ, ਜਿਸ ਦੀ ਸ਼ੂਟਿੰਗ ਉਸ ਨੇ ਪਿੱਛੇ ਜਿਹੇ ਪੂਰੀ ਕੀਤੀ ਹੈ। ਇਸ ਦੇ ਇਲਾਵਾ ਪਿੱਛੇ ਜਿਹੇ ਉਸ ਨੇ ਸਨੀ ਕੌਸ਼ਲ ਅਤੇ ਵਿਜੇ ਵਰਮਾ ਨਾਲ ਉਮੰਗ ਕੁਮਾਰ ਦੀ ਫਿਲਮ 'ਜਨਹਿਤ ਮੇਂ ਜਾਰੀ' ਸਾਈਨ ਕੀਤਾ ਹੈ।





## 'ਅਸ਼ਵਥਾਮਾ' ਵਿੱਚ ਵਿੱਕੀ ਦੇ ਆਪੋਜ਼ਿਟ ਹੋਵੇਗੀ ਸਾਰਾ

ਆਦਿੱਤਿਆ ਧਰ ਵੱਲੋਂ ਨਿਰਦੇਸ਼ਿਤ ਫਿਲਮ 'ਦ ਇੰਮਾਰਟਲ ਆਫ ਅਸ਼ਵਥਾਮਾ' ਵਿੱਚ ਵਿੱਕੀ ਕੌਸ਼ਲ ਦੇ ਆਪੋਜ਼ਿਟ ਸਾਰਾ ਅਲੀ ਖਾਨ ਨੂੰ ਫਾਈਨਲ ਕਰ ਲਿਆ ਗਿਆ ਹੈ। ਦੋਵੇਂ ਪਹਿਲੀ ਵਾਰ ਇਕੱਠੇ ਨਜ਼ਰ ਆਉਣਗੇ। ਦੱਸਣਾ ਬਣਦਾ ਹੈ ਕਿ ਕਾਫੀ ਸਮੇਂ ਤੋਂ ਸਾਰਾ ਦੇ ਫਿਲਮ ਵਿੱਚ ਆਉਣ ਦੀਆਂ ਖਬਰਾਂ ਸਨ। ਸੂਤਰਾਂ ਮੁਤਾਬਕ ਅਜਿਹੀ ਖਬਰ ਹੈ ਕਿ ਸਾਰਾ ਬੋਰਡ 'ਤੇ ਆ ਚੁੱਕੀ ਹੈ। ਉਹ ਜਲਦੀ ਹੀ ਫਿਲਮ ਦੀ ਸ਼ੂਟਿੰਗ ਸ਼ੁਰੂ ਕਰੇਗੀ।

ਓਧਰ ਵਿੱਕੀ ਨੇ ਫਿਲਮ ਦੇ ਲਈ ਆਪਣੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਉਹ ਮਿਕਸਡ ਮਾਰਸ਼ਲ ਆਰਟਸ ਦੀ ਟਰੇਨਿੰਗ ਲੈ ਰਹੇ ਹਨ। ਫਿਲਮ ਦੀ ਗੱਲ ਕਰੀਏ ਤਾਂ ਡਾਇਰੈਕਟਰ ਇਸ ਦੀ ਸ਼ੂਟਿੰਗ ਨੂੰ ਲੈ ਕੇ ਕਾਫੀ ਉਤਸੁਕ ਨਜ਼ਰ ਆ ਰਹੇ ਹਨ। ਇਸ ਦੀ ਸ਼ੂਟਿੰਗ ਭਾਰਤ ਸਮੇਤ ਵਿਦੇਸ਼ ਵਿੱਚ ਵੀ ਕੀਤੇ ਜਾਣ ਦੀ ਤਿਆਰੀ ਹੈ। ਫਿਲਮ ਦੀ ਸ਼ੂਟਿੰਗ ਕੁੱਲ ਅੱਸੀ ਤੋਂ ਨੱਬੇ ਦਿਨਾਂ ਤੱਕ ਦੀ ਹੋਵੇਗੀ ਤੇ ਭਾਰਤ ਦੇ ਇਲਾਵਾ, ਗ੍ਰੀਸ, ਨਿਊਜ਼ੀਲੈਂਡ ਅਤੇ ਜਾਪਾਨ ਵਿੱਚ ਵੀ ਕੀਤੀ ਜਾਣੀ ਹੈ।

## ਡਬਲ ਮਰਡਰ ਦੀ ਗੁੱਥੀ ਸੁਲਝਾਉਣਗੇ ਤੁਸ਼ਾਰ



ਬਤੌਰ ਨਿਰਮਾਤਾ ਤੁਸ਼ਾਰ ਕਪੂਰ ਨੇ ਆਪਣੀ ਦੂਸਰੀ ਫਿਲਮ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਦੇ ਪ੍ਰੋਡਕਸ਼ਨ ਵਿੱਚ ਬਣੀ ਪਹਿਲੀ ਫਿਲਮ ਅਕਸ਼ੈ ਕੁਮਾਰ ਦੀ 'ਲਛਮੀ' ਪਿਛਲੇ ਸਾਲ ਡਿਜੀਟਲ ਪਲੇਟਫਾਰਮ 'ਤੇ ਰਿਲੀਜ਼ ਹੋਈ ਸੀ। ਤੁਸ਼ਾਰ ਦੀ ਦੂਸਰੀ ਫਿਲਮ ਦਾ ਨਾਂਅ 'ਮਾਰੀਚ' ਹੋਵੇਗਾ। ਇਹ ਇੱਕ ਮਰਡਰ ਮਿਸਟਰੀ ਥ੍ਰਿਲਰ ਫਿਲਮ ਹੋਵੇਗੀ, ਜਿਸ ਵਿੱਚ ਉਹ ਪ੍ਰੋਡਕਸ਼ਨ ਦੇ ਨਾਲ-ਨਾਲ ਐਕਟਿੰਗ ਵੀ ਕਰਨਗੇ।

ਫਿਲਮ ਵਿੱਚ ਤੁਸ਼ਾਰ ਰਾਜੀਵ ਨਾਂਅ ਦੇ ਇੱਕ ਤੇਜ਼ ਤਰਾਰ ਪੁਲਸ ਇੰਸਪੈਕਟਰ ਦਾ ਕਿਰਦਾਰ ਨਿਭਾਉਣਗੇ। ਇਸ ਫਿਲਮ ਵਿੱਚ ਨਸੀਰੂਦੀਨ ਸ਼ਾਹ ਵੀ ਅਹਿਮ ਭੂਮਿਕਾ ਵਿੱਚ ਹੋਣਗੇ। ਫਿਲਮ ਦਾ ਨਿਰਦੇਸ਼ਨ ਧਰੁਵ ਲਾਥਰ ਕਰਨਗੇ, ਬਤੌਰ ਨਿਰਦੇਸ਼ਕ ਇਹ ਉਨ੍ਹਾਂ ਦੀ ਪਹਿਲੀ ਫੀਚਰ ਫਿਲਮ ਹੋਵੇਗੀ।

## ਇੰਦਰ ਕੁਮਾਰ ਦੀ ਫਿਲਮ 'ਥੈਂਕ ਗੌਡ' ਵਿੱਚ ਅਜੈ ਦੇਵਗਨ



ਅਜੈ ਦੇਵਗਨ ਅਤੇ ਫਿਲਮ ਡਾਇਰੈਕਟਰ ਇੰਦਰ ਕੁਮਾਰ ਦਾ ਸਾਥ ਸਾਲਾਂ ਪੁਰਾਣਾ ਹੈ। 'ਇਸ਼ਕ' ਦੇ ਜ਼ਮਾਨੇ ਤੋਂ ਅੱਜ ਤੱਕ ਉਨ੍ਹਾਂ ਨੇ ਕਈ ਫਿਲਮਾਂ ਇਕੱਠੇ ਕੀਤੀਆਂ ਹਨ। ਇੱਕ ਵਾਰ ਫਿਰ ਇਹ ਜੋੜੀ ਇਕੱਠੇ ਫਿਲਮ ਕਰਨ ਵਾਲੀ ਹੈ। ਫਿਲਮ ਦਾ ਨਾਂਅ 'ਥੈਂਕ ਗੌਡ' ਹੋਵੇਗਾ। ਇਸ ਵਿੱਚ ਅਜੈ ਦੇਵਗਨ ਨਾਲ ਰਕੁਲ ਪ੍ਰੀਤ ਸਿੰਘ ਅਤੇ ਸਿਧਾਰਥ ਮਲਹੋਤਰਾ ਵੀ ਹੋਣਗੇ। ਇਹ ਕਾਮੇਡੀ ਮੂਵੀ ਹੋਵੇਗੀ, ਜਿਸ ਵਿੱਚ ਸੰਦੇਸ਼ ਵੀ ਹੋਵੇਗਾ। ਫਿਲਮ ਦੀ ਸ਼ੂਟਿੰਗ 21 ਜਨਵਰੀ ਤੋਂ ਸ਼ੁਰੂ ਹੋਵੇਗੀ।

ਫਿਲਮ ਨਿਰਮਾਤਾ ਹਨ ਭੂਸ਼ਣ ਕੁਮਾਰ, ਕ੍ਰਿਸ਼ਨ ਕੁਮਾਰ, ਅਸ਼ੋਕ ਠਕੇਰੀਆ, ਸੁਨੀਰ ਖੇਤਰਵਾਲ, ਦੀਪਕ ਮੁਕੁਟ, ਆਨੰਦ ਪੰਡਿਤ ਤੇ ਇੰਦਰ ਕੁਮਾਰ। ਫਿਲਮ ਨੂੰ ਵੱਡੇ ਸਕੇਲ 'ਤੇ ਬਣਾਇਆ ਜਾਏਗਾ। ਇੰਦਰ ਕੁਮਾਰ ਦੀ ਪਿਛਲੀ ਫਿਲਮ 'ਟੋਟਲ ਧਮਾਲ' (2019) ਵਿੱਚ ਵੀ ਅਜੈ ਨਜ਼ਰ ਆਏ ਸਨ ਅਤੇ ਇਹ ਫਿਲਮ ਬਾਕਸ ਆਫਿਸ 'ਤੇ ਹਿੱਟ ਰਹੀ ਸੀ।

## 'ਮਹਾਭਾਰਤ' ਦੇ ਅਡੈਪਟੇਸ਼ਨ ਵਿੱਚ ਕਰਣ ਬਣ ਸਕਦੇ ਹਨ ਸ਼ਾਹਿਦ ਕਪੂਰ



ਸ਼ਾਹਿਦ ਕਪੂਰ ਦੀ ਆਉਣ ਵਾਲੀ ਫਿਲਮ 'ਜਰਸੀ' ਪੂਰੀ ਹੋ ਚੁੱਕੀ ਹੈ। ਇਸ ਦੀ ਰਿਲੀਜ਼ ਡੇਟ ਵੀ ਅਨਾਊਂਸ ਕਰ ਦਿੱਤੀ ਗਈ ਹੈ। ਇਹ ਫਿਲਮ ਪੰਜ ਨਵੰਬਰ 2021 ਨੂੰ ਰਿਲੀਜ਼ ਹੋਵੇਗੀ।

ਨਵੀਂ ਖਬਰ ਹੈ ਕਿ ਸ਼ਾਹਿਦ ਡਾਇਰੈਕਟਰ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਦੇ ਅਗਲੇ ਪ੍ਰੋਜੈਕਟ, ਜੋ 'ਮਹਾਭਾਰਤ' ਦਾ ਅਡੈਪਟੇਸ਼ਨ ਹੈ, ਵਿੱਚ ਕਰਣ ਦੀ ਭੂਮਿਕਾ ਨਿਭਾ ਸਕਦੇ ਹਨ। ਇਹ ਸਪੱਸ਼ਟ ਨਹੀਂ ਹੋਇਆ ਕਿ ਫਿਲਮ ਵਿੱਚ ਫਿਊਚਰ ਦੀ ਕਹਾਣੀ ਹੋਵੇਗੀ ਜਾਂ ਪੂਰੀ ਮਾਇਥਾਲੋਜੀਕਲ ਹੀ ਬਣੇਗੀ। ਸੂਤਰਾਂ ਮੁਤਾਬਕ ਰਾਕੇਸ਼ ਓਮ ਪ੍ਰਕਾਸ਼ ਹਮੇਸ਼ਾ ਤੋਂ ਕਰਣ 'ਤੇ ਆਧਾਰਤ ਪ੍ਰੋਜੈਕਟ ਬਣਾਉਣਾ ਚਾਹੁੰਦੇ ਹਨ। ਰੌਨੀ ਸਕਰੂਵਾਲਾ ਇਸ ਦੇ ਪ੍ਰੋਡਿਊਸਰ ਹੋਣਗੇ।

